# ਸਮਤਾ

ਮਈ 1983 (ਅੰਕ 36)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਈ 1983
ਮੁੱਲ—ਦੋ ਰੁਪਏ
36

## ਇਸ ਅੰਕ ਵਿਚ

**ਪਾਠਕ ਲੇਖਕ ਫੋਰਮ** (1) ਲੋਕ ਪੱਖੀ ਪਾਰਟੀ ਬਾਰੇ—ਸੁਖਦੇਵ ਸਿੰਘ ਪਾਂਧੀ, ਦੇਵਾ ਸਿੰਘ ਮਾਹਲ।

**ਪਾਠਕ ਲੇਖਕ ਫੋਰਮ** (2) ਅਨੰਦਪੁਰ ਰੈਜ਼ੂਲੇਸ਼ਨ ਬਾਰੇ ਗੁਰਬਖਸ਼ ਜੱਸ, ਨਛੱਤਰ ਸਿੰਘ ਪ੍ਰੇਮੀ, ਸਰਬਜੀਤ ਸਿੰਘ ਤਲਾਵਾ, ਸੁਖਦੇਵ ਸਿੰਘ, ਦਰਸ਼ਨ ਸਿੰਘ ਨੱਤ, ਮਹਿੰਦਰ ਮਟੂ ਅਤੇ ਡਾ. ਮਨਜੀਤ ਸਿੰਘ, ਡਾ. ਸੁੱਚਾ ਸਿੰਘ ਗਿੱਲ।

**ਕਵਿਤਾਵਾਂ :** ਸੁਰਜੀਤ ਆਲਮ, ਜਗਜੀਤ ਮਾਨਵ, ਸੁਰਜੀਤ ਬਰਾੜ ਹਿੰਦੀ ਕਵਿਤਾ,ਵਿਸ਼ੰਭਰਨਾਥ ਉਪਾਧਿਆਏ (ਸੀਤ ਲਹਿਰ) ਅਨੁਵਾਦਕ ਹਰਮਿੰਦਰ ਸਿੰਘ ਬੇਦੀ, ਦਲਬੀਰ ਆਸੀ।

**ਹਿੰਦੀ ਕਹਾਣੀ :** ਨੀਚ—ਦਿਨੇਸ਼ ਧਾਲੀਵਾਲ ਅਨੁਵਾਦਕ : ਗੁਰਦਿਆਲ ਦਲਾਲ।

ਸੰਪਾਦਕੀ—

## ...ਤੇ ਸਰਕਾਰ ਚਲ ਰਹੀ ਹੈ

ਸਰਕਾਰ ਨਾਂ ਦੀ ਕੋਈ ਚੀਜ਼ ਇਸ ਦੇਸ਼ ਵਿਚ ਅਤੇ ਖਾਸ ਕਰਕੇ ਪੰਜਾਬ ਵਿਚ ਹੁਣ ਸਥਾਪਤ ਨਹੀਂ। ਇਹ ਮੈਨੂੰ ਵੀ ਪਤਾ ਹੈ, ਤੁਹਾਨੂੰ ਵੀ ਪਤਾ ਹੈ, ਸਾਨੂੰ ਸਾਰਿਆਂ ਨੂੰ ਪਤਾ ਹੈ, ਪਰ ਫੇਰ ਵੀ ਇਹ ਸਰਕਾਰ ਚਲ ਰਹੀ ਹੈ—

- ਉਹ ਮੰਗਾਂ ਮੰਗ ਰਹੇ ਲੋਕਾਂ ਨੂੰ ਸਿਧੀਆਂ ਗੋਲੀਆਂ ਮਾਰ ਸਕਦੀ ਹੈ (ਕੁਪ ਕਲਾਂ, ਮਲੇਰ ਕੋਟਲਾ, ਭੂਚੋ ਕਲਾਂ...).
- ਉਹ ਜਿਸ ਥਾਂ ਤੋਂ ਤੁਹਾਡੀ ਕਣਕ ਪਿਛਲੇ ਸਾਲ 140/- ਰੁ. ਕਵਿੰਟਲ ਚੁੱਕ ਕੇ ਲੈ ਗਏ ਸਨ, ਉਸੇ ਥਾਂ ਹੁਣ ਬੜੀ ਬੇਸ਼ਰਮੀ ਨਾਲ ਆਟਾ 50/- ਰੁ. ਕਵਿੰਟਲ ਵੇਚ ਸਕਦੇ ਹਨ ਅਤੇ ਕਲਕੱਤਾ ਅਤੇ ਬੰਬਈ ਵਿਚ ਉਸੇ ਕਣਕ ਦਾ ਆਟਾ 450/- ਰੁ. ਕਵਿੰਟਲ ਵੇਚ ਸਕਦੇ ਹਨ।
- ਰਜੀਵ ਗਾਂਧੀ ਦੇ ਚੰਡੀਗੜ੍ਹ ਆਉਣ ਤੇ ਲੋਕਾਂ ਦੇ ਚੁਣੇ ਹੋਏ ਕਥਿਤ ਨੁਮਾਇੰਦੇ ਜਿਨ੍ਹਾਂ ਨੂੰ ਐਮ. ਐਲ. ਏ. ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਬੜੀ ਬੇਸ਼ਰਮੀ ਨਾਲ ਉਸੇ ਤਰ੍ਹਾਂ ਉਹਦੇ ਕਮਰੇ ਅੱਗੇ 'ਕਿਊ' ਵਿਚ ਖਲੋ ਸਕਦੇ ਹਨ, ਜਿਸ ਤਰ੍ਹਾਂ ਸਿਨਮਾ ਘਰਾਂ ਦੀਆਂ ਖਿੜਕੀਆਂ ਅਗੇ ਟਿਕਟਾਂ ਦੀ ਬਲੈਕ ਦਾ ਧੰਦਾ ਕਰਨ ਵਾਲੇ ਖਲੋਂਦੇ ਅਤੇ ਇਕ ਦੂਜੇ ਨਾਲ ਘਸਰਦੇ ਹਨ (21 ਅਪ੍ਰੈਲ ਦੀ ਅਜੀਤ ਅਖਬਾਰ ਵਿਚ ਤਸਵੀਰ) ਮੁਦਾਅ ਕੀ ਹੈ ? ਅਖੇ ਦਰਬਾਰਾ ਸਿੰਘ ਨੂੰ ਕੁਰਸੀ ਤੋਂ ਲਾਹੋ ਅਤੇ ਸਾਨੂੰ ਬਿਠਾਓ—ਮਤਲਬ ਕਿ ਦਰਬਾਰਾ ਧੜੇ ਨੇ ਲੁੱਟਮਾਰ ਕਰ ਲਈ ਹੈ, ਹੁਣ ਸਾਨੂੰ ਵਾਰੀ ਦੇਵੋ।
- ਦਿਲੀ-ਅੰਮ੍ਰਿਤਸਰ ਦੀ ਗੱਲ ਕਿਸੇ ਸਿਰੇ ਚੜ੍ਹਣ ਦੀ ਖਬਰ ਆਂਦੀ ਹੈ ਤਾਂ ਕਿਸੇ ਮਾਸੂਮ ਸ਼ਹਿਰੀ (ਸੌਖੀ ਤਰ੍ਹਾਂ ਉਹ ਨਿਰੰਕਾਰੀ ਕਿਹਾ ਜਾ ਸਕਦਾ ਹੈ) ਨੂੰ ਗੋਲੀ ਨਾਲ ਸ਼ਰੇ-ਆਮ ਮਾਰ ਦਿਤਾ ਜਾਂਦਾ ਹੈ। ਕਾਤਲ ਦਨਦਨਾਦੇ ਨੱਸ ਜਾਂਦੇ ਹਨ। ਲੋਕਾਂ ਉਤੇ ਕ੍ਰੋੜਾਂ ਰੁਪਏ ਦਾ ਟੈਕਸ ਲਗਾ ਕੇ ਬਣਾਈ ਹੋਈ ਖਾਕੀ ਵਰਦੀ ਦੀ ਪੁਲਸ ਉਥੇ ਖੜੀ ਖਲੋਤੀ ਰਹਿ ਜਾਂਦੀ ਹੈ। ਲੋਕ ਕਹਿੰਦੇ ਹਨ ਤੁਸੀਂ ਬੰਦੂਕਾਂ ਰਫਲਾਂ ਲੈ ਕੇ ਖਲੋਤੇ ਹੋ, ਕਾਤਲ ਨੱਸ ਰਹੇ ਹਨ, ਉਹਨਾਂ ਦਾ ਪਿਛਾ ਕਰੋ। ਜਵਾਬ ਮਿਲਦਾ ਹੈ ਸਾਡੀਆਂ ਬੰਦੂਕਾਂ ਵਿਚ ਕਾਰਤੂਸ ਨਹੀਂ, ਰਫਲਾਂ ਵਿਚ ਗੋਲੀਆਂ ਨਹੀਂ ਹਨ (ਇੰਡੀਅਨ ਐਕਸਪ੍ਰੈਸ 24 ਅਪ੍ਰੈਲ) ਉਂਝ ਜਦੋਂ ਮੰਗਾਂ ਮੰਗ ਰਹੇ ਲੋਕਾਂ ਨੂੰ ਤੇ ਰਫਲਾਂ ਮਾਰਨਾ ਹੋਵੇ ਤਾਂ ਬੰਦੂਕਾਂ ਵਿਚ ਕਾਰਤੂਸ ਵੀ ਹੁੰਦੇ ਹਨ ਤੇ ਰਫਲਾਂ ਵਿਚ ਗੋਲੀਆਂ ਵੀ ਹੁੰਦੀਆਂ ਹਨ। ਸੰਤ ਲੌਂਗੋਵਾਲ ਜੀ ਕੋਲੋਂ ਪੁਛਿਆ ਜਾਂਦਾ ਹੈ (ਇਹ ਕਾਤਲ, ਤੁਹਾਡੇ ਖਿਆਲ ਵਿਚ ਕੌਣ ਨੇ ?) (ਸਰਕਾਰ ਦੇ ਬੰਦੇ ਹਨ ਘੜਿਆ ਘੜਾਇਆ ਜਵਾਬ ਹੈ।) 'ਦਰਬਾਰਾ ਸਿੰਘ ਜੀ, ਇਹ ਕੌਣ ਹਨ ?'—ਅਤਿਵਾਦੀ ਹਨ, ਗੁਰੂ ਨਾਨਕ ਨਿਵਾਸ ਵਿਚੋਂ ਆਂਦੇ ਹਨ'—ਉਹਨਾਂ ਦਾ ਵੀ ਘੜਿਆ ਘੜਾਇਆ ਜਵਾਬ ਹੈ। ਸੰਤ ਭਿੰਡਰਾ ਵਾਲਾ ਜੀ, ਇਹ ਕੌਣ ਹਨ ?

'ਮੈਨੂੰ ਕੀ ਪਤਾ ? ਮੈਂ ਹਰ ਸਵਾਲ ਦਾ ਜਵਾਬ ਦੇਣ ਦਾ ਠੇਕਾ ਲਿਆ ਹੋਇਆ ਹੈ ? ਮੇਰਾ ਤਾਂ ਠੇਕਾ ਇਹੋ ਹੈ ਕਿ ਮੰਜੀ ਸਾਹਿਬ ਦੇ ਦੀਵਾਨ ਵਿਚ ਇਕ ਭੜਕੀਲਾ ਭਾਸ਼ਣ ਦੇਣਾ ਹੈ ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਕਰਵਾਉਣੀ ਹੈ' ।

o ਮੀਂਹ ਗੜਿਆਂ ਨੇ ਫਸਲਾਂ ਤਬਾਹ ਕਰ ਦਿਤੀਆਂ ਹਨ ਸਰਕਾਰ ਜੀ, ਕਿਸਾਨਾਂ ਦੀ ਫਸਲਾਂ ਤੋਂ ਏਨਾਂ ਲਾਹਾ ਖੱਟਦੇ ਹੋ, ਉਹਨਾਂ ਦਾ ਨੁਕਸਾਨ ਥੋੜ੍ਹਾ ਭਰ ਦਿਓ । ਕਿਥੋਂ ਭਰ ਦੇਈਏ ?" ਜਵਾਬ ਮਿਲਦਾ ਹੈ ਖਜ਼ਾਨਾ ਖਾਲੀ ਹੈ । ਖਜ਼ਾਨਾ ਤਾਂ ਏਸ਼ੀਆਂ ਖੇਡਾਂ ਵਿਚ ਖਰਚ ਹੋ ਗਿਆ । ਬਾਕੀ ਰਿਹਾ ਸਿਹਾ ਗੁੱਟ ਨਿਰਲੇਪ ਮੁਲਕਾਂ ਦੇ ਮੁਖੀਆਂ ਨੂੰ ਤੰਦੂਰੀ ਮੁਰਗੇ ਖਵਾਉਣ ਵਿਚ ਖਰਚ ਹੋ ਗਿਆ ਹੈ । ਇਹ ਮੁਖੀ ਕੌਣ ਹਨ ? ਤੀਜੀ ਦੁਨੀਆਂ ਦੇ ਮੁਲਕਾਂ ਵਿਚ ਬੜੀਆਂ ਹੀ ਲੋਕ ਦੁਸ਼ਮਣ ਸਰਕਾਰਾਂ ਚਲਾਉਣ ਵਾਲੇ ਹਨ । ਗੁੱਟ ਨਿਰਲੇਪਤਾ . ਦੇ ਨਾਂ ਤੇ ਇਕੱਠੇ ਹੋ ਕੇ ਉਹ ਵਡੀਆਂ ਤਾਕਤਾਂ ਨੂੰ ਕਹਿਣਾ ਚਾਹੁੰਦੇ ਹਨ ਕਿ ਸਾਡੇ ਲੋਕਾਂ ਦੀ ਤੁਸੀਂ ਏਨੀ ਲੁੱਟ ਕਰ ਰਹੇ ਹੋ, ਉਹ ਬੇਸ਼ਕ ਕਰੀ ਜਾਓ, ਪਰ ਸਾਨੂੰ ਵੀ ਵਿਚੋਂ ਹਿਸਾ ਦੇਵੋ—ਤੇ ਇਸ ਗੁੱਟ ਨਿਰਲੇਪਤਾ ਵਿਚ ਸਾਡਾ ਸੌ ਕ੍ਰੋੜ ਰੁਪਿਆ ਰੁੜ ਗਿਆ ਹੈ । ਸਾਡੀ ਬੀਬੀ ਨੇ ਨਾਂ ਖੱਟ ਲਿਆ ਹੈ । ਉਹ ਦੁਨੀਯਾ ਵਿਚ 'ਅਮਨ ਦੀ ਦੇਵੀ' ਨਾਲ ਸਨਮਾਨੀ ਜਾ ਰਹੀ ਹੈ । ਆਪਣੇ ਦੇਸ਼ ਵਿਚ ਨਿਹੱਥਿਆਂ ਤੇ ਗੋਲੀਆਂ ਚਲਾਓ ਤੇ ਬਾਹਰ 'ਅਮਨ ਦੀ ਦੇਵੀ' ਕਹਿਲਾਓ । ਆਪਣੇ ਦੇਸ਼ ਆਸਾਮ-ਪੰਜਾਬ ਕੋਈ ਮੱਸਲਾ ਹਲ ਨਾਂ ਕਰ ਸਕੋ, ਪਰ ਈਰਾਨ ਇਰਾਕ ਦਾ ਝਗੜਾ ਹਲ ਕਰਨ ਲਈ ਆਪਣੇ ਦੂਤ ਭੇਜੋ ।

o ਅਪਣੇ ਦੇਸ਼ ਵਿਚ ਵਿਤਕਰੇ ਇਹ ਹਨ ਕਿ ਥੱਲੇ ਵਾਲੀ 32 ਫੀਸਦੀ ਆਬਾਦੀ ਕੋਲ ਦੇਸ਼ ਦੀ ਸਿਰਫ 5 ਫੀ ਸੱਦੀ ਦੌਲਤ ਹੋਵੇ ਤੇ 7 ਫੀ ਸਦੀ ਅਮੀਰਾਂ ਕੋਲ ਦੇਸ਼ ਦੀ 74 ਫੀ ਸੱਦੀ ਦੌਲਤ ਸਾਂਭੀ ਹੋਵੇ, ਦੁਨੀਯਾ ਭਰ ਵਿਚ ਹੋਕਾ ਦੇਵੇ ਕਿ ਅਮੀਰ ਮੁਲਕਾਂ ਨੂੰ ਗ਼ਰੀਬ ਮੁਲਕਾਂ ਦਾ ਖ਼ਿਆਲ ਰਖਣਾ ਚਾਹੀਦਾ ਹੈ ਪਰ ਆਪਣੇ ਦੇਸ਼ ਵਿਚ ਇਹ ਨੀਤੀਆਂ ਅਪਣਾਓ ਕਿ ਅਮੀਰ ਸਰਮਾਏਦਾਰੋ ਗ਼ਰੀਬਾਂ ਦੀ ਖ਼ੂਬ ਛਿਲ ਲਾਹੋ ।

...ਤੇ ਇਹ ਸਰਕਾਰ ਚਲ ਰਹੀ ਹੈ, ਕਿਉਂਕਿ ਜਿਨ੍ਹਾਂ ਨੇ ਇਸ ਸਰਕਾਰ ਨੂੰ ਚਣੌਤੀ ਦੇਣੀ ਹੈ, ਉਹ ਆਪ ਉਲਝਣਾ ਵਿਚ ਉਲਝੇ ਹੋਏ ਹਨ । ਉਹਨਾਂ ਨੂੰ ਪਤਾ ਨਹੀਂ ਲਗ ਰਿਹਾ ਹੈ ਕਿ ਇਸ ਲੋਕ ਦੁਸ਼ਮਣ ਸਰਕਾਰ ਨੂੰ ਕਿਸ ਤਰ੍ਹਾਂ ਮੁਕਾਈਏ । ਵਿਚਾਰਾਂ ਦਾ ਵਖਰੇਵਾ ਹੈ । ਇਕ ਦੂਜੇ ਵਲ ਦੁਸ਼ਮਾਣਾ ਰਵੀਯੀਆ ਹੈ ।

ਵਿਚਾਰਾਂ ਵਿਚ ਵਖਰੇਵਾਂ ਹੋਣਾ ਕੋਈ ਮਾੜੀ ਗਲ ਨਹੀਂ । ਵਡੇ ਪੈਮਾਨੇ ਤੇ ਵਾਦਵਿਵਾਦ ਹੋਣੇ ਚਾਹੀਦੇ ਹਨ ਪਰ ਇਸਦੇ ਨਾਲ ਹੀ ਇਹ ਲੋੜ ਹੈ ਕਿ ਸਾਰੇ ਉਹ ਲੋਕ ਜਿਹੜੇ ਅਜ ਦੇ ਸਮਾਜ਼ਕ ਵਰਤਾਰੇ ਵਿਚ ਬੁਨਿਯਾਦੀ ਤਬਦੀਲੀ ਚਾਹੁੰਦੇ ਹਨ, ਉਹ ਕਿਸੇ ਵੀ ਲੋਕ-ਜਥੇਬੰਦੀ, ਗਰੁੱਪ ਜਾਂ ਪਾਰਟੀ ਵਿਚ ਕੰਮ ਕਰ ਰਹੇ ਹਨ, ਇਕ ਦੂਜੇ ਨੂੰ ਸੱਦਾ ਦੇਣ ਕਿ ਆਓ ਅਪਣੀਆਂ ਕੋਸ਼ਸ਼ਾਂ ਨੂੰ ਕੇਂਦ੍ਰਿਤ ਕਰੀਏ, ਇਕ ਦੂਜੇ ਵਲ ਏਕਤਾ ਲਈ ਸੁਨਿਹਾ ਭੇਜੀਏ, ਸਿਰ ਜੋੜ ਕੇ ਬੈਠੀਏ, ਉਲਝਣਾਂ ਦੇ ਹਲ ਲਭੀਏ, ਇਹ ਸਿਰਫ ਇਛਾ ਨਹੀਂ, ਇਹ ਅੱਜ ਦਾ ਯਥਾਰਥ ਹੈ । ਨਹੀਂ ਤਾਂ ਕਹਿਣ ਨੂੰ ਜਿਹੜੀ ਸਰਕਾਰ ਨਾਂ ਦੀ ਕੋਈ ਚੀਜ਼ ਇਸ ਦੇਸ਼ ਵਿਚ ਸਥਾਪਤ ਨਹੀਂ, ਉਹ ਸਰਕਾਰ ਚਲਦੀ ਹੀ ਰਹੇਗੀ ਤੇ ਸਾਧਾਰਨ ਬੰਦਿਆਂ ਦੀ ਛਿਲ ਲੱਥਦੀ ਹੀ ਰਹੇਗੀ ... ਹਾਂ ਇਹ ਸਰਕਾਰ ਚਲ ਰਹੀ ਹੈ ।

**ਗੁਰਸ਼ਰਨ ਸਿੰਘ**

---

# ਪੰਜਾਬ ਲੋਕ ਸਭਿਆਚਾਰਕ (ਪ. ਲ. ਸ.) ਮੰਚ

(ਲੋਕ ਪੱਖੀ ਕਲਾ ਦੇ ਸਮਰਥਕਾਂ ਦੀ ਪੰਜਾਬ ਪੱਧਰ ਦੀ ਸੰਸਥਾ) ਵਲੋਂ

**7 ਮਈ ਸਨੀਚਰਵਾਰ ਰਾਤ 8 ਵਜੇ, ਓਪਨ ਏਅਰ ਥੀਏਟਰ, ਗਾਂਧੀ ਗਰਾਊਂਡ, ਅਮ੍ਰਿਤਸਰ ਵਿਖੇ**

**ਇਕ ਵਿਸ਼ੇਸ਼ ਨਾਟਕ ਮਲਾ**

**ਲੋਹੇ ਦੀ ਭੱਠੀ**—ਲੇਖਕ—ਜਤਿੰਦਰ ਸਿੰਘ ਬਰਾੜ, ਨਿਰਦੇਸ਼ਕ—ਕੇਵਲ ਸਿੰਘ ਧਾਲੀਵਾਲ

**ਅਹਿਸਾਸ**—ਦਿੱਲੀ ਦੀ ਇਕ ਨਾਟਕ-ਵਰਕਸ਼ਾਪ ਵਿਚ ਤਿਆਰ ਕੀਤਾ ਗਿਆ ਔਰਤਾਂ ਦੇ ਮਸਲਿਆਂ ਬਾਰੇ ਨਾਟਕ—ਮੁਖ ਤੌਰ ਤੇ ਮੈਡੀਕਲ ਕਾਲਜ ਨਾਟਕ ਟੋਲੀ ਵਲੋਂ ।

**ਵਿਹੜੇ ਵਾਲੇ-ਖੇਤਾਂ ਵਾਲੇ**—ਸੁਖਵੰਤ ਕੌਰ ਮਾਨ ਦੀ ਇਕ ਕਹਾਣੀ ਤੇ ਆਧਾਰਤ ।

**ਇੰਸਪੈਕਟਰ ਮਾਤਾਦੀਨ ਚੰਨ ਤੇ**—ਹਰੀਸ਼ੰਕਰ ਪਰਸਾਈ ਦੀ ਇਕ ਕਹਾਣੀ ਤੇ ਆਧਾਰਤ, ਨਿਰਦੇਸ਼ਕ—ਜਨਮੀਤ ਸਿੰਘ

ਅਤੇ

**ਹਵਾ ਮਹਿਲ** —ਲੇਖਕ ਅਤੇ ਨਿਰਦੇਸ਼ਕ : **ਆਤਮਜੀਤ ਸਿੰਘ**

ਤੁਸਾਂ ਨੂੰ ਪਰਿਵਾਰ ਸਮੇਤ ਆਉਣ ਲਈ ਸੱਦਾ ਹੈ ।

ਸਥਾਨੀਆ ਪ੍ਰਬੰਧ :
ਅੰਮ੍ਰਿਤਸਰ ਸਕੂਲ ਆਫ਼ ਡਰਾਮਾ
ਗੁਰੂ ਖਾਲਸਾ ਨਿਵਾਸ, ਡਾ: ਖਾਲਸਾ ਕਾਲਜ, ਅਮ੍ਰਿਤਸਰ

**ਗੁਰਸ਼ਰਨ ਸਿੰਘ**
ਪ੍ਰਧਾਨ
ਪ. ਲ. ਸ. ਮੰਚ, ਪੰਜਾਬ

## ਲੋਕ ਪੱਖੀ ਪਾਰਟੀ ਦੀ ਕਾਇਮੀ

ਸਮਤਾ (33) ਅਤੇ (34) ਦੀ ਸੰਪਾਦਕੀ ਵਿਚ ਦਿਤੇ ਗਏ ਵਿਚਾਰਾਂ ਦਾ ਪਾਠਕਾਂ ਵਲੋਂ ਨੋਟਿਸ ਲਿਆ ਗਿਆ ਹੈ। ਕੁਝ ਵੀਰਾਂ ਨੇ ਇਹਨਾਂ ਦਾ ਸਵਾਗਤ ਕੀਤਾ ਹੈ। ਕੁਝ ਵੀਰਾਂ ਨੇ ਮੈਨੀਫੈਸਟੋ ਦੀ ਮਾਰਕਸੀ ਦ੍ਰਿਸ਼ਟੀਕੋਣ ਤੋਂ ਚੀਰ ਫਾੜ ਕੀਤੀ ਹੈ। ਮੈਨੀਫੈਸਟੋ ਦਾ ਪੈਰਾ ਨੰਬਰ (2) ਏਲਾਨੀਆਂ ਤੌਰ ਤੇ ਮਾਰਕਸੀ ਸਾਇੰਸ ਨੂੰ ਸਹੀ ਸਮਾਜਕ ਸਾਇੰਸ ਮੰਨਦਾ ਹੈ, ਇਸ ਲਈ ਇਹਦਾ ਇਤਹਾਸ ਦਾ ਜਮਾਤਾਂ ਦੇ ਪ੍ਰਸੰਗ ਵਿਚ ਵਿਸ਼ਲੇਸ਼ਣ ਵੀ ਸਹੀ ਮੰਨਦਾ ਹੈ। ਗਲ ਮਾਰਕਸੀ-ਵਿਚਾਰਧਾਰਾ ਨੂੰ ਅੱਜ ਦੇ ਪ੍ਰਸੰਗ ਵਿਚ ਹਿੰਦੋਸਤਾਨ ਦੀ ਸਥਿਤੀ ਸਮਝਣ ਅਤੇ ਇਸਨੂੰ ਲੋਕਾਂ ਦੇ ਪੱਖ ਵਿਚ ਭੁਗਤਾਨ ਦੀ ਹੈ। ਮਾਰਕਸੀ ਵਿਚਾਰਧਾਰਾ ਦਾ ਕੇਂਦਰੀ ਧੁਰਾ DIALECTICAL DEVELOPMENT (ਦਵੰਦਾਤਮਕ ਵਿਕਾਸ) ਹੈ ਜੋ ਕਹਿੰਦਾ ਹੈ ਕਿ ਕੋਈ ਵੀ ਚੀਜ਼ (ਇਸ ਵਿਚ ਸਮਾਜ ਵੀ ਆਂਦਾ ਹੈ) ਖਲੋਤ ਦੀ ਹਾਲਤ ਵਿਚ ਨਹੀਂ, ਉਹ ਲਗਾਤਾਰ ਵਿਕਾਸ ਦੇ ਅਮਲ ਵਿਚ ਹੈ ਅਤੇ ਇਸ ਵਿਕਾਸ ਵਿਚ ਉਹ ਅਪਣੇ ਆਲੇਦੁਆਲੇ ਤੇ ਅਸਰ ਪਾ ਰਹੀ ਹੈ ਤੇ ਆਲਾ-ਦੁਆਲਾ ਉਸ ਉਤੇ ਅਸਰ ਪਾ ਰਿਹਾ ਹੈ। ਸਮਾਜ ਦੇ ਵਿਕਾਸ ਵਿਚ ਪੈਦਾਵਰੀ ਸ਼ਕਤੀਆਂ ਦਾ ਵਿਕਾਸ ਮੁਖ ਭੂਮਿਕਾ ਨਿਭਾਉਂਦਾ ਹੈ। ਕਿਸੇ ਸਮਕਾਲੀ ਸਥਿਤੀ ਜਾਂ ਇਤਿਹਾਸਕ ਸਥਿਤੀ ਨੂੰ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ, ਹਿੰਦੋਸਤਾਨ ਦੇ ਸਮਾਜ ਦਾ ਵਿਕਾਸ ਬੁਨਿਯਾਦੀ ਤੌਰ ਤੇ ਭਾਵੇਂ ਉਹਨਾਂ ਲੀਹਾਂ ਤੇ ਹੀ ਚਲੇਗਾ ਜਿਹਨਾਂ ਲੀਹਾਂ ਤੇ ਹੋਰ ਸਮਾਜ ਵਿਕਾਸ ਕੀਤੇ ਹਨ। ਉਹਦੇ ਵਿਚ ਜਮਾਤੀ ਸੰਘਰਸ਼ ਅਪਣਾ ਹਿੱਸਾ ਪਾਉਣਗੇ ਪਰ ਇਹਦੇ ਅਪਣੇ ਵੱਖਰੇ ਲਛਣ ਵੀ ਹੋਣਗੇ, ਜਿਸ ਵਿਚ ਇਲਾਕਾਈ ਵਖਰੇਵਾਂ, ਜ਼ਾਤਪਾਤ, ਧਰਮ ਆਦਿਕ ਵੀ ਅਸਰ ਅੰਦਾਜ਼ ਹੋਣਗੇ। ਅਜ ਦੇ ਹਿੰਦੋਸਤਾਨ ਵਿਚ ਇਨਕਲਾਬ ਦੀ ਟੇਕ, ਮਜ਼ਦੂਰ ਜਮਾਤ ਦੇਸ਼ ਦੇ ਕਿਸੇ ਹਿੱਸੇ ਵਿਚ ਵੀ ਇਸ ਪੁਜ਼ੀਸ਼ਨ ਵਿਚ ਨਹੀਂ ਕਿ ਉਹ ਨੇੜੇ ਭਵਿੱਖ ਵਿਚ ਕੋਈ ਇਤਿਹਾਸਕ ਹਿੱਸਾ ਪਾਵੇ। ਮਾਰਕਸਿਜ਼ਮ ਸਾਨੂੰ ਸਿਖਾਂਦਾ ਹੈ ਕਿ ਸਥਿਤੀ ਦੇ ਵਿਸ਼ਲੇਸ਼ਣ ਲਈ ਅਤੇ ਸਹੀ ਦਿਸ਼ਾ ਵਿਚ ਵਿਕਾਸ ਕਰਨ ਲਈ ਸਾਰੀਆਂ ਉਹਨਾਂ ਹਾਲਤਾਂ ਨੂੰ ਨਜ਼ਰ ਥੱਲੇ ਲਿਆਂਦਾ ਜਾਏ ਜੋ ਇਸ ਤੇ ਹਾਂ ਪੱਖੀ ਅਤੇ ਨਾਂ ਪੱਖੀ ਅਸਰ ਪਾ ਰਹੀਆਂ ਹਨ। ਸਾਨੂੰ ਯਥਾਰਥਵਾਦੀ ਹੋਣਾ ਚਾਹੀਦਾ ਹੈ, ਕੱਟੜ ਪੰਥੀ ਨਹੀਂ, ਜੇਕਰ ਅਸੀਂ ਆਪਣੇ ਕ੍ਰੋੜਾਂ ਲੋਕਾਂ ਵਲ ਸੁਹਿਰਦ ਹਾਂ ਤੇ ਅਸੀਂ ਉਹਨਾਂ ਵਿਚ ਆਪਣੀ ਥਾਂ ਬਨਾਉਣੀ ਹੈ ਤਾਂ ਸਾਨੂੰ ਲੱਚਕ ਵਾਲੀ ਪਹੁੰਚ ਅਪਣਾਉਣੀ ਪਵੇਗੀ ਤਾਂਕਿ ਅਸੀਂ ਨਤੀਜੇ ਕਢ ਸਕੀਏ। ਇਸਨੂੰ ਮੌਕਾ ਪ੍ਰਸਤੀ ਵਰਗਾ ਨਿਖੇਧਾਤਮਕ ਅਮਲ ਨਾ ਕਹੀਏ। ਸਾਡੀ ਬੁਨਿਆਦੀ ਵਚਨਬੱਧੀ ਆਪਣੇ ਲੋਕਾਂ ਵਲ ਹੈ। ਸਮਤਾ ਵਿਚ ਦਿਤੇ ਮੈਨੀਫੈਸਟੋ ਇਸੇ ਸੋਚ ਦਾ ਹੀ ਨਤੀਜਾ ਹੈ। ਅਦਾਰਾ ਸਮਤਾ ਵਲੋਂ ਕੋਈ ਨਵੀਂ ਪਾਰਟੀ ਬਨਾਉਣ ਦੀ ਮਨਸ਼ਾ ਨਹੀਂ ਸਗੋਂ ਵਿਚਾਰ ਲਈ ਇਕ ਫੋਰਮ ਦੇਣ ਦੀ ਮਨਸ਼ਾ ਹੈ। ਇਕ ਸੁਝਾਅ ਅਨੁਸਾਰ ਕਾਲਮਾਂ ਵਿਚ ਬਹਿਸ ਤੋਂ ਬਾਅਦ ਇਕ ਕਨਵੈਨਸ਼ਨ ਵੀ ਇਸ ਫੋਰਮ ਨੂੰ ਅੱਗੇ ਲਿਜਾ ਸਕਦੀ ਹੈ। ਅਖੀਰ ਇਕ ਪਾਰਟੀ ਜਾਂ ਇਕ ਕੇਂਦਰ ਦੀ ਸਥਾਪਨਾ ਤਾਂ ਕਰਨੀ ਹੀ ਪੈਣੀ ਹੈ ਜਿਹੜਾ ਲੋਕ ਸੰਘਰਸ਼ਾਂ ਦੀ ਰਾਖੀ ਵੀ ਕਰੇ ਤੇ ਉਹਨਾਂ ਨੂੰ ਦਿਸ਼ਾ ਵੀ ਦੇਵੇ। ਇਲੈਕਸ਼ਨਾਂ ਦੀ ਗੱਲ ਹੁੰਦੀ ਹੈ ਤਾਂ ਮੌਜੂਦਾ ਇਲੈਕਸ਼ਨਾਂ ਉਤੇ ਟੇਕ ਰਖਣੀ ਜੇਕਰ ਗ਼ਲਤ ਹੈ ਤਾਂ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਇਹ ਇਲੈਕਸ਼ਨਾਂ ਵੀਹਵੀਂ ਸੱਦੀ ਦੇ ਮਨੁੱਖ ਦੀ ਸੋਚ ਦਾ ਹਿੱਸਾ ਬਣ ਚੁਕੀਆਂ ਹਨ। ਇਹਨਾਂ ਬਾਰੇ ਫੈਸਲਾ ਸਥਿਤੀ ਨੂੰ ਮੁੱਖ ਰਖਕੇ ਹੀ ਕਰਨਾ ਚਾਹੀਦਾ ਹੈ। ਕੀ ਲੋਕਾਂ ਨੂੰ ਇਹਦੀ ਅਸਲੀਅਤ 'ਬਾਈਕਾਟ' ਕਰਕੇ ਦਸੀ ਜਾ ਸਕਦਾ ਹੈ ਜਾਂ ਪੂਰੀ ਤਰ੍ਹਾਂ ਹਿੱਸਾ ਲੈਣ ਨਾਲ ਜਾਂ ਜੁਜ਼ਵੀ ਹਿੱਸਾ ਲੈਣ ਨਾਲ ? ਇਹ ਗੱਲਾਂ ਬਹਿਸ ਅਧੀਨ ਲਿਆਈਆਂ ਜਾ ਸਕਦੀਆਂ ਹਨ। ਇਕ ਟੁੱਕ ਫੈਸਲੇ ਲੈ ਕੇ ਸਾਲਾ ਬੱਧੀ ਇਕੋ ਫੈਸਲੇ ਤੇ ਅੜੀ ਜਾਣਾ ਕੱਟੜਪੰਥੀ ਹੈ। ਦੁਨੀਆਂ ਦੀ ਸਮੁੱਚੀ ਮਨੁੱਖੀ ਸੂਝ ਇਕ ਉਚੇ ਪੜਾਅ ਤਕ ਸਫਰ ਕਰ ਚੁੱਕੀ ਹੈ।

ਸਥਿਤੀ ਨੂੰ 1983 ਦੇ ਪ੍ਰਸੰਗ ਵਿਚ ਵਾਚਣ ਦੀ ਜ਼ਰੂਰਤ ਹੈ। 1917-18 ਦੀਆਂ ਟੂਕਾਂ ਤੇ ਉਹ ਵੀ ਕਿਸੇ ਵਿਸ਼ੇਸ਼ ਦੇਸ਼ ਬਾਰੇ ਵਿਸ਼ੇਸ਼ ਹਾਲਤਾਂ ਵਿਚ ਲਿਖੀਆਂ ਸਾਡੀ ਬਹੁਤੀ ਸਹਾਇਤਾ ਨਹੀਂ ਕਰ ਸਕਦੀਆਂ। ਆਈਆਂ ਟਿਪਣੀਆਂ ਇਥੇ ਦੇਕੇ ਅਸੀਂ ਚਾਹਵਾਂਗੇ ਕਿ ਇਸ ਬਹਿਸ ਨੂੰ ਅਗੇ ਲਿਜਾਇਆ ਜਾਏ— ੦ ਸੰਪਾਦਕ

ਨੋਟ : ਵਿਦਿਆ ਸਿਸਟਮ ਅਤੇ ਅਧਿਆਪਕ ਵਰਗ ਬਾਰੇ ਟਿਪਣੀਆਂ ਅਗਲੇ ਅੰਕ ਵਿਚ ਦਿਤੀਆਂ ਜਾਣਗੀਆਂ।

੦ ਸੰਪਾਦਕ

## "ਇਕ ਲੋਕ-ਪੱਖੀ ਪਾਰਟੀ ਦੇ ਮੈਨੀਫੈਸਟੋ" ਬਾਰੇ ਕੁਝ ਪ੍ਰਭਾਵ/ਸੁਖਦੇਵ 'ਪਾਂਧੀ'

ਤੁਸੀਂ ਮਾਰਚ 83 ਦੇ 'ਸਮਤਾ' 'ਚ ਇਕ ਲੋਕ ਪੱਖੀ ਪਾਰਟੀ ਦਾ ਮੈਨੀਫੈਸਟੋ ਨਾ ਦੀ ਲਿਖਤ ਜਾਰੀ ਕੀਤੀ ਹੈ। ਇਸ ਵਿਚ ਲੋਕ-ਪੱਖੀ ਪਾਰਟੀ ਦੀ ਕਇਮੀ ਦੀ ਲੋੜ, ਕਾਰਜ, ਨਿਸ਼ਾਨਿਆਂ ਅਤੇ ਢੰਗਾਂ ਦਾ ਸੰਖੇਪ ਵਰਨਣ ਕੀਤਾ ਹੈ। ਤੁਹਾਡੇ ਵਲੋਂ ਰੱਖੇ ਵਿਚਾਰ ਜਾਂ ਸਮਝ, ਕਮਿਊਨਿਸਟ ਇਨਕਲਾਬੀਆਂ ਅਤੇ ਹਮਦਰਦਾਂ ਵਿਚ ਕਾਫੀ ਚਰਚਾ ਦਾ ਵਿਸ਼ਾ ਬਣੇ ਹਨ, ਜਿਸਨੇ ਇਸ ਵਿਸ਼ੇ ਸੰਬੰਧੀ ਵੱਖ ਵੱਖ ਧਿਰਾਂ ਸਾਹਮਣੇ ਇਹ ਸੁਆਲ ਲਿਆਦਾਂ ਹੈ ਕਿ ਉਹ ਇਸ ਵਿਸ਼ੇ ਸੰਬੰਧੀ ਆਪਣੇ ਆਪਣੇ ਖੁਦ ਦਾ ਵਿਚਾਰਧਾਰਕ ਨਜ਼ਰੀਆ ਪੇਸ਼ ਕਰਨ ਅਤੇ ਬਹਿਸ ਨੂੰ ਅੱਗੇ ਤੋਰਨ।

ਇਸ ਗੱਲ ਬੜੀ ਚੰਗੀ ਤਰ੍ਹਾਂ ਸਾਫ ਸਪਸ਼ਟ ਹੈ ਕਿ ਇਨਕਲਾਬੀ ਸਿਧਾਂਤ ਨਾਲ ਲੈਸ ਪਾਰਟੀ ਦੀ ਗ਼ੈਰ-ਮੌਜੂਦਗੀ ਜਾਂ ਅਣਹੋਂਦ 'ਚ ਇਨਕਲਾਬ ਦੇ ਸਫਲ ਹੋਣ ਦੀ ਗੱਲ ਚਿਤਵੀ ਵੀ ਨਹੀਂ ਜਾ ਸਕਦੀ। ਇਸ ਵਿਚਾਰ ਨਾਲ ਵੱਖ ਵੱਖ ਕਮਿਊਨਿਸਟ ਗਰੁੱਪ ਪੂਰੀ ਤਰ੍ਹਾਂ ਇਕ ਮੱਤ ਹਨ ਜਾਂ ਹੋਣ ਦਾ ਦਾਹਵਾ ਕਰਦੇ ਹਨ। ਇਸ ਸੰਬੰਧਤ ਵਿਸ਼ੇ ਤੇ 'ਏਕਤਾ' ਵਰਗੇ ਸ਼ਬਦਾਂ ਦਾ ਜ਼ਬਾਨੀ ਕਲਾਮੀ ਰਟਣ ਮੰਤਰ ਅਤੇ ਕਲਮ ਘਸਾਈ 'ਚ ਕੋਈ ਫਰਕ ਨਹੀਂ ਰਹਿਣ ਦਿੰਦੇ। ਪਰ ਜਿਥੋਂ ਤੱਕ ਇਸ ਸੁਆਲ ਜਾਂ ਲੋੜ ਨੂੰ ਅਮਲੀ ਜਾਮਾਂ ਦੇਣ ਦਾ ਆਉਂਦਾ ਹੈ ਉਹ ਲੈਨਿਨ ਦੇ ਕਥਨਾਂ ਮੁਤਾਬਿਕ ਇਕ ਪਿਛੂ ਛਾਲ ਵੀ ਅੱਗੇ ਨਹੀਂ ਤੁਰਦਾ ਸਿੱਟੇ ਵਜੋਂ ਕਿਸੇ ਵਿਚਾਰਧਾਰਕ ਰਾਜਨੀਤਕ ਜਾਂ ਜਥੇਬੰਦਕ ਸੁਆਲ ਨੂੰ ਠੋਸ ਰੂਪ ਵਿਚ ਹੱਲ ਕਰਨ ਦੀ ਥਾਂ, ਆਪਣੀ ਮੂਲੋਂ ਈ ਹੀਣੀ ਤੇ ਨਿਰਾਰਥਕ ਬਹਿਸ ਭੇੜ ਜਾਂ ਵਿਚਾਰਧਾਰਨ ਜਦੋ-ਜਹਿਦ ਕਾਰਨ, ਪਿਛਲੇ ਅਮਲ ਪ੍ਰਤੀ (ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ) ਫਤਵੇਬਾਜ਼ ਫੈਸ਼ਨ ਪ੍ਰਸਤੀ ਦਾ ਸ਼ਿਕਾਰ ਹੋ ਕੇ ਲਗਾਤਰ ਟੁਟਾ ਫੁਟਾਂ ਰਾਹੀਂ ਨਿੱਕੇ ਨਿੱਕੇ ਗਰੁੱਪਾਂ ਵਿਚ ਵੰਡੀਦੇ ਜਾ ਰਹੇ ਹਨ ਜਾਂ ਲਗਾਤਰ ਵਿਅਕਤੀਗਤ ਧੰਦੇ ਦਾ ਸ਼ਿਕਾਰ ਹਨ ਕਮਿਊਨਿਸਟ ਲਹਿਰ ਦੀ ਅਜਿਹੀ ਅੰਤਰ-ਮੁਖੀ ਹਾਲਤ 'ਚ ਅਤੇ ਇਸ ਦੇ ਵਿਰੋਧ 'ਚ ਲਗਾਤਾਰ ਪੱਕ ਰਹੀ ਬਾਹਰ ਮੁਖੀ ਹਾਲਤ 'ਚ ਇਹ ਹਕੀਕੀ ਕਮਿਊਨਿਸਟ ਪਾਰਟੀ ਦੀ ਉਸਾਰੀ ਭਖਵੇ ਰੂਪ 'ਚ ਹੀ ਨਹੀਂ ਸਗੋਂ ਸਰਵ ਪ੍ਰਥਮ ਕਾਰਜ ਦੇ ਤੌਰ ਤੇ ਸਾਹਮਣੇ ਆਉਂਦੀ ਹੈ।

ਹੁਣ ਤੱਕ ਪਾਰਟੀ ਉਸਾਰੀ ਸੰਬੰਧੀ ਦੋ ਗਲਤ ਰੁਝਾਨ ਸਾਹਮਣੇ ਆਏ ਹਨ। ਪਹਿਲਾ ਹੈ, ਗਰੁੱਪ ਬਾਜ਼ ਸਿਆਸਤ ਦਾ ਰੁਝਾਨ, ਜੋ ਪਿਛਲੇ ਇਕ ਦਹਾਕੇ ਤੋਂ ਵੱਖ ਵੱਖ ਗਰੁੱਪਾਂ ਵਿਚ ਵਿਦਮਾਨ ਹੈ। ਇਸ ਸਮੇਂ ਦੁਰਾਨ ਹੋਂਦ 'ਚ ਆਏ ਵੱਖ ਵੱਖ ਗਰੁੱਪਾਂ 'ਚੋਂ ਕਿਸੇ ਇਕ ਨੇ ਵੀ ਆਪਣੇ ਆਪਨੂੰ ਗਰੁੱਪ ਨਹੀਂ ਅਖਵਾਇਆ ਅਤੇ ਨਾ ਹੀ ਗਰੁੱਪ ਵਾਂਗ ਕੰਮ ਕਰਦੇ ਹੋਏ, ਦੂਸਰੇ ਗਰੁੱਪਾਂ ਨੂੰ ਇਕਜੁੱਟ ਕਰਨ ਦਾ ਕੋਈ ਧੜੱਲੇਦਾਰ ਉਪਰਾਲਾ ਕੀਤਾ। ਸਗੋਂ ਹਰ ਇਕ ਨੇ ਘੱਟ ਵੱਧ ਸਮਾਂ ਪਾਕੇ ਸਬੰਧਤ ਗਰੁਪ ਨੂੰ "ਇਕੋ ਇਕ ਪਾਰਟੀ" ਇਕੋ ਇਕ ਹਕੀਕੀ ਕੇਂਦਰ" ਜਾਂ "ਵਿਚਾਰਧਾਰਕ ਰਾਜਨੀਤਕ ਕੇਂਦਰ" ਆਦਿ ਨਾਵਾਂ ਨਾਲ ਸ਼ਿੰਗਾਰਿਆ ਹੈ। ਸਿਰਫ ਨਾਵਾਂ ਨਾਲ ਹੀ ਸੰਗਾਰਿਆ ਨਹੀਂ, ਸਗੋਂ ਆਪਣੇ ਆਪਣੇ ਗਰੁੱਪ ਦੇ 'ਕੇਂਦਰ' ਦੁਆਲੇ ਜਾਂ ਉਸਦੀ ਸਹੀ 'ਵਿਚਾਰਧਾਰਕ' ਰਾਜਨੀਤਕ" ਲਾਈਨ ਦੁਆਲੇ ਇਕੱਠੇ ਜਾਂ ਕਰਨ ਦਾ ਪੂਰੇ ਜ਼ੋਰਾਂ ਸ਼ੋਰਾਂ ਨਾਲ ਗੁਣਮਾਣ ਕੀਤਾਂ ਹੈ। ਇਹ ਵਰਤਾਰਾ ਅੱਜ ਵੀ ਵੱਖਰੇ ਵੱਖਰੇ ਰੂਪਾਂ 'ਚ ਭਾਰੂ ਹੈਸੀਅਤ ਰੱਖਦਾ ਹੈ।

ਦੂਸਰਾ ਹੈ, ਵੱਖੋਂ ਵੱਖਰੇ ਗਰੁੱਪਾਂ ਨੂੰ ਲੋੜੀਦੇ ਵਿਚਾਰਧਾਰਕ ਰਾਜਨੀਤਕ ਅਧਾਰ ਤੋਂ ਬਿਨ੍ਹਾਂ "ਇਕ ਜੁਟ" ਕਰਨ ਦਾ ਨਜ਼ਰੀਆ। ਇਹ ਵਿਚਾਰ ਜਿਸਨੂੰ ਕਿ ਇਕ ਠੋਸ ਬਦਲ ਦੀ ਬਜਾਏ, ਭਾਵਨਾਵਾਂ ਦਾ ਇਜ਼ਹਾਰ ਕਿਹਾ ਜਾ ਸਕਦਾ ਹੈ ਜੋ ਮੁੱਖ ਤੌਰ ਤੇ ਹੇਠਲੀਆਂ ਸਫਾ ਜਾਂ ਕੁਝ ਵਿਅਕਤੀਆਂ ਵੱਲੋਂ ਸਾਹਮਣੇ ਆਉਂਦਾ ਰਿਹਾ ਹੈ। ਸਫਾਂ ਦੀਆਂ ਵਿਚਾਰਧਾਰਕ ਰਾਜਨੀਤਕ ਖਾਸੇ ਤੋਂ ਕੰਮਜ਼ੋਰ ਪਰ ਖਰੀਆਂ ਭਾਵਨਾਵਾਂ ਅਤੇ 'ਲੀਡਰਸ਼ਿਪਾਂ' ਦੀ ਗਰੁੱਪ ਬਾਜ਼ ਸਿਆਸਤ ਵਿਚਲਾ ਪਾੜਾ, ਸਮੱਸਿਆ ਦੀ ਗੁਥੀ ਨੂੰ ਸੁਝਾਉਣ ਲਈ ਬੀਤੇ ਇਕ ਵੱਡੀ ਰੁਕਾਵਟ ਰਿਹਾ ਹੈ ਅਤੇ ਰਹਿ ਰਿਹਾ ਹੈ।

ਸੋ ਇਸ ਮਾਦੀ ਹਕੀਕਤ ਨੂੰ ਛੱਡੇ ਸਮਝੇ ਅਤੇ ਵਿਚਾਰਧਾਰਕ ਰਾਜਨੀਤਕ ਘੋਲ ਕੀਤੇ ਬਗੈਰ, ਇਕ ਲੋਕ-ਪੱਖੀ ਪਾਰਟੀ (ਕਮਿਊਨਿਸਟ ਪਾਰਟੀ) ਦੀ ਬਣਤਰ ਅਤੇ ਉਸਾਰੀ ਦੇ ਕਾਰਜ ਨੂੰ ਸਹੀ ਰੂਪ ਵਿਚ ਹੱਥ ਨਹੀਂ ਲਿਆ ਜਾ ਸਕਦਾ ਹੈ।

ਤੁਸੀਂ ਆਪਣੀ ਲਿਖਤ ਦੇ ਪਹਿਲੇ ਨੁਕਤੇ ਵਿਚ ਪਾਰਟੀ ਦੇ ਨਾਂ ਅਤੇ ਨਿਸ਼ਾਨੇ ਦਾ ਵਰਨਣ ਕੀਤਾ ਹੈ। ਜਿਥੋਂ ਤੱਕ ਪਾਰਟੀ ਦੇ ਨਾਂ ਦਾ ਸੰਬੰਧ, ਸਮੁੱਚੀ ਲਿਖਤ 'ਚੋਂ ਕੋਈ ਸਪਸ਼ਟ ਵਿਚਾਰ ਨਹੀਂ ਬਣਦਾ ਕਿ ਤੁਸੀਂ ਕਿਹੋ ਜੇਹੀ ਪਾਰਟੀ ਉਸਾਰਨਾ ਚਾਹੁੰਦੇ ਹੋ। ਇਸ ਜਮਾਤਾਂ ਵੰਡੇ ਸਮਾਜ ਵਿਚ ਤੁਸੀਂ 'ਲੋਕ' ਸ਼ਬਦ ਦੇ ਕੀ ਅਰਥ ਲੈਂਦੇ ਹੋ ਕੀ ਕੋਈ ਸਪਸ਼ਟ ਵਿਆਖਿਆ ਨਹੀਂ ਮਿਲਦੀ ਜਾਣੀ ਕਿ ਤੁਹਾਡਾ ਲੋਕਾਂ ਤੋਂ ਭਾਵ ਲੁੱਟਦੀਆਂ ਜਮਾਤਾਂ

ਤੋਂ ਹੈ ਜਾ ਸਮੁੱਚੀਆਂ ਜਮਾਤਾਂ ਤੋਂ। ਕਿਉਂਕਿ ਪਰ ਇਕ ਪਾਰਟੀ ਕਿਸੇ ਨਾ ਕਿਸੇ ਜਮਾਤ ਦੀ ਨੁਮਾਇੰਦਗੀ ਕਰਦੀ ਹੈ,. ਇਸ ਲਈ ਜਮਾਤਾਂ ਤੋਂ ਉੱਪਰ ਕਿਸੇ ਪਾਰਟੀ ਦੀ ਹੋਂਦ ਨਹੀਂ ਚਿਤਵੀ ਜਾ ਸਕਦੀ ਜੋ ਇਨ੍ਹਾਂ ਤੋਂ ਅਜ਼ਾਦ ਹੋਵੇ। ਪਹਿਲੇ ਨੁਕਤੇ ਵਿਚ ਜਦੋਂ ਤੁਸੀ ਹਰ ਕਿਸਮ ਦੀ ਲੁੱਟ-ਖਸੁੱਟ ਖਤਮ ਕਰਨ ਦਾ ਨਿਸ਼ਾਨਾ ਮਿਥਦੇ ਹੋ ਤਾਂ 'ਕਮਿਊਨਿਸਟ ਢੰਗ' ਦੀ ਪਾਰਟੀ ਦਾ ਪ੍ਰਭਾਵ ਬਣਦਾ ਹੈ। ਪਰ ਅਠਵੇਂ ਨੁਕਤੇ 'ਚ ਰਾਜ ਮਸ਼ਨਰੀ ਦੇ ਖਾਤਮੇ ਦੀ ਬਜਾਏ, ਚੋਣ ਪ੍ਰਬੰਧ 'ਚ ਤਬਦੀਲੀ ਦੀ ਗੱਲ ਕਰਦੇ ਹੋ ਅਤੇ ਅੰਤ 'ਚ ਅਪੀਲ ਅਧੀਨ ਸੰਘਰਸ਼ਾ ਦੇ ਸਮਰਥਨ ਤੱਕ ਸੀਮਤ ਰਹਿੰਦੇ ਹੋ ਤਾਂ, ਬੁਰਜਵਾ ਜਾ ਪੈਂਦੀ ਬੁਰਜਵਾ ਕਿਸਮ ਦੀ ਪਾਰਟੀ ਦਾ ਪ੍ਰਭਾਵ ਬਣਦਾ ਹੈ।

ਨਿਸ਼ਾਨੇ ਅਧੀਨ "ਪਾੜਾ ਮੇਟਣ ਦਾ ਯਤਨ ਕੀਤਾ ਜਾਏਗਾ" ਅਤੇ "ਹਰ. ਕਿਸਮ ਦੀ ਲੁੱਟ-ਖਸੁੱਟ ਖਤਮ ਕਰਨਾ" ਦਾ ਕੀ ਭਾਵ ਹੈ ਵਾਰੇ ਵੀ ਕੋਈ ਸਪਸ਼ਟ ਤਸਵੀਰ ਨਹੀਂ ਉਭਰਦੀ 'ਪਾੜਾ ਮੇਟਣ ਦਾ ਯਤਨ ਕੀਤਾ ਜਾਏਗਾ' ਦਾ ਵਾਕੰਸ਼ ਮਾਰਕਸੀ ਵਿਚਾਰਾਂ ਦੀ ਸਪਸ਼ਟ ਨਿਸ਼ਾਨ ਦੇਹੀ ਦੀ ਬਜਾਏ ਬਹੁਤ ਧੁੰਦਲਾ ਅਤੇ ਅਸਪਸ਼ਟ ਹੈ ਕਿਉਂਕਿ ਪਾੜਾ ਮੇਟਣ ਦੇ ਯਤਨਾਂ ਦੀਆਂ ਗੱਲਾਂ ਤਾਂ ਸਰਮਾਏਦਾਰੀ ਪਾਰਟੀਆਂ ਤੋਂ ਵੀ ਸੁਣੀਆਂ ਜਾ ਸਕਦੀਆਂ ਸਨ। ਆਰਥਿਕ ਪੱਖੋਂ ਹਰ ਕਿਸਮ ਦੀ ਲੁੱਟ-ਖਸੁੱਟ ਖ਼ਤਮ ਲਈ ਤੁਸੀਂ ਕੌਮੀ ਕਰਨ ਨੂੰ ਵੱਡਾ ਸਾਧਨ ਮਿਥਦੇ ਹੋ ਜਿਸ ਵਿਚ ਪ੍ਰਾਈਵੇਟ ਮੁਨਾਫੇ ਦੀ ਗੁਜਾਇਸ਼ ਵੀ ਛੱਡਦੇ ਹੋ ਤੁਹਾਡੇ ਵੱਲੋਂ ਰੱਖਿਆ ਕੌਮੀ ਕਰਨ ਦਾ ਵੱਡਾ ਸਾਧਨ : ਸਾਮਰਾਜੀ ਲੁੱਟ-ਖਸੁੱਟ ਨਾਲ ਕਿਵੇਂ ਨਿਪਟੇਗਾ ਵਾਰੇ ਚੁੱਪ ਹੈ। ਦੂਸਰਾ ਪ੍ਰਾਈਵੇਟ ਮੁਨਾਫਾ ਆਪਣੇ ਆਪ ਵਿਚ ਲੁੱਟ-ਖਸੁੱਟ ਹੈ, ਤੀਸਰਾ ਕੌਮੀਕਰਨ ਵੀ ਸਭ ਦੀ ਲੁੱਟ-ਖਸੁੱਟ ਨੂੰ ਖ਼ਤਮ ਨਹੀਂ ਕਰ ਸਕਦਾ। ਇਹ ਕੁਝ ਕਦਮ ਜ਼ਰੂਰ ਹਨ ਜਿਹੜੇ ਸਤਾ ਦੇ ਸੁਆਲ ਨੂੰ ਹੱਥ 'ਚ ਲਏ ਵਗੈਰ ਅਰਥਹੀਣ ਬਣ ਜਾਂਦੇ ਹਨ। ਸਤਾ ਦੇ ਸੁਆਲ ਨੂੰ ਤੁਹਾਡੀ ਸਮਝ ਛੂਹਦੀ ਵੀ ਨਹੀਂ ਸਗੋਂ ਪਾਰਲੀਮੈਂਟਰੀ ਢਾਚੇ ਦੇ ਇਰਦ ਗਿਰਦ ਹੀ ਚੱਕਰ ਕੱਢਦੀ ਫਿਰਦੀ ਹੈ।

ਦੂਸਰੇ ਨੁਕਤੇ ਅਧੀਨ ਤੁਸੀਂ ਸਾਧਨ ਅਤੇ ਹਥਿਆਰ ਦੀ ਗੱਲ ਕੀਤੀ ਹੈ। ਸਮਾਜ ਦੇ ਵਿਕਾਸ ਸੰਬੰਧੀ ਤੁਸੀਂ ਲਿਖਦੇ ਹੋ ਕਿ, "ਪੈਦਾਵਾਰੀ ਸਾਧਨਾਂ ਦਾ ਵਿਕਾਸ ਮੁਖ ਹਿਸਾ ਪਾਉਂਦਾ ਹੈ।" ਤੁਹਾਡੀ ਇਸ ਧਾਰਨਾ ਤੋਂ ਕਿ ਪੈਦਾਵਾਰੀ ਸਾਧਨਾ ਦਾ ਪੈਦਾਵਾਰੀ ਸੰਬੰਧਾਂ ਨਾਲ ਕੀ ਰਿਸਤਾ ਹੁੰਦਾ ਹੈ ਗੜਬੜ ਖੜੀ ਹੁੰਦੀ ਹੈ। ਇਹੀ ਕਾਰਨ ਹੈ ਕਿ ਤੁਸੀਂ ਇਸ ਵਿਚ ਨਿਕਲਦੀ ਆਰਥਿਕ ਆਧਾਰ ਤੇ ਉਸਾਰ ਵਿਚਲੀ ਵਿਰੋਧਤਾਈ ਅਤੇ ਉਸਾਰ ਵਿਚ ਚੱਲਣ ਵਾਲੇ ਜਮਾਤੀ ਸੰਘਰਸ਼ ਨੂੰ ਸਪਸ਼ਟ ਰੂਪ ਵਿਚ ਵਰਨਣ ਨਹੀਂ ਕਰ ਸਕੇ। ਮਾਰਕਸੀ ਵਿਗਿਆਨ ਸਾਨੂੰ ਸਿਖਾਉਂਦਾ ਹੈ ਕਿ ਖਾਸ ਸਮਿਆਂ ਵਿਚ ਪੈਦਾਵਾਰੀ ਸੰਬੰਧਾਂ ਦੀ ਭੂਮਿਕਾ ਮੁਖ ਹੁੰਦੀ ਹੈ। ਭਾਵ ਜਦੋਂ ਪੈਦਾਵਾਰੀ ਸੰਬੰਧਾਂ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਵਿਚ ਰੋੜਾ ਬਣ ਜਾਂਦੇ ਹਨ ਤਾਂ ਪੁਰਾਣੇ ਪੈਦਾਵਾਰੀ ਸੰਬੰਧਾਂ ਨੂੰ ਤੋੜਨਾ ਮੁਖ ਬਣ ਜਾਂਦਾ ਹੈ। ਪੈਦਾਵਾਰੀ ਸੰਬੰਧਾਂ ਨੂੰ ਤੋੜੇ ਬਿਨ੍ਹਾ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੀ ਗੱਲ ਗ਼ੈਰ-ਮਾਰਕਸੀ ਬਣ ਜਾਂਦੀ ਹੈ। ਪੈਦਾਵਾਰੀ ਸੰਬੰਧਾਂ ਨੂੰ ਤੋੜ ਕੇ ਨਵੇਂ ਸੰਬੰਧ ਉਸਾਰਨ ਦਾ ਉਸਾਰ ਵਿਚਲੇ ਚੱਲਣ ਵਾਲੇ ਜਮਾਤੀ ਸੰਘਰਸ਼ਾਂ 'ਚ ਇਨਕਲਾਬਾਂ ਰਾਹੀਂ ਸੱਲ ਕੀਤਾ ਜਾਂਦਾ ਹੈ ਜਿਸ ਅਧੀਨ ਲੁਟੀਦੀਆਂ ਜਮਾਤਾਂ ਖਾਸ ਤੌਰ ਤੇ ਅੱਜ ਦੇ ਯੁਗ 'ਚ ਮਜ਼ਦੂਰ ਜਮਾਤ ਲੁਟੇਰੀਆਂ ਜਮਾਤਾਂ ਦੀ ਸਤਾ ਨੂੰ ਤਹਿਸ਼ ਨਹਿਸ਼ ਕਰਕੇ ਆਪਣੇ ਨਜ਼ਰੀਏ ਅਨੁਸਾਰ ਸਤਾ ਦੀ ਕਇਮੀ ਰਾਹੀਂ ਸੰਬੰਧਤ ਸੁਆਲਾਂ ਨੂੰ ਹਲ ਕਰਦੀ ਹੈ ਅਤੇ ਕਰ ਸਕਦੀ ਹੈ।

ਤੀਸਰੇ ਨੁਕਤੇ 'ਚ ਪ੍ਰੇਰਨਾ ਸੰਬੰਧੀ ਵੱਖ ਵੱਖ ਧਾਰਮਿਕ ਗ੍ਰੰਥਾਂ ਦੀ ਗੱਲ ਕੀਤੀ ਹੈ। ਇਸ ਗੱਲ ਤੇ ਰੌਲਾ ਨਹੀਂ ਪਿਛਲੇ ਇਤਿਹਾਸ ਵੱਖ ਵੱਖ ਜਮਾਤਾਂ ਦੇ ਇਨਕਲਾਬੀ ਰੋਲ ਨੂੰ ਰੱਦ ਕੀਤਾ ਜਾਵੇ। ਜਾ ਮੁਗ਼ਲ ਸਾਮਰਾਜ ਅਧੀਨ ਸਿੱਖ-ਲਹਿਰ ਦੇ ਇਨਕਲਾਬੀ ਰੋਲ ਦੀ ਰੱਦ ਕੀਤਾ ਜਾਵੇ ਜਾਂ ਉਸ ਤੋਂ ਹਾ ਪੱਖੀ ਪ੍ਰੇਰਨਾ ਨਾਂ ਲਈ ਜਾਵੇ। ਪਰ ਭਗਵਤ ਗੀਤਾ, ਰਮਾਇਣ ਵਰਗੇ ਸਿਰੇ ਦੇ ਪਿਛਾ ਖੜੀ ਧਾਰਮਿਕ ਗ੍ਰੰਥ ਭਾਰਤੀ ਇਨਕਲਾਬ ਨੂੰ ਕਿਸੇ ਵੀ ਕਿਸਮ ਦੀ ਹਾਂ ਪੱਖੀ ਪ੍ਰੇਰਨਾ ਨਹੀਂ ਦੇ ਸਕਦੇ।

ਪੰਜਵੇਂ ਨੁਕਤੇ ਅਧੀਨ ਪੈਦਾਵਾਰੀ ਸਾਧਨਾਂ ਦੀ ਕੌਮੀ ਮਲਕੀਅਤ ਅਤੇ ਇਸ ਦੀ ਪੂਰਤੀ ਲਈ ਕੌਮੀਕਰਣ ਦੀ ਵਿਵਸਥਾ ਅਤੇ ਕੌਮੀਕਰਣ ਹੋਏ ਅਦਾਰਿਆਂ ਦੇ ਨਿਸ਼ਾਨੇ ਕੰਮਪਿਊਟਰ ਦੀ ਸਹਾਇਤਾ ਨਾਲ ਮਿਥੇ ਜਾਣਗੇ। ਨਿਸ਼ਾਨਿਆਂ ਦੀ ਨਾਂ ਪ੍ਰਾਪਤੀ ਵਾਲੀ ਹਾਲਤ 'ਚ ਅਧਿਕਾਰੀਆਂ ਨੂੰ ਜ਼ੁੰਮੇਵਾਰ ਠਹਿਰਾਇਆ ਅਤੇ ਸਜ਼ਾ ਭਾਗੀ ਬਣਾਉਣ ਦੀ ਧਾਰਨਾਂ ਮਜੂਦਾ ਰਾਜ ਪ੍ਰਬੰਧ ਜੋ ਸਾਮਰਾਜੀ ਅਤੇ ਜੰਮੀਰੂ ਹਿੱਤਾਂ ਦੀ ਪੂਰਤੀ ਕਰਦਾ ਹੈ ਨੂੰ ਖ਼ਤਮ ਕੀਤੇ ਉਪਰੋਕਤ ਕਦਮ ਪੁਟਣਾ ਅਸੰਭਵ ਗੱਲ ਹੈ।

ਛੇਵੇਂ -ਮੁਕਤੇ 'ਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੀ ਗੱਲ ਕੀਤੀ ਹੈ ਅਤੇ ਭ੍ਰਿਸਟਾਚਾਰ ਨੂੰ ਹੀ ਪੁਲਸ ਜਬਰ ਦੀ ਜੜ੍ਹ ਦੱਸਿਆ ਹੈ। ਇਸ ਵਿਚ ਕੁਝ ਸੱਚਾਈ

ਹੈ ਕਿ ਪੁਲਸ ਜਬਰ ਨੂੰ ਭ੍ਰਿਸ਼ਟਾਚਾਰ ਉਤੇਜਿਤ ਕਰਦਾ ਹੈ ਪਰ ਇਸ ਦੀ ਅਸਲੀ ਜੜ੍ਹ ਜਮਾਤੀ ਸਮਾਜ ਹੈ, ਜਿਸ ਅਧੀਨ ਲੁਟੇਰਿਆਂ ਜਮਾਤਾਂ ਮੇਹਨਤਕਸ਼ ਜਮਾਤਾਂ ਨੂੰ ਹਰ ਪੱਖੋਂ ਦਬਾਉਂਦੀਆਂ ਹਨ। ਸੋ ਹਾਕਮ ਜਮਾਤਾਂ ਦੀ ਜਮਾਤਾਂ ਦੀ ਸਤਾ ਨੂੰ ਚਕਨਾ ਚੂਰ ਕੀਤੇ ਵਗੈਰ, ਜਿਹੜੀ ਕਿ ਕੁਝ ਭ੍ਰਿਸ਼ਟ ਅਧਿਕਾਰੀਆਂ ਦੇ ਖ਼ਤਮ ਹੋਣ ਨਾਲ ਖ਼ਤਮ ਨਹੀਂ ਹੋਣ ਲੱਗੀ, ਸਗੋਂ ਭ੍ਰਿਸ਼ਟਾਚਾਰ ਲਗਾਤਾਰ ਪੈਦਾ ਕਰਦੀ ਹੈ, ਭ੍ਰਿਸ਼ਟਾਚਾਰ, ਪੁਲਸੀ ਜਬਰ ਅਤੇ ਅਜਿਹੀਆਂ ਹੋਰ ਅਲਾਮਤਾ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਸਾਨੂੰ ਚਾਹੀਦਾ ਹੈ ਕਿ ਅਸੀਂ ਭ੍ਰਿਸ਼ਟਾਚਾਰ ਅਤੇ ਪੁਲਸੀ ਜਬਰ ਖਾਤਮੇ ਲਈ ਸੰਘਰਸ਼ ਕਰੀਏ ਅਤੇ ਇਸਨੂੰ ਸਤਾ ਦੇ ਖ਼ਾਤਮੇ ਨਾਲ ਜੋੜੀਏ।

ਸਤਵੇਂ ਨੁਕਤੇ ਅਧੀਨ ਮੌਜੂਦਾ ਚੋਣ ਪ੍ਰਬੰਧ ਦੇ ਨਾਕਸ਼ ਹੋਣ ਦੀ ਗੱਲ ਕੀਤੀ ਹੈ ਜਿਸ ਨੂੰ ਤੁਸੀਂ ਧਨ ਖੇਡ ਬਣ ਚੁੱਕਿਆ ਕਿਹਾ ਹੈ। ਇਸ ਨੂੰ ਸੁਧਾਰਨ ਲਈ ਸਕਿਉਰਟੀ ਵਧਾਉਣ ਅਤੇ ਪਰਚਾਰ ਢੰਗ ਵਿਚ ਸੁਧਾਰ ਦੀ ਵਿਵਸਥਾ ਜ਼ਾਹਰ ਕੀਤੀ ਹੈ। ਪਹਿਲੀ ਗੱਲ ਤਾਂ ਇਹ ਕਿ ਜਦੋਂ ਤੁਸੀਂ ਸੁਧਾਰਾਂ ਦੀ ਗੱਲ ਕਰਦੇ ਹੋ ਤਾਂ ਇਉਂ ਲੱਗਦਾ ਕਿ ਜਿਵੇਂ ਸਭ ਕੁਝ ਤੁਹਾਡੇ ਹੱਥ 'ਚ ਹੋਵੇ ਜਾਂ ਇਉਂ ਬਣਦਾ ਹੈ ਕਿ ਤੁਸੀਂ ਚੋਣਾਂ ਵਿਚ ਭਾਰੂ ਹੈਸੀਅਤ 'ਚ ਜਿੱਤਣ ਦੀ ਸੰਭਾਵਨਾ ਰੱਖਦੇ ਹੋਵੋਂ। ਪਰ ਮਜੂਦਾ ਸਾਮਰਾਜੀ ਜੰਗੀਰੂ ਹਾਕਮ ਇਨ੍ਹਾਂ ਭੋਲੇ ਭਾਲੇ ਨਹੀਂ ਜੋ ਤੁਹਾਨੂੰ ਅਜਿਹੀ ਮੌਕੇ ਬਖਸਣ ਜਾ ਪਰਦਾਨ ਕਰਨ। ਦੂਸਰਾ ਮਨ ਲਵੋਂ ਤੁਸੀਂ ਚੋਣਾਂ ਵਿਚ ਜਿੱਤ ਵੀ ਜਾਂਦੇ ਹੋ, ਤਾਂ ਸਾਡੇ ਸਾਹਮਣੇ ਪੈਰਸ ਕਮਿਊਨ ਦਾ ਤਜਰਬਾ ਅਤੇ ਚਿਲੀ ਦਾ ਤਜਰਬਾ ਮੌਜੂਦ ਹੈ। ਇਹ ਗੱਲ ਹਾਕਮ ਜਮਾਤਾਂ ਦੀ ਰਜ਼ਾ ਤੋਂ ਤਹਿ ਨਹੀਂ ਕਰਨੀ ਚਾਹੀਦੀ ਸਗੋਂ ਹਾਕਮ ਜਮਾਤਾਂ ਦੇ ਖਾਸੇ ਤੋਂ ਤਹਿ ਕਰਨੀ ਚਾਹੀਦੀ ਹੈ। ਇਹ ਠੀਕ ਹੈ ਕਿ ਹਾਕਮਾ ਸਮਾਤਾਂ ਦੇ ਹਿੱਤਾਂ ਦੀ ਪੂਰਤੀ ਵਜੋਂ ਜਿੱਤਣ ਦੀ ਸੰਭਾਵਨਾ ਰੱਖੀ ਜਾ ਸਕਦੀ ਅਤੇ ਸਰਕਾਰ ਚਲਾਈ ਜਾ ਸਕਦੀ। ਇਸ ਤੋਂ ਅੱਗੇ ਜਿਹੜੀ ਸਕਿਉਰਟੀਆਂ ਦੇ ਵਾਧੇ ਦੀ ਗੱਲ ਤੁਸੀਂ ਕਰਦੇ ਹੋ ਇਹ ਆਪਣੇ ਆਪ 'ਚ ਹੀ ਧਨ ਦੀ ਖੇਡ ਹੈ।

ਅਠਵੇਂ ਨੁਕਤੇ ਦੀ ਜੰਗ ਅਤੇ ਅਮਨ ਦਾ ਮਸਲਾ ਅਤੇ ਵਿਦੇਸ਼ ਨੀਤੀ ਨੂੰ ਲਿਆ ਗਿਆ ਹੈ। ਇਸ ਵਿਚ ਤੁਸੀਂ ਹੱਕੀ ਜੰਗਾਂ ਅਤੇ ਗੈਰ ਹੱਕੀ ਜੰਗਾਂ ਦਾ ਕੋਈ ਨਿਖੇੜਾ ਨਹੀਂ ਕੀਤਾ। ਕਿਉਂਕਿ ਮਜਦੂਰ ਜਮਾਤ ਨੂੰ ਸੰਸਾਰ ਵਿਆਪੀ ਲੁਟ ਖਸੁੱਟ ਰਹਿਤ ਸਮਾਜ ਸਿਰਜਣ ਵਾਸਤੇ ਕਿੰਨੀਆਂ ਈ ਹੱਕੀ ਜੰਗਾਂ ਲੜਨੀਆਂ ਪੈਣਗੀਆਂ ਜਿਹੜੀਆਂ ਲਾਜ਼ਮੀ ਹੀ ਸਾਮਰਾਜੀ ਅਮਨ ਨੂੰ ਭੰਗ ਕਰਨਗੀਆਂ। ਕਿਉਂਕਿ ਸੰਸਾਰ ਪੱਧਰੀ ਸਾਮਰਾਜ ਦਾ ਖਾਤਮਾ ਹੀ ਸੰਸਾਰ ਅਮਨ ਦੀ ਗਰੰਟੀ ਬਣੇਗਾ। ਸੋ ਸਾਡੀਆਂ ਦਾਅ ਪੇਚਕ ਅਮਨ ਸੰਧੀਆਂ, ਜਾਂ ਸੰਸਾਰ ਅਮਨ ਦਾ ਨਾਹਰਾ ਇਸੇ ਚੌਖਟੇ ਹੀ ਤਹਿ ਕੀਤਾ ਜਾ ਸਕਦਾ ਹੈ ਅਤੇ ਜਾਣਾ ਚਾਹੀਦਾ ਹੈ।

ਦਸਵੇਂ ਨੁਕਤੇ 'ਚ ਵਿਦਿਅਕ ਪ੍ਰਬੰਧ ਅਧੀਨ ਕਈ ਫੌਰੀ ਕਦਮ ਦਰੁਸਤ ਹਨ। ਪਰ ਇਸ ਨਾਲ ਵਿਦਿਅਕ ਪ੍ਰਬੰਧ ਵਿਚ ਬੁਨਿਆਦੀ ਤਬਦੀਲੀ ਦੀ ਗੱਲ ਪੂਰੀ ਨਹੀਂ ਹੋ ਜਾਂਦੀ।

ਆਖਰੀ ਅਪੀਲ, ਪਰੋਲਤਾਰੀ ਪਾਰਟੀ ਦੇ ਅਗਵਾਨੂੰ ਰੋਲ ਸਬੰਧੀ ਸਪਸ਼ਟ ਨਹੀਂ ਕਿਉਂਕਿ ਮਜ਼ਦੂਰ ਜਮਾਤ ਦੇ ਨਿਸ਼ਾਨੀਏ ਨੂੰ ਪਗਾਉਣ ਲਈ ਅਗਵਾਈ ਦੇ ਸੁਆਲ ਨੂੰ ਲਾਜਮੀ ਹੀ ਆਪਣੀ ਗਰਿਫਤ ਵਿਚ ਰੱਖਣਾ ਪਵੇਗਾ। ਇਸ ਲਈ ਪਾਰਟੀ ਤੋਂ ਬਾਹਰ ਦੇ ਸੰਘਰਸ਼ਾਂ ਦੇ ਸਮਰਥਨ ਤਕ ਹੀ ਸੀਮਤ ਨਹੀਂ ਰਹਿਣਾ ਹੋਵੇਗਾ ਸਗੋਂ ਆਪਣੀ ਅਗਵਾਈ ਹੇਠ ਲਿਆਉਣਾ ਪਵੇਗਾ। ਜੇਕਰ ਪਾਰਟੀ ਅਜੇਹਾ ਕਰਨ 'ਚ ਅਯੋਗ ਹੋਵੇਗੀ ਜਾਂ ਇਸਨੂੰ ਛੱਡੇਗੀ ਤਾਂ ਮਜ਼ਦੂਰ ਜਮਾਤ ਦੇ ਕਮਿਊਨਿਸਟ ਸਮਾਜ ਸਿਰਜਣ ਦਾ ਮਿਸ਼ਨ ਤਾਂ ਇਕ ਪਾਸੇ ਰਿਹਾ, ਵਕਤੀ ਘੋਲਾਂ ਨੂੰ ਸਹੀ ਅਗਵਾਈ ਨਹੀਂ ਦੇ ਸਕੇਗੀ।

ਅੰਤ ਚ ਤੁਹਾਡੇ ਵੱਲੋਂ,ਇਕ ਇਨਕਲਾਬੀ ਪਾਰਟੀ ਦੀ ਲੋੜ ਸਬੰਧੀ ਕੀਤੇ ਅਹਿਸਾਸ ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦੇ ਵੀ 'ਮੈਨੀਫੈਸ਼ਟੋ' ਨੂੰ ਉਸ ਵਿਚ ਦਰਜ਼ ਪਹਿਲੂਆਂ ਚੋਂ ਬੁਨਿਆਦੀ ਕਚਿਆਈ ਹੋਣ ਕਾਰਣ ਏਕਤਾ ਦੀ ਸਮੱਸਿਆ ਜਾ ਪਾਰਟੀ ਉਸਾਰੀ ਪ੍ਰਤੀ ਠੋਸ ਰੂਪ 'ਚ ਸੰਬੋਧਤ ਨਹੀਂ ਮੰਨਿਆ ਜਾ ਸਕਦਾ। ਸੋ ਤੁਹਾਡਾ ਮੈਨੀਫੈਸਟੋ ਭਾਵਨਾ ਦਾ ਇਜ਼ਹਾਰ ਤਾਂ ਜ਼ਰੂਰ ਹੈ ਪਰ ਲੋੜ ਦਾ ਹਕੀਕੀ ਬਦਲ ਨਹੀਂ ਸੁਲਝਾਉਂਦਾ। ਫਿਰ ਵੀ ਤੁਹਾਡੇ ਵੱਲੋਂ ਇਸ ਲੋੜ ਪ੍ਰਤੀ ਕੀਤਾ ਅਹਿਸਾਸ ਤੇ ਉਦਮ, ਜੋ ਸਾਂਝੇ ਯਤਨਾਂ ਨਾਲ ਹਕੀਕੀ ਬਣ ਸਕਦੀ ਹੈ। ਪ੍ਰਸੰਸਾਯੋਗ ਹੈ।

## ਇਕ ਵਿਸ਼ਾਲ ਅਤੇ ਮਕਬੂਲ ਇਨਕਲਾਬੀ ਪਾਰਟੀ ਸਮੇਂ ਦੀ ਲੋੜ/ਦੇਵਾ ਸਿੰਘ ਮਾਹਲਾ

ਫਰਵਰੀ 1983 ਦੇ ਸੰਮਤਾ ਅੰਕ 33 ਵਿਚ ਤੁਸੀਂ ਇਕ ਸੰਪਾਦਕੀ 'ਆਓ ਸਮੇਂ ਦੇ ਹਾਣੀ ਬਣੀਏ'। ਲਿਖਿਆ ਹੈ, ਜਿਸ ਵਿਚ ਤੁਸੀਂ ਚੋਣਾਂ ਵਿਚ ਆਂਧਰਾ ਅਤੇ ਕਰਨਾਟਕ ਵਿਚ ਇੰਦਰਾ ਕਾਂਗਰਸ ਦੀ ਹਾਰ ਨੂੰ ਇਕ ਸ਼ੁਭ ਸ਼ਗਨ ਦਸਿਆ ਹੈ। ਅਤੇ ਕਾਂਗਰਸ ਦੇ 35 ਸਾਲਾਂ ਦੇ ਰਾਜ ਵਿਚ ਬੇਈਮਾਨੀ ਤੇ ਭਰਿਸ਼ਟਾਚਾਰ ਦੇ ਬੇਹਦ ਵਧ ਜਾਣ ਨਾਲ ਇਕ ਈਮਾਨਦਾਰ ਸਰਕਾਰ ਦੀ ਲੋਕਾਂ ਵਲੋਂ ਮੰਗ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਅਗੇ ਤੁਸੀਂ

ਖੱਬੀਆਂ ਪਾਰਟੀਆਂ ਦੇ ਕਿਰਦਾਰ ਅਤੇ ਕਮਿਊਨਿਸਟ ਲੀਡਰ ਦੀ ਕਮਜ਼ੋਰੀ ਦਾ ਵੀ ਜ਼ਿਕਰ ਕੀਤਾ ਹੈ। ਅਤੇ ਕਿਹਾ ਹੈ ਕਿ ਇਨ੍ਹਾ ਖੱਬੀਆਂ ਪਾਰਟੀਆਂ ਨੂੰ ਲੋਕਾਂ ਦੀ ਨਬਜ਼ ਫੜਨੀ ਨਹੀਂ ਆਈ। ਅਤੇ ਇਸ ਪਰਖ ਅਨੁਸਾਰ ਕਮਿਊਨਿਸਟ ਲੀਡਰਸ਼ਿਪ ਨੂੰ ਇਕ ਨਾਲਾਇਕ ਲੀਡਰ-ਸ਼ਿਪ ਦਸਿਆ ਹੈ। ਇਹ ਤੁਸੀਂ ਬਿਲਕੁਲ ਠੀਕ ਨਿਰਨਾ ਕੀਤਾ ਹੈ। ਪਰ ਅਜ ਲੋਕ ਇਵੇਂ ਤਕ ਕਹਿ ਰਹੇ ਹਨ ਕਿ ਜੋ ਪਿਛਲੇ 35 ਸਾਲਾਂ ਤੋਂ ਭ੍ਰਿਸ਼ਟ ਤੇ ਭੈੜੇ ਕੰਮ, ਲੁਟ ਖਸੁਟ ਤੇ ਕਤਲਾਮ ਸਾਡੇ ਦੇਸ਼ ਵਿਚ ਹੋ ਰਹੀ ਹੈ ਇਸਦੀ ਮੁਢਲੀ ਜ਼ਿੰਮੇਵਾਰੀ ਹਿੰਦ ਕਮਿਊਨਿਸਟ ਪਾਰਟੀ ਉਤੇ ਹੀ ਔਂਦੀ ਹੈ। ਜਿਨ੍ਹਨੇ ਇਕ ਇਨਕਲਾਬੀ ਰਾਹ ਤੇ ਮਾਰਕਸੀ ਲੈਨਿਨੀ ਸਿਧਾਂਤ ਨੂੰ ਛੱਡਕੇ ਹਿੰਦੁਸਤਾਨ ਦੇ ਲੋਕਾਂ ਨੂੰ ਅਤੇ ਮਜ਼ਦੂਰਾਂ ਕਿਸਾਨਾਂ ਨੂੰ ਸੁਧਾਰਵਾਦੀ ਰਾਹ ਤੇ ਪਾਇਆ ਅਤੇ ਸ਼ਾਂਤਮਈ ਨਾਲ ਹੀ ਗਾਂਧੀਵਾਦੀ ਰਾਹ ਤੇ ਚਲਕੇ, ਇਤਹਾਦੀ ਸਭਾ ਤੇ ਬਰਤਾਨੀਆਂ ਦੀ ਲੇਬਰ ਸਰਕਾਰ ਉਤੇ ਆਜ਼ਾਦੀ ਹਾਸਲ ਕਰਨ ਦੀਆਂ ਆਸਾਂ ਲਾਈ ਰਖੀਆਂ ਅਤੇ ਆਪਣੇ ਵਿਚੋਂ ਇਸ ਰਾਹ ਤੇ ਚਲਣ ਵਾਲੇ ਇਨਕਲਾਬੀ ਅਨਸਰਾਂ ਨੂੰ ਪਾਰਟੀ ਵਿਚੋਂ ਖਾਰਜ ਕਰਨਾ ਅਤੇ ਉਨ੍ਹਾਂ ਨੂੰ ਆਪਣਾ ਅੱਡ ਸੈਂਟਰ ਬਣਾ ਲੈਣ ਦੀਆਂ ਧਮਕੀਆਂ ਦਿਤੀਆਂ। ਜਨਤਾ ਨੂੰ ਕਾਂਗਰਸ ਤੇ ਮੁਸਲਿਮ ਲੀਗ ਦੀ ਸਰਮਾਏਦਾਰ ਲੀਡਰਸ਼ਿਪ ਮਗਰ ਲਾਈ ਰਖਣ ਦੇ ਪੂਰੇ ਯਤਨ ਕੀਤੇ। ਅਤੇ ਦੇਸ਼ ਦੀ ਵੰਡ ਦੇ ਭਿਆਨਕ ਤੇ ਖਤਰਨਾਕ ਮਨਸੂਬਿਆਂ ਦੀ ਤੇ ਪਾਕਿਸਤਾਨ ਬਣਾਏ ਜਾਣ ਦੀ ਹਮਾਇਤ ਕੀਤੀ। ਸਗੋਂ ਮੁਸਲਿਮ ਲੀਗ ਨੂੰ ਆਪਣੀ ਪਾਰਟੀ ਵਿਚੋਂ ਵਰਕਰ ਤੇ ਲੀਡਰ ਦੇ ਕੇ ਮਜ਼ਬੂਤ ਕੀਤਾ। ਇਥੇ ਹੀ ਬੱਸ ਨਹੀਂ ਸਗੋਂ ਉਸੇ ਸੁਭਾਸ਼ ਚੰਦਰ ਬੋਸ ਨੂੰ ਜਾਪਾਨ ਤੇ ਟੋਜੋ (ਜਪਾਨ ਦੇ ਦੂਜੀ ਵਡੀ ਜੰਗ ਸਮੇਂ ਡਿਕਟੇਟਰ) ਦੇ ਏਜੰਟ ਤੇ ਗਦਾਰ ਕਹਿ ਕੇ ਪਰਚਾਰਿਆ ਅਤੇ ਬਰਤਾਨਵੀ ਸਾਮਰਾਜ ਦੀ ਹਮਾਇਤ ਹੀ ਨਹੀਂ ਕੀਤੀ ਸਗੋਂ 1943 ਵਿਚ 150 ਕਮਿਊਨਿਸਟ ਵਰਕਰ ਜਾਪਾਨੀ ਫਾਸਿਜ਼ਮ ਵਿਰੁਧ ਲੜਨ ਤੇ ਜਾਸੂਸੀ ਕਰਨ ਲਈ ਹਿੰਦ ਸਰਕਾਰ ਨੂੰ ਦਿਤੇ। ਜਦ ਕਿ ਮਾਰਚ 1939 ਨੂੰ ਇਸੇ ਸੁਭਾਸ਼ ਬੋਸ ਨੂੰ ਆਲ ਇੰਡੀਆ ਕਾਂਗਰਸ ਦੇ ਅਜ਼ਲਾਸ ਵਿਚ ਪ੍ਰਧਾਨਗੀ ਦੀ ਚੋਣ ਸਮੇਂ ਵੋਟਾਂ ਦੇ ਕੇ ਗਾਂਧੀ ਦੇ ਉਮੀਦਵਾਰ ਮਿ: ਪਟਾ ਭਯਾ ਸੀਤਾ ਰਾਮ ਨੂੰ ਹਰਾਇਆ ਸੀ। ਸੁਭਾਸ ਬੋਸ ਦੀ ਇਸ ਚੋਣ ਵਿਚ ਜਿਤ ਕਾਂਗਰਸ ਦੇ ਵਿਚ ਖਬੇ ਧੜੇ ਦੀ ਏਕਤਾ ਦੀ ਜਿੱਤ ਸੀ ਅਤੇ ਉਸ ਗਾਂਧੀ ਨੂੰ ਹਰਾਇਆ ਸੀ ਜੋ ਕਹਿੰਦਾ ਸੀ ਕਿ ਜੰਗ ਵਿਚ ਫਸੇ ਦੁਸ਼ਮਨ ਨੂੰ ਹੈਰਾਨ ਤੇ ਪਰੇਸ਼ਾਨ ਕਰਨ ਵਿਚ ਮੇਰਾ ਵਿਸ਼ਵਾਸ਼ ਨਹੀਂ ਹੈ। ਉਸ ਵੇਲੇ ਦੁਨੀਆਂ ਵਿਚ ਤੇ ਯੂਰਪ ਵਿਚ ਦੂਜੀ ਵਡੀ ਜੰਗ ਛਿੜਨ ਦੇ ਹਾਲਾਤ ਪੈਦਾ ਹੋ ਚੁਕੇ ਸਨ ਅਤੇ ਸਾਫ ਦਿਸ ਰਿਹਾ ਸੀ ਕਿ ਬਰਤਾਨਵੀ ਸਰਕਾਰ ਇਸ ਜੰਗ ਵਿਚ ਲਾਜ਼ਮੀ ਸ਼ਰੀਕ ਹੋਵੇਗੀ ਅਤੇ ਸੁਭਾਸ਼ ਚੰਦਰ ਬੋਸ ਉਨ੍ਹਾਂ ਇਨਕਲਾਬੀ ਤੇ ਆਗੂ ਵਧੂ ਦੇਸ਼ ਭਗਤਾਂ ਤੇ ਆਮ ਲੋਕਾਂ ਦੀ ਅਗਵਾਈ ਕਰ ਰਿਹਾ ਸੀ ਜੋ ਇਸ ਜੰਗ ਨੂੰ ਆਜ਼ਾਦੀ ਜਿੱਤਣ ਦਾ ਵਧੀਆ ਮੌਕਾ ਸਮਝਦੇ ਸਨ। ਇਸੇ ਲਈ ਸਰਬ ਹਿੰਦ ਕਾਂਗਰਸ ਵਲੋਂ ਸੁਭਾਸ਼ ਬਾਬੂ ਇਕ ਸਾਲ ਦਾ ਅਲਟੀਮੇਟਮ ਅੰਗਰੇਜ਼ ਸਾਮਰਾਜੀਆਂ ਨੂੰ ਦੇਣਾ ਚਾਹੁੰਦਾ ਸੀ ਕਿ ਜੇ ਇਸ ਅਰਸੇ ਵਿਚ ਭਾਵ 31 ਮਾਰਚ 1940 ਤਕ ਓਹ ਹਿੰਦੁਸਤਾਨ ਨੂੰ ਆਜ਼ਾਦੀ ਨਾ ਦੇਣ ਤਾਂ ਓਹ ਇਸਦੇ ਵਿਰੁਧ ਆਪਣੀ ਆਜ਼ਾਦੀ ਦੀ ਜੰਗ ਸ਼ੁਰੂ ਕਰ ਦੇਣਗੇ। ਪਰ ਗਾਂਧੀ ਉਸ ਵੇਲੇ ਬਿਰਲਿਆਂ ਟਾਟਿਆਂ ਦਾ ਪ੍ਰਤੀਨਿਧ ਬਣਕੇ ਕਾਂਗਰਸ ਦੇ ਸਮਝੌਤਾਵਾਦੀ ਲੀਡਰਾਂ ਦੀ ਅਗਵਾਈ ਕਰ ਰਿਹਾ ਸੀ ਅਤੇ ਜਿਨ੍ਹਾਂ ਵਿਚ ਬਾਬੂ ਰਾਜਿੰਦਰ ਪ੍ਰਸਾਦ, ਰਾਜਗੁਪਾਲ ਆਚਾਰੀਆ, ਨਹਿਰੂ, ਕਿਰਪਲਾਨੀ ਆਦਿ ਗਾਂਧੀ ਦੇ ਨਾਲ ਸਨ। ਇਹ ਇਕ ਲੰਮਾ ਇਤਿਹਾਸ ਹੈ ਕਿ ਕਿਵੇਂ ਸੁਭਾਸ਼ ਚੰਦਰ ਬੋਸ ਨੂੰ ਕਾਂਗਰਸ ਵਿਚੋਂ ਨਿਕਲ ਕੇ ਫਾਰਵਰਡ ਬਲਾਕ ਬਨਾਉਣਾ ਪਿਆ ਅਤੇ ਫਿਰ ਓਹ ਗ੍ਰਿਫਤਾਰ ਹੋਏ ਤੇ ਜਦ ਬੀਮਾਰੀ ਦੀ ਹਾਲਤ ਵਿਚ 1941 ਵਿਚ ਰਿਹਾ ਕੀਤੇ ਗਏ ਤੇ ਘਰ ਵਿਚ ਕਲਕਤੇ ਨਜ਼ਰਬੰਦ ਕੀਤੇ ਗਏ ਤਾਂ ਜੂਨ 1941 ਵਿਚ ਭੇਸ ਬਦਲ ਕੇ ਕਾਬਲ ਦੇ ਰਸਤੇ ਪਹਿਲਾਂ ਰੂਸ ਤੇ ਫਿਰ ਜਰਮਨੀ ਚਲੇ ਗਏ ਅਤੇ ਫਿਰ ਸੰਨ 1943 ਵਿਚ ਸਿੰਘਾਪੁਰ ਆ ਕੇ ਆਜ਼ਾਦ ਹਿੰਦ ਫੌਜ ਦੋਬਾਰਾ ਬਣਾਈ ਤੇ ਅੰਗਰੇਜ਼ ਸ਼ਾਮਰਾਜ ਵਿਰੁਧ ਅਖੀਰ ਦੰਮ 1945 ਤਕ ਲੜਦੇ ਰਹੇ। ਮਾਰਚ 1948 ਵਿਚ ਹਿੰਦ ਕ: ਪਾਰਟੀ ਦੀ ਦੂਜੀ ਕਾਂਗਰਸ ਜੋ ਕਲਕਤੇ ਵਿਚ ਹੋਈ, ਉਸ ਵਿਚ ਪਾਰਟੀ ਦੇ ਰਹਿ ਚੁਕੇ ਜਨਰਲ ਸਕੱਤਰ ਪੀ. ਸੀ. ਜੋਸ਼ੀ ਨੇ ਆਪਣੀ ਸਵੈ-ਨੁਕਤਾ ਚੀਨੀ ਵਿਚ ਸਾਫ ਸਾਫ ਦਸਿਆ ਕਿ ਉਸਨੇ ਪਾਰਟੀ ਨੂੰ ਸਾਮਰਾਜ ਦਾ ਦੁੰਮ ਛੱਲਾ ਬਣਾ ਦਿਤਾ ਅਤੇ ਸੁਧਾਰਵਾਦੀ ਰਾਹਾਂ ਤੇ ਚਲਾਈ ਰਖਿਆ। ਨਹਿਰੂ ਤੇ ਗਾਂਧੀ ਦੀ ਗ਼ਦਾਰੀ ਨੂੰ ਕੌਮੀ ਹਕੂਮਤ ਦਸਿਆ ਜਦ ਕਿ ਸਾਫ ਪਤਾ ਸੀ ਕਿ ਸਾਮਰਾਜ ਹਿੰਦੁਸਤਾਨ ਦੀ ਵਡੀ ਸਰਮਾਏਦਾਰੀ ਨਾਲ ਸਮਝੌਤਾ ਕਰ ਰਿਹਾ ਹੈ। ਅਤੇ ਇਹ ਸਮਝੌਤਾ ਆਜ਼ਾਦੀ ਨਹੀਂ ਸਗੋਂ ਇਨਕਲਾਬ ਨੂੰ ਰੋਕਣ ਤੇ ਆਪਣੇ ਪਿਠੂਆਂ ਦੇ ਹਥ ਹਕੂਮਤੀ ਅਧਿਕਾਰ ਦੇ ਕੇ ਓਹ ਆਰਥਕ ਤੇ ਰਾਜਸੀ ਅਧਿਕਾਰਾ ਨੂੰ ਸੁਰਖਿਅਤ ਕਰਨਾ ਚਾਹੁੰਦੇ ਸਨ ਪਰ ਹਿੰਦ ਕਮਿਊਨਿਸਟ ਪਾਰਟੀ ਦੇ ਲੀਡਰ ਇਥੇ ਬਿਲਕੁਲ ਗਲਤ ਲਾਈਨ ਚਲਾ ਰਹੇ ਸਨ। ਮਾਊਂਟ

ਬੈਟਨ ਪਲਾਨ ਜੋ 3 ਜੂਨ 1947 ਨੂੰ ਦੇਸ਼ ਦਾ ਬਟਵਾਰਾ ਕਰਦਾ ਸੀ ਉਸ ਦੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਨੇ ਹਮਾਇਤ ਕੀਤੀ। ਹਾਲਾਂਕਿ ਥੱਲੇ ਰੈਂਕਸ ਵਿਚ ਇਸ ਦਾ ਸਖਤੀ ਨਾਲ ਵਿਰੋਧ ਹੋ ਰਿਹਾ ਸੀ। ਸੰਨ 1931 ਦੇ ਗਾਂਧੀ-ਇਰਵਨ ਸਮਝੌਤੇ ਤੋਂ ਪਿਛੋਂ ਆਲ ਇੰਡੀਆ ਕਾਂਗਰਸ ਵਿਚ ਸਜਾ ਤੇ ਖੱਬਾ ਧੜਾ ਦੋਵੇਂ ਆਪਣੀ ਅੱਡ-ਅੱਡ ਸਿਆਸਤ ਚਲਾ ਰਹੇ ਸਨ। ਦਿਊਲੀ ਕੈਂਪ ਵਿਚ ਨਜ਼ਰਬੰਦੀ ਸਮੇਂ ਗਦਰ ਪਾਰਟੀ ਤੇ ਕਿਰਤੀ ਕਿਸਾਨ ਪਾਰਟੀ ਦੇ ਲੀਡਰਾਂ ਏਕਤਾ ਕੀਤੀ। ਪਰ ਕਿਰਤੀ ਪਾਰਟੀ ਵਾਲੇ ਹਮੇਸ਼ਾ ਹੀ ਪਾਰਟੀ ਦੀਆਂ ਗ਼ਲਤ ਨੀਤੀਆਂ ਦਾ ਖੰਡਨ ਕਰਦੇ ਰਹੇ ਅਤੇ ਗਾਂਧੀ ਤੇ ਨਹਿਰੂ ਦਾ ਵਿਰੋਧ ਕਰਦੇ ਰਹੇ ਕਿ ਸਾਮਰਾਜ ਨਾਲ ਮਿਲਕੇ ਹਿੰਦੁਸਤਾਨ ਦੀ ਕੌਮੀ ਤੇ ਵੱਡੀ ਸਰਮਾਏਦਾਰੀ ਸਾਡੀ ਕੌਮੀ ਆਜ਼ਾਦੀ ਦੀ ਲਹਿਰ ਨੂੰ ਵਰਤ ਕੇ ਅੰਗਰੇਜ਼ ਸਾਮਰਾਜ ਤੇ ਸਮਝੌਤਾ ਕਰਨ ਲਈ ਦਬਾ ਪਾ ਰਹੀ ਹੈ। ਅਤੇ ਇਸ ਤਰ੍ਹਾਂ ਦੀ ਜਿੱਤੀ ਹੋਈ ਆਜ਼ਾਦੀ ਕਦੇ ਵੀ ਲੋਕਾਂ ਦੀ ਸੱਚੀ ਤੇ ਸਹੀ ਆਜ਼ਾਦੀ ਨਹੀਂ ਹੋਵੇਗੀ ਸਗੋਂ ਤਾਕਤ ਹੱਥ ਵਿਚ ਲੈ ਕੇ ਹਿੰਦੁਸਤਾਨ ਦੀ ਵਡੀ ਸਰਮਾਏਦਾਰੀ ਸਾਡੀ ਆਜ਼ਾਦੀ ਦੀ ਲਹਿਰ ਨੂੰ ਕੁਚਲੇ ਤੇ ਦਬਾਏਗੀ, ਇਹੀ ਕੁਝ ਪਿਛਲੇ 35 ਸਾਲਾਂ ਤੋਂ ਹੋ ਰਿਹਾ ਹੈ। ਪਰ ਕਮਿਊਨਿਸਟ ਲਹਿਰ ਵਿਚ ਤੇ ਜਨਤਾ ਵਿਚ ਭਰਮ ਭੁਲੇਖੇ ਪੈਦਾ ਕਰਨ ਵਿਚ ਅੱਜ ਵੀ ਹਿੰਦ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਅਜੇ ਉਸੇ ਪਾਲਿਸੀ ਤੇ ਚਲ ਰਹੀ ਹੈ, ਜਿਸ ਉਤੇ 1947 ਵਿਚ ਪੂਰਨ ਚੰਦ ਜੋਸ਼ੀ ਚਲਾ ਰਿਹਾ ਸੀ। ਪਹਿਲਾਂ ਇਹ ਨਹਿਰੂ ਦੀ ਪਿਛਲਗ ਬਣੀ ਰਹੀ ਫਿਰ ਇੰਦਰਾ ਗਾਂਧੀ ਦੀ। 1971 ਤੇ 1975 ਵਿਚ ਐਮਰਜੈਂਸੀ ਦੀ ਇਸਨੇ ਡਟ ਕੇ ਹਮਾਇਤ ਕੀਤੀ ਅਤੇ ਲੋਕਾਂ ਲਈ ਲਾਹੇਵੰਦ ਦਸਿਆ। ਬੁਰਜਵਾ ਪਾਰਲੀਮੈਂਟਰੀ ਜਮਹੂਰੀਅਤ ਨੂੰ ਜਮਹੂਰੀਅਤ ਕਹਿਕੇ ਪਰਚਾਰਿਆ ਤੇ ਇਸਦੀ ਹਮਾਇਤ ਕੀਤੀ। ਲੋਕਾਂ ਨੇ ਚੋਣਾਂ ਵਿਚ ਕੇਰਲਾ ਤੇ ਪਛਮੀ ਬੰਗਾਲ ਵਿਚ ਇਨ੍ਹਾਂ ਨੂੰ ਕਈ ਵਾਰ ਜਤਾਇਆ, ਪਰ ਦੇਸ਼ ਦੇ ਮੌਜੂਦਾ ਵਿਧਾਨ ਥਲੇ ਜੋ ਕਿ ਗੈਰ ਜਮਹੂਰੀ ਤੇ ਡਿਕਟੇਟਰਾਨਾ ਹੈ, ਇਹ ਲੋਕਾਂ ਲਈ ਕੁਝ ਨਾ ਕਰ ਸਕੇ। ਅਤੇ ਜਿਵੇਂ ਕੇਂਦਰੀ ਹਕੂਮਤ ਚਾਹੁੰਦੀ ਸੀ ਉਸੇ ਤਰ੍ਹਾਂ ਚਲਾਉਂਦੀ ਰਹੀ। ਕੇਰਲਾ ਵਿਚ ਨੰਬੂਦਰੀਪਾਦ ਦੀ ਹਕੂਮਤ ਨੂੰ 1958 ਵਿਚ 28 ਮਹੀਨੇ ਮਗਰੋਂ ਹੀ ਤੋੜ ਦਿਤਾ। ਅਤੇ ਅਜ ਵੀ ਪਤਾ ਨਹੀਂ ਆਂਧਰਾ ਵਿਚ ਰਾਮਾ ਰਾਓ ਦੀ ਹਕੂਮਤ ਕਿਤਨਾ ਚਿਰ ਚਲੇ।

ਫਿਰ ਜਿਸ ਸ਼ੇਖ ਅਬਦੁਲਾ ਨੂੰ ਇਹ ਨਹਿਰੂ ਮਗਰ ਲਗਕੇ 1953-54 ਵਿਚ ਗਦਾਰ ਤੇ ਅਮਰੀਕਾ ਦਾ ਏਜੰਟ ਤਕ ਕਹਿੰਦੇ ਰਹੇ, ਉਸੇ ਸ਼ੇਖ ਅਬਦੁਲਾ ਨਾਲ 22 ਸਾਲ ਪਿਛੋਂ ਫਰਵਰੀ 1975 ਵਿਚ ਇੰਦਰਾ ਗਾਂਧੀ ਨੇ ਸਮਝੌਤਾ ਕੀਤਾ ਅਤੇ ਕਸ਼ਮੀਰ ਦਾ ਮੁਖ ਮੰਤਰੀ ਬਣਾਇਆ। 1968-69 ਵਿਚ ਜਿਸ ਲਛਮਣ ਸਿੰਘ ਮੁਖ ਮੰਤਰੀ ਪੰਜਾਬ ਨੂੰ ਇਹ ਪਹਾੜਾ ਸਿੰਘੀ 'ਗਦਾਰ' ਕਹਿੰਦੇ ਰਹੇ ਹੁਣ ਉਸੇ 'ਗਦਾਰ' ਦੀ ਪੰਜਾਬ ਸੂਬੇ ਵਿਚ ਪੰਜਾਬੀ ਭਾਸ਼ਾ ਨੂੰ ਚਾਲੂ ਕਰਨ ਵਿਚ ਹਮਾਇਤ ਕਰ ਰਹੇ ਹਨ। ਜਿਸ ਗਵਾਂਢੀ ਚੀਨ ਵਿਚ 1949 ਦੇ ਇਨਕਲਾਬ ਨਾਲ ਚੀਨ ਦੀ ਕਮਿਊਨਿਸਟ ਪਾਰਟੀ ਤੇ ਕਾਮਰੇਡ ਮਾਓਸੇਤੁੰਗ ਦੀ ਜਿੱਤ ਨੂੰ ਇਹ ਸਲਾਹੁੰਦੇ ਤੇ ਉਛਾਲਦੇ ਰਹੇ। ਉਸੇ ਚੀਨ ਨੂੰ 13 ਸਾਲ ਪਿਛੋਂ 1962 ਵਿਚ ਹਮਲਾਵਰ ਕਹਿਕੇ ਮਾਓ ਤੇ ਚਾਓ ਨੂੰ ਭੰਡਦੇ ਤੇ ਅਮਨ ਦੇ ਵੈਰੀ ਆਖਦੇ ਰਹੇ। ਫਿਰ 1965 ਵਿਚ ਹਿੰਦ ਪਾਕ ਜੰਗ ਦੀ ਅਸਲੀਅਤ ਲੋਕਾਂ ਪਾਸ ਦਸਣ ਦੀ ਥਾਂ ਇਹ ਹਕੂਮਤ ਹਿੰਦ ਦੀ ਏਜੰਟੀ ਕਰਦੇ ਰਹੇ ਤੇ ਇਸ ਨੂੰ ਭਾਰਤ ਉਤੇ ਪਾਕਿਸਤਾਨ ਦਾ ਹਮਲਾ ਕਹਿਕੇ ਆਪਣੀ ਮਾਤ ਭੂਮੀ ਦੀ ਰਖਿਆ ਕਰਨ ਦੀ ਦੁਹਾਈ ਪਾਉਂਦੇ ਰਹੇ ਅਤੇ ਹਕੂਮਤ ਹਿੰਦ ਦੀ ਪੂਰੀ ਏਜੰਟੀ ਕੀਤੀ। ਇਸੇ ਤਰ੍ਹਾਂ 1971 ਦੀ ਪੂਰਬੀ ਪਾਕਿਸਤਾਨ ਨਾਲ ਹਿੰਦ ਪਾਕ ਜੰਗ ਵਿਚ ਇਨਾਂ ਭਰਾਮਾਰ ਜੰਗਾਂ ਵਿਚ ਜੋ ਇਕੋ ਦੇਸ਼ ਦੇ ਲੋਕਾਂ ਨੂੰ ਆਪਸ ਵਿਚ ਲੜਾਉਣ ਦੀ ਸਾਜ਼ਸ਼ ਸੀ ਤੇ ਨਕਸਲਬਾੜੀ ਦੀ ਕਿਸਾਨ ਬਗਾਵਤ ਨੂੰ ਫੇਲ੍ਹ ਕਰਨ ਲਈ ਤੇ ਆਪਣੇ ਪਿਠੂ ਸ਼ੇਖ ਮੁਜੀਬ ਨੂੰ ਗੱਦੀ ਤੇ ਬਿਠਾਕੇ ਬੰਗਲਾ ਦੇਸ਼ ਬਣਾ ਕੇ ਉਸਨੂੰ ਆਪਣੇ ਪ੍ਰਭਾਵ ਹੇਠ ਲਿਆਉਣ ਦੀ ਬਹੁਤ ਵੱਡੀ ਸਾਜ਼ਸ਼ ਸੀ ਪਰ ਕਮਿਊ-ਨਿਸਟ ਪਾਰਟੀਆਂ ਦੇ ਲੀਡਰ ਮਾਰਕਸੀ ਤੇ ਦੂਜੇ ਇਸ ਨੂੰ ਆਜ਼ਾਦੀ ਤੇ ਖੁਦਮੁਖਤਿਆਰੀ ਲਈ ਜੰਗ ਦਸਦੇ ਰਹੇ ਤੇ ਲੋਕਾਂ ਵਿਚ ਭਰਮ ਭੁਲੇਖੇ ਪਾਉਂਦੇ ਰਹੇ। ਜਿਹੜੀ ਪਾਰਟੀ ਭਰਾਮਾਰ ਜੰਗਾਂ ਦੀ ਹਮਾਇਤ ਕਰੇ, ਓਹ ਕਮਿਊਨਿਸਟ ਕਹਾਉਣ ਦੀ ਵੀ ਹਕਦਾਰ ਨਹੀਂ ਹੈ। ਲੇਬਲ ਭਾਵੇਂ ਉਹ ਕੁਝ ਲਾਈ ਫਿਰੇ। ਇਸ ਤਰ੍ਹਾਂ ਇਹ ਪਾਰਟੀ ਕਮਿਊਨਿਸਟ ਸਿਧਾਂਤਾਂ ਦੀ ਉਲੰਘਣਾ ਕਰਕੇ ਬੁਰਜਵਾਜ਼ੀ ਦੀ ਪਿਛਲਗ ਬਣਕੇ, ਗੱਲ ਸੜਕੇ ਖਤਮ ਹੋ ਚੁਕੀ ਹੈ। ਜਨਤਾ ਵਿਚ ਇਸਦੀ ਸਾਖ ਤੇ ਵਿਸ਼ਵਾਸ਼ ਖਤਮ ਹੋ ਚੁਕਾ ਹੈ। ਤੁਸੀਂ ਇਸਨੂੰ ਅਜ ਵੀ ਕਮਿਊ-ਨਿਸਟ ਲੀਡਰਸ਼ਿਪ ਸਮਝ ਕੇ ਨਾਲਾਇਕ ਤੇ ਮੌਕਾਪ੍ਰਸਤ ਕਹੋ—ਇਹ ਤੁਹਾਡੀ ਗਲਤੀ ਹੈ। ਇਹ ਤਾਂ ਸੂਝਵਾਨ ਕੌਮ ਦੇ ਗਦਾਰਾਂ ਤੇ ਮਕਾਰ ਲੀਡਰਾਂ ਦੀ ਜਮਾਤ ਬਣਕੇ ਰਹਿ ਗਈ ਹੈ, ਜੋ ਇਸੇ ਸਰਕਾਰ ਤੋਂ ਫਰੀਡਮ ਫਾਈਟਰ ਬਣਕੇ ਪੈਨਸ਼ਨਾਂ ਤੇ ਭੱਤੇ ਲੈ ਰਹੀ ਹੈ। ਜਗਜੀਤ ਅਨੰਦ ਨੂੰ ਤਾਂ ਇਸਦੀ ਸੇਵਾ ਬਦਲੇ ਆਪਣੀਆਂ

ਲਿਖਤਾਂ ਦੇ ਸਰਕਾਰ ਵਲੋਂ ਇਨਾਮ ਵੀ ਮਿਲ ਚੁਕੇ ਹਨ। ਇਸੇ ਲਈ ਇਸ ਪਾਰਟੀ ਨੂੰ ਇੰਦਰਾ ਗਾਂਧੀ ਨੇ ਐਮਰਜੈਂਸੀ ਵਿਚ 1975-77 ਵਿਚ ਖੂਬ ਵਰਤਿਆ ਤੇ ਇਸਨੂੰ ਪਰਚਾਰ ਤੇ ਪਸਾਰ ਕਰਨ ਦੀ ਪੂਰੀ ਖੁਲ੍ਹ ਤੇ ਆਜ਼ਾਦੀ ਦਿਤੀ ਜਦ ਕਿ ਸੱਚੇ ਇਨਕਲਾਬੀ ਕਮਿਊਨਿਸਟਾਂ ਤੇ ਮਾਰਕਸਵਾਦੀ-ਲੈਨਿਨਵਾਦੀਆਂ ਨੂੰ ਜੇਲ੍ਹਾਂ ਵਿਚ ਨਜ਼ਰਬੰਦ ਕੀਤਾ ਤੇ ਇੰਟੈਰੋਗੇਸ਼ਟ ਸੈਂਟਰਾਂ ਵਿਚ ਰਖਕੇ ਤਸੀਹੇ ਦਿਤੇ ਅਤੇ 19 ਮਹੀਨੇ ਤਕ ਬਿਨਾਂ ਕਿਸੇ ਦੋਸ਼ ਦੇ ਜੇਲ੍ਹਾਂ ਵਿਚ ਬੰਦ ਰਖਿਆ। ਅਖਬਾਰਾਂ ਤੇ ਸੈਂਸਰਸ਼ਿਪ ਬਿਠਾਕੇ ਤੇ ਸ਼ਹਿਰੀ ਆਜ਼ਾਦੀ ਤੇ ਪਾਬੰਧਆਂ ਲਾਕੇ ਆਪਣੀ ਜਮਹੂਰੀਅਤ ਦਾ ਖੂਨਖਾਰ ਚੇਹਰਾ ਨੰਗਾ ਕਰ ਵਿਖਾਇਆ ਅਤੇ ਇਸ ਬੇਸ਼ਰਮ ਪਾਰਟੀ ਦੀ ਲੀਡਰਸ਼ਿਪ ਐਮਰਜੈਂਸੀ ਦੀ ਭਰਪੂਰ ਹਮਾਇਤ ਕਰਦੀ ਰਹੀ ਅਤੇ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੀਆਂ ਲੋਕ-ਦੁਸ਼ਮਨ ਨੀਤੀਆਂ ਦੀ ਪੈਰਵੀ ਕਰਦੀ ਰਹੀ। ਅਤੇ ਆਪਣੇ ਆਪ ਨੂੰ ਇੰਦਰਾ ਤੇ ਸੰਜੇ ਗਾਂਧੀ ਤੋਂ 1942 ਦੇ ਗਦਾਰ ਵੀ ਅਖਵਾਉਂਦੀ ਰਹੀ।

ਸੋ ਮੈਂ ਆਪਣੇ ਮਾਨਯੋਗ ਸਾਥੀ ਸੰਪਾਦਕ ਸੰਮਤਾ ਦੀ ਇਸ ਗੱਲ ਦੀ ਪੂਰੀ ਹਮਾਇਤ ਕਰਦਾ ਹਾਂ ਕਿ ਦੇਸ਼ ਦੇ ਬਿਖਰੇ ਹੋਏ ਇਨਕਲਾਬੀ ਗਰੁਪਾਂ ਨੂੰ ਅੱਜ ਇਹ ਗੱਲ ਸਮਝ ਲੈਣੀ ਚਾਹੀਦੀ ਹੈ, ਕਿ ਇਕ ਵਿਸ਼ਾਲ ਤੇ ਹਰਮਨ ਪਿਆਰੀ ਇਨਕਲਾਬੀ ਰਾਜਸੀ ਪਾਰਟੀ ਸਮੇਂ ਦੀ ਮੁਖ ਲੋੜ ਹੈ। ਪਰ ਅਜੇਹੀ ਪਾਰਟੀ ਤਦ ਹੀ ਵਜੂਦ ਵਿਚ ਆ ਕੇ ਮਜ਼ਬੂਤੀ ਨਾਲ ਖੜੀ ਰਹਿ ਸਕਦੀ ਹੈ ਜੇ ਉਹ ਆਪਣੀਆਂ ਸਫ਼ਾਂ ਵਿਚ ਅਜੇਹੇ ਈਨ ਮੰਨੂੰ ਤੇ ਦੀਵਾਲਾ-ਪਸੰਦਾਂ ਨੂੰ ਪਾਰਟੀ ਵਿਚ ਘੁਸਣ ਨ ਦੇਣ ਅਤੇ ਉਨ੍ਹਾਂ ਦੀ ਸੋਧਵਾਦੀ ਤੇ ਫਿਰਕੂ ਰਾਜਨੀਤੀ ਦੇ ਵਿਰੁਧ ਦ੍ਰਿੜ੍ਹਤਾ ਨਾਲ ਘੋਲ ਕਰਦੇ ਹੋਇਆਂ ਅਗੇ ਵਧਣ। ਅੱਜ ਅਕਾਲੀਆਂ ਦੇ ਧਰਮ ਯੁਧ ਮੋਰਚੇ ਬਾਰੇ ਇਨ੍ਹਾਂ ਦੋਹਾਂ ਕਮਿਊਨਿਸਟ ਪਾਰਟੀਆਂ ਦੇ ਡਾਵਾਂਡੋਲ ਤੇ ਬੇਜੋੜ ਰਵੱਯੇ ਬਾਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਇਹ ਪਾਰਟੀਆਂ ਕਿਵੇਂ ਸਰਕਾਰ ਦੀ ਹਮਾਇਤ ਵੀ ਕਰ ਰਹੀਆਂ ਹਨ ਤੇ ਅਕਾਲੀ ਮੋਰਚੇ ਦੀ ਕਦੇ ਹਮਾਇਤ ਤੇ ਕਦੇ ਵਿਰੋਧ ਕਰਦੀਅ ਆ ਰਹੀਆਂ ਹਨ। ਅਜੇ ਤਕ ਇਹ ਪਾਰਟੀਆਂ ਫਿਰਕਾਪ੍ਰਸਤੀ ਦੀਆਂ ਜੜ੍ਹਾਂ ਨੂੰ ਵੀ ਨੰਗੇ ਨਹੀਂ ਕਰ ਸਕੀਆਂ, ਅਤੇ ਇਹ ਨਹੀਂ ਸਮਝ ਸਕੀਆਂ ਕਿ ਸਟੇਟ (ਸਰਕਾਰ) ਆਪ ਫਿਰਕੂ ਪਰਚਾਰ ਦਾ ਆਸਰਾ ਲੈ ਕੇ ਲੋਕਾਂ ਨੂੰ ਆਪਸ ਵਿਚ ਲੜਾ ਕੇ ਪਾੜੋ ਤੇ ਰਾਜ ਕਰੋ, ਦੀ ਉਹੀ ਅੰਗਰੇਜ਼ ਵਾਲੀ ਰਾਜਨੀਤੀ ਤੇ ਚਲ ਰਹੀ ਹੈ। ਜਿਸ ਤੇ ਚਲਕੇ ਉਨ੍ਹਾਂ ਮਜ਼੍ਹਬ ਦੇ ਆਧਾਰ ਤੇ ਦੇਸ਼ ਦੀ ਵੰਡ ਮੰਨੀ ਸੀ। ਅਤੇ ਅੱਜ ਵੀ ਓਹੋ ਸਾਮਰਾਜੀ ਵੰਡ ਨੂੰ ਤੇ ਉਸਦੇ ਵਖਵਾਦੀ ਰੁਖ ਨੂੰ ਖਤਮ ਕਰਕੇ ਦੇਸ਼ ਦੀ ਇਕਮੁਠ ਰਖਣ ਦੀ ਚਾਹਵਾਨ ਨਹੀਂ ਹੈ। ਇਸ ਲਈ ਇਨਕਲਾਬੀ ਪਾਰਟੀ ਦੀ ਹੀ ਜ਼ਿੰਮੇਵਾਰੀ ਹੈ ਕਿ ਉਹ ਹਕੂਮਤ ਦੀਆਂ ਦੇਸ਼ ਤੇ ਕੌਮ ਵਿਰੋਧੀ ਨੀਤੀਆਂ ਨੂੰ ਨੰਗਾ ਕਰੇ। ਅਤੇ ਕੇਂਦਰ ਦੀ ਡਿਕਟੇਟਰਸ਼ਿਪ ਨੂੰ ਖਤਮ ਕਰਨ ਲਈ ਸਾਰੇ ਰਾਜਾਂ ਵਿਚ ਚਲ ਰਹੀ ਅਧਿਕਾਰਾਂ ਦੀ ਮੰਗ ਦੀ ਡਟਕੇ ਹਮਇਤ ਕਰੇ।

---

ਇਕ ਟਿੱਪਣੀ

## ਅਕਾਲੀਆਂ ਦਾ ਮੋਰਚਾ ਤੇ ਪ੍ਰੋ. ਭਾਰਦਵਾਜ ਦਾ ਅਸਤੀਫ਼ਾ

ਇਸ ਵੇਲੇ ਸਮਾਜ ਵਿਚ ਜਿੰਨੀਆਂ ਵੀ ਬਿਮਾਰੀਆਂ ਗਰੀਬੀ, ਬੇਰੁਜ਼ਗਾਰੀ ਭ੍ਰਿਸ਼ਟਾਚਾਰੀ, ਭੁਖਮਰੀ, ਕੰਗਾਲੀ ਆਦਿ ਹਨ, ਇਹਨਾਂ ਦਾ ਇਲਾਜ ਲੁਟੇਰੀਆਂ ਜਮਾਤਾਂ ਕੋਲ ਕੋਈ ਨਹੀਂ ਹੈ। ਕਿਉਂਕਿ ਇਹ ਸਾਰੀਆਂ "ਵਿਸ਼ੇਸ਼ਤਾਈਆਂ" ਇਸ ਲੁਟੇਰੇ ਢਾਂਚੇ ਦਾ ਖਾਸਾ ਹੀ ਹਨ। ਇਹਨਾਂ ਬਿਮਾਰੀਆਂ ਤੋਂ ਤੰਗ ਆਏ ਲੋਕਾਂ ਦਾ ਗੁੱਸਾ ਮੌਕੇ ਦੀਆਂ ਸਰਕਾਰਾਂ ਦੇ ਵਿਰੁਧ ਦਿਨੋ ਦਿਨ ਵਧਦਾ ਜਾਂਦਾ ਹੈ। ਇਸ ਗੁੱਸੇ ਨੂੰ ਪਰੇ ਤਿਲਕਾਉਣ ਲਈ ਇਹ ਲੁਟੇਰੀਆਂ ਜਮਾਤਾਂ ਤਰ੍ਹਾਂ ਤਰ੍ਹਾਂ ਦੇ ਡਰਾਮੇ ਖੇਡਦੀਆਂ ਹਨ। ਕਦੇ ਫਿਰਕੂ ਦੰਗੇ ਕਰਾਉਂਦੀਆਂ ਹਨ ਤਾਂ ਕਿ ਲੋਕ ਆਪੋ-ਆਪਣਾ ਗੁੱਸਾ ਇਕ ਦੂਜੇ ਵਿਰੁਧ ਹੀ ਵਰਤੀ ਜਾਣ ਤੇ ਇਹਨਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਕਦੇ ਚੋਣਾਂ ਕਰਾ ਕੇ ਲੋਕਾਂ ਦੇ ਗੁੱਸੇ ਨੂੰ ਵੋਟ ਪਰਚੀਆਂ ਵਿਚ ਬਦਲਣ ਵਿਚ ਕਾਮਯਾਬ ਹੋ ਜਾਂਦੀਆਂ ਹਨ ਤੇ ਇਹਨਾਂ ਜਮਾਤਾਂ ਦਾ ਹੀ ਇਕ ਧੜਾ ਦੂਜੇ ਧੜੇ ਨੂੰ ਹਾਰ ਦੇ ਕੇ ਸਤੱਾ ਤੇ ਕਾਬਜ਼ ਹੋ ਜਾਂਦਾ ਹੈ।

ਉਪਰੋਕਤ ਬਿਮਾਰੀਆਂ ਤੋਂ ਤੰਗ ਆਏ ਲੋਕਾਂ ਦੇ ਗੁੱਸੇ ਨੂੰ ਵਰਤਕੇ ਹੀ ਹਾਕਮ ਜਮਾਤਾਂ ਦਾ ਇਕ ਧੜਾ (ਜਨਤਾ ਪਾਰਟੀ) 1977 ਵਿਚ ਦੂਜੇ ਧੜੇ (ਕਾਂਗਰਸ) ਨੂੰ ਸਤੱਾ ਤੋਂ ਹਟਾਉਣ ਵਿਚ ਕਾਮਯਾਬ ਹੋਇਆ ਸੀ। ਪੰਜਾਬ ਵਿਚ ਵੀ ਉਦੋਂ ਹੀ ਅਕਾਲੀ ਪਾਰਟੀ, ਕਾਂਗਰਸ ਨੂੰ ਹਰਾ ਕੇ ਸਤੱਾ ਵਿਚ ਆਈ ਸੀ। ਪਰ ਜਦ ਅਕਾਲੀਆਂ ਤੋਂ ਵੀ ਇਹਨਾਂ ਬਿਮਾਰੀਆਂ ਦਾ ਦਾ ਹੱਲ ਨਾ ਹੋਇਆ (ਕਿਉਂ ਕਿ ਮੌਜੂਦਾ ਢਾਂਚੇ ਵਿਚ ਹੱਲ ਅਸੰਭਵ ਹੈ) ਤਾਂ 1980 ਵਿਚ ਫੇਰ ਹਾਰ ਦਾ ਮੂੰਹ ਦੇਖਣਾ ਪਿਆ। ਪਰ ਅਕਾਲੀਆਂ ਦੀ ਕੁਰਸੀ ਤੇ ਟਿੱਕੇ ਰਹਿਣ ਦੀ ਲਾਲਸਾ ਇਹਨਾਂ ਦੇ ਮੂੰਹ 'ਚੋਂ ਕੁਰਸੀ ਲਈ

ਪਾਣੀ ਛੁਡਵਾ ਰਹੀ ਹੈ।

ਸੋ ਅਕਾਲੀਆਂ ਦੀ ਇਸ ਲਾਲਸਾ ਵਿਚੋਂ ਹੀ ਮੌਜੂਦਾ "ਕੁਰਸੀ ਯੁਧ" ਜਿਸ ਨੂੰ ਉਹ ਧਰਮ ਯੁਧ ਵੀ ਕਹਿੰਦੇ ਹਨ, ਨਿਕਲਿਆ। ਅਕਾਲੀ, ਕਾਂਗਰਸ ਸਰਕਾਰ ਨੂੰ ਤੰਗ ਕਰ ਕੇ ਆਪ ਫੇਰ ਤੋਂ ਕੁਰਸੀਆਂ (ਹਕੂਮਤੀ) ਸਾਂਭਣਾ ਚਾਹੁੰਦੇ ਹਨ। ਇਸ ਮਕਸਦ ਲਈ ਅਕਾਲੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਕੇ ਤੇ ਆਪਣੇ ਹੱਕ ਵਿਚ ਵਰਤ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਹਨ। ਆਪਣਾ ਉੱਲੂ ਸਿਧਾ ਕਰਦੇ ਕਰਦੇ ਲੋਕਾਂ ਦਾ ਉੱਲੂ ਵਿੰਗਾ ਕਰੀ ਜਾਂਦੇ ਹਨ ਤੇ ਸੈਂਕੜੇ ਨੂੰ ਮਰਵਾ ਜਾਂ ਮਾਰ ਚੁਕੇ ਹਨ।

ਇਸ "ਕੁਰਸੀ ਯੁਧ" ਦੇ "ਟੂਰਨਾਮੈਂਟ" ਵਿਚ ਹੀ ਅਕਾਲੀਆਂ ਨੇ 4 ਅਪਰੈਲ ਨੂੰ "ਰਸਤਾ ਰੋਕੋ ਦਾ ਮੈਚ" ਖੇਡਿਆ, ਜਿਸ ਦੌਰਾਨ ਭੋਲੇ ਭਾਲੇ ਲੋਕਾਂ ਦੀਆਂ 26 ਜਾਨਾਂ "ਅਕਾਲ ਪੁਰਖ ਨੂੰ ਪਿਆਰੀਆਂ" ਹੋ ਚੁਕੀਆਂ ਹਨ। ਭੋਲੇ ਭਾਲੇ ਲੋਕਾਂ ਦੀਆਂ ਹੋਈਆਂ ਇਹਨਾਂ ਮੌਤਾਂ ਲਈ ਕੋਈ ਭੀ ਆਦਮੀ ਸਰਕਾਰ ਤੇ ਹਾਕਮ ਜਮਾਤਾਂ ਦੀ ਨਿੰਦਾ ਕੀਤੇ ਬਿਨਾਂ ਨਹੀਂ ਰਹਿ ਸਕਦਾ। ਇਹਨਾਂ ਲਈ ਦੋਵੇਂ ਸਰਕਾਰ ਤੇ ਅਕਾਲੀ ਜਿੰਮੇਂਵਾਰ ਹਨ। ਪਰ ਪ੍ਰੋਫੈਸਰ ਭਾਰਦਵਾਜ ਨੇ ਇਹਨਾਂ ਮੌਤਾਂ ਤੇ ਰੋਸ ਵਜੋਂ ਆਪਣੀ ਸਰਵਿਸ ਤੋਂ ਅਸਤੀਫਾ ਦੇ ਕੇ ਜਿਹੜਾ "ਇਨਕਲਾਬੀ ਕੰਮ" ਕੀਤਾ ਹੈ ਉਸ ਤੇ ਹੈਰਾਨੀ ਆਉਂਦੀ ਹੈ।"

ਇਹ ਕਦਮ ਪ੍ਰੋਫੈਸਰ ਸਾਹਿਬ ਨੂੰ ਕਿਉਂ ਤੇ ਇਸ ਘਟਨਾਂ ਵਿਚ ਹੋਈਆਂ ਮੌਤਾਂ ਤੇ ਹੀ ਕਿਉਂ ਚੁੱਕਣਾ ਪਿਆ ? ਕੀ ਇਸ ਤੋਂ ਪਹਿਲਾਂ ਪੁਲੀਸ ਦੀ ਗੋਲੀ ਨਾਲ ਕਦੇ ਵੀ ਮੌਤਾਂ ਨਹੀਂ ਹੋਈਆਂ ਜਦ ਪ੍ਰੋ. ਸਾਹਿਬ ਇਹ ਕਦਮ ਚੁਕ ਸਕਦੇ ? ਪ੍ਰੋ. ਸਾਹਿਬ ਨੇ ਉਸ ਵੇਲੇ ਅਸਤੀਫਾ ਕਿਉਂ ਨਾ ਦਿਤਾ ?

1. ਜਦ 1979 ਵਿਚ ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਨੂੰ ਲੁਟੇਰੀਆਂ ਜਮਾਤਾਂ ਦੇ ਪਾਲਤੂ ਗੁੰਡਿਆਂ ਦੁਆਰਾ ਉਸਦੇ ਸਹੁਰੇ ਦੀ ਦੁਕਾਨ (ਲੁਧਿਆਣਾ) ਤੋਂ ਅਗਵਾ ਕਰਕੇ ਦੂਰ ਲਿਜਾ ਕੇ ਕੋਹ ਕੋਹ ਕੇ ਸ਼ਹੀਦ ਕਰ ਦਿਤਾ ਗਿਆ ਸੀ। ਪਰ ਉਸ ਵੇਲੇ ਹਕੂਮਤ ਜੋ "ਪੰਥ ਦੇ ਖਾਲਸੇ" ਅਕਾਲੀਆਂ ਦੀ ਸੀ। ਓਹੋ ! ਰੰਧਾਵਾ ਤਾਂ ਨਾਲੇ "ਅੱਤਵਾਦੀ" ਜੋ ਸੀ।

2. ਜਦ ਬੱਸ ਕਿਰਾਇਆ ਘੋਲ ਵੇਲੇ ਬਠਿੰਡਾ ਵਿਖੇ ਸਾਥੀ ਲਾਭ ਸਿੰਘ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ। ਪਰ ਇਹ ਵੀ "ਅੱਤਵਾਦੀ" ਸੀ।

3. ਜਦ ਸਿੱਖ ਜਨੂੰਨੀਆਂ ਦੁਆਰਾ ਅਨ੍ਹੇਵਾਹ ਗੋਲੀਆਂ ਚਲਾਣ ਨਾਲ ਜਾਲੰਧਰ, ਪੱਟੀ ਤੇ ਤਰਨ ਤਾਰਨ ਵਿਚ ਭੋਲੇ ਭਾਲੇ ਲੋਕ ਮਾਰੇ ਗਏ ਸਨ।

4. ਜਦ ਪੰਤ ਨਗਰ ਵਿਚ ਉਸ ਵੇਲੇ ਦੀ "ਜਨਤਾ ਪੁਲੀਸ" ਨੇ ਲੋਕਾਂ ਨੂੰ ਕਮਾਦ ਦੇ ਖੇਤਾਂ ਵਿਚ ਅੱਗ ਨਾਲ ਸਾੜ ਕੇ ਉਪਰੋਂ ਹੱਲ ਚਲਾ ਦਿਤੇ ਸਨ।

੫. ਜਦ ਹੁਣੇ ਕੁਛ ਦਿਨ ਹੋਏ ਬੰਗਾਲ ਦੀ "ਮਾਰਕਸੀ ਪੁਲੀਸ" ਵਲੋਂ ਗੋਲੀ ਨਾਲ ਦੋ ਵਿਅਕਤੀ ਮਾਰੇ ਗਏ ਤੇ ਅਸਾਮੀ ਪੁਲੀਸ ਵਲੋਂ ਹਜ਼ਾਰਾਂ ਹੀ ਲੋਕਾਂ ਦੀ ਮੌਤ ਤੇ...?

ਤੇ ਇਸ ਤਰ੍ਹਾਂ ਦੀਆਂ ਅਨੇਕਾਂ ਹੀ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਕੀ ਉਪਰੋਕਤ ਘਟਨਾਵਾਂ ਵਿਚ ਮਰਨ ਵਾਲਿਆਂ ਦੇ ਲਹੂ ਦਾ ਰੰਗ 4 ਅਪਰੈਲ ਵਾਲੇ "ਸ਼ਹੀਦਾਂ" ਦੇ ਲਹੂ ਵਰਗਾ ਲਾਲ ਨਹੀਂ ਸੀ ? ਕੀ ਇਹਨਾਂ ਲੋਕਾਂ ਦੇ ਮਾਸ ਤੇ ਹੱਡੀਆਂ ਦੀ ਬਣਤਰ 4 ਅਪ੍ਰੈਲ ਵਾਲੇ "ਸ਼ਹੀਦਾਂ" ਵਰਗੀ ਨਹੀਂ ਸੀ ? ਬਿਲਕੁਲ ਸੀ। ਪਰ ਫੇਰ ਭਾਰਦਵਾਜ ਸਾਹਿਬ ਨੂੰ 4 ਅਪ੍ਰੈਲ ਵਾਲੀ ਘਟਨਾ ਤੇ ਹੀ ਅਸਤੀਫਾ ਕਿਉਂ ਦੇਣਾ ਪਿਆ ਪਹਿਲਾਂ ਕਿਉਂ ਨਾ ਦਿਤਾ ? ਕਿਉਂਕਿ ਇਸ ਤਰ੍ਹਾਂ ਕਰਕੇ ਮੇਰਾ ਖਿਆਲ ਭਰਦਵਾਜ ਸਾਹਿਬ "ਪੰਥ ਦੀ ਔਖੀ ਵੇਲੇ" ਸਹਾਇਤਾ ਕਰਕੇ ਤੇ "ਗੁਰੂ ਗੋਬਿੰਦ ਸਿੰਘ ਦੇ ਵਾਰਸਾਂ" ਦੀ ਹਮਦਰਦੀ ਜਿੱਤ ਕੇ ਉਹਨਾਂ ਦੀ ਹਿਮਾਇਤ ਨਾਲ 1985 ਵਾਲੀਆਂ (ਸ਼ਾਇਦ ਪਹਿਲਾਂ ਹੀ ਹੋ ਜਾਣ) ਚੋਣਾਂ ਰਾਹੀਂ "ਮਾਰਕਸਵਾਦੀ ਸਿਆਸਤ" ਨਾਲ ਲੈਸ, ਪੰਜਾਬ ਅਸੈਂਬਲੀ ਵਿਚ ਪਹੁੰਚ ਕੇ ਉਥੇ "ਪ੍ਰੋਲੇਤਾਰੀਏ ਦੀ ਡਿਕਟੇਟਰਸ਼ਿਪ ਦਾ ਝੰਡਾ" ਗੱਡਣਾ ਚਾਹੁੰਦੇ ਹਨ। ਇਸ ਤਰ੍ਹਾਂ ਉਹ ਉਪਰੋਕਤ ਬਿਮਾਰੀਆਂ ਨੂੰ ਜਿਯੋਤੀ ਬਾਸੂ ਦੇ "ਬੰਗਾਲੀ ਜਾਦੂ" ਦੇ "ਪੰਜਾਬੀ ਰੂਪ" ਨਾਲ ਜੜੋਂ ਖਤਮ ਕਰਨ ਦੀ ਕੋਸ਼ਿਸ਼ ਕਰਨਗੇ ਤੇ ਆਪ ਵੀ ਜਿਯੋਤੀ ਬਾਸੂ ਵਾਂਗ "ਲੋਕਾਂ ਤੋਂ ਪੂਜਾ" ਕਰਵਾਉਣਗੇ। ਜੇ ਉਪਰੋਕਤ ਬਿਮਾਰੀਆਂ ਵਿਚੋਂ ਕੋਈ ਰਹਿ ਗਈ ਤਾਂ ਉਸ ਦਾ ਖਾਸਾ ਜ਼ਰੂਰ "ਸਮਾਜਵਾਦੀ" ਬਣਾ ਦੇਣਗੇ।

—ਮਹਿੰਦਰ ਮੱਟੂ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143003 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:

# ਮਈ ਦਿਨ ਮੁਬਾਰਕ !

(ਇਕ ਫ਼ੌਜੀ ਵੱਲੋਂ ਮਜ਼ਦੂਰ ਸਾਥੀਆਂ ਦੇ ਨਾਂ)

**ਸੁਰਜੀਤ ਆਲਮ**

ਸਿਰਜਣ ਹਾਰਿਓ ! ਐ ਕਾਮਿਓਂ !
ਗਲ ਤੁਹਾਡੇ ਪਾਟੀਆਂ
ਪਾਈਆਂ ਹੋਈਆਂ ਲੀਰਾਂ ਨੇ
ਵਾਲ ਤੁਹਾਡੇ ਖੱਖੜੀ
ਹੱਥ ਅੱਟਣਾਂ ਲੈਂਦੇ
ਪੈਰ ਬਿਆਈਆਂ ਭਰੇ
ਪਰ ਚਾਲ ਤੁਹਾਡੀ ਤੂਫ਼ਾਨੀ
ਅੱਖਾਂ ਵਾਂਗ ਮਸ਼ਾਲਾਂ ਬਲਦੀਆਂ
ਹੜਬਾਂ ਨਿਕਲੇ ਧੁਆਂਖੇ ਚਿਹਰੇ ਨੇ
ਪਰ ਮੁਸਕੜੀਆਂ ਨੇ ਵੰਡ ਰਹੇ ।

ਸਮੇਂ ਦਿਓ ਹਾਣੀਓ !
ਮੈਂ ਵੀ ਤੁਹਾਡਾ ਸਾਥੀ ਹਾਂ ।
ਮੇਰੀ ਖ਼ਾਕੀ ਵਰਦੀ ਨੇ
ਰੱਤ ਹੈ ਮੇਰੀ ਚੂਸ ਲਈ
ਹੱਥ ਵਿੱਚ ਫੜੀ ਬੰਦੂਕ ਇਹ
ਮੇਰੀ ਮਰਦਾਨਗੀ ਉਤੇ ਕਲੰਕ ਹੈ
ਮੇਰੇ ਉੱਚ-ਅਧਿਕਾਰੀ
ਕਲੱਬਾਂ ਅੰਦਰ ਪਰਾਈਆਂ ਨਾਰਾਂ ਸੰਗ
ਨਿੱਤ ਵਿਸਕੀਆਂ ਪੀਂਦੇ ਨੇ
ਤੰਦੂਰੀ ਮੁਰਗੇ ਚੱਬਦੇ ਨੇ
ਜੰਗ ਦੀਆਂ ਗੱਲਾਂ ਕਰਦੇ ਨੇ
ਤਰੱਕੀਆਂ ਦੀਆਂ ਹਾਮੀਆਂ ਭਰਦੇ ਨੇ
ਤੇ ਮੈਂ ਹੁਨਾਲੇ ਸਿਆਲੇ
ਬਾਹਰ ਘੁੱਪ ਹਨ੍ਹੇਰੇ ਵਿਚ ਖੜਾ
ਉਨ੍ਹਾਂ ਦੇ ਕੁਕਰਮਾਂ ਉਤੇ ਪਹਿਰਾ ਦਿੰਦਾ ਹਾਂ
ਦੇਸ਼ ਦੀ ਸੇਵਾ ਦਾ ਫਰਜ਼ ਨਿਭਾਂਦਾ ਹਾਂ ।
ਫਿਰ ਅੱਧੀ ਰਾਤ ਤੋਂ ਬਾਅਦ
ਜਦ ਚਿੱਟੀ ਫੀਏਟ ਗੇਟ ਟੱਪਦੀ ਹੈ
ਮੈਂ 'ਠੱਕ' ਸਲੂਟ ਮਾਰਦਾ ਹਾਂ
ਤੇ ਮੂੰਹੋਂ ਗੰਦੀ ਗਾਲ ਕੱਢਦਾ ਹਾਂ ।

ਮੈਂ ਫਿਰ ਸੋਚਾਂ ਦੇ ਵਰੋਲਿਆਂ ਅੰਦਰ
ਚੁਫੇਰਿਓਂ ਘਿਰ ਜਾਂਦਾ ਹਾਂ...
ਮਾਂ ਮੇਰੀ ਜਦ ਸ਼ਾਹ ਦੀ ਹੱਟੀਓਂ
ਖਾਲੀ ਹੱਥੀਂ ਮੁੜਦੀ ਹੈ,
ਬਾਪੂ ਮੇਰਾ ਅਲਾਣੀ ਮੰਜੀ ਅੰਦਰ
ਹੋਰ ਡੂੰਘਾ ਧਸ ਜਾਂਦਾ ਹੈ,
ਭੁੱਖੋਂ ਸਤਾਏ ਬੱਚੇ ਮੇਰੇ
ਜਦ ਥੱਕਹਾਰ ਕੁਰਲਾਂਦੇ ਨੇ,
ਮੇਰੀ ਨੇਕ-ਦਿਲ ਪਤਨੀ ਹੱਥੋਂ
ਕਰਾਰੇ ਥੱਪੜ ਖਾਂਦੇ ਨੇ
ਤੇ ਉਹ ਚੀਕ-ਚਿਹਾੜਾ ਪਾਂਦੇ ਨੇ
ਸਭ ਮੇਰੀ ਜਾਨ ਨੂੰ ਰੋਂਦੇ ਨੇ

ਅਚਾਨਕ ਮੈਂ ਤ੍ਰਭਕਦਾ ਹਾਂ ।
ਆਰਡਰਲੀ ਅਫ਼ਸਰ ਤਾੜਦਾ ਹੈ :
'ਚੌਕਸ ਰਹੋ—ਡੋਂਟ ਸਲੀਪ ।'
'ਜੀ ਹਜ਼ੂਰ' ਆਖ ਕੇ
ਜਦ ਮਾਰਦਾ ਹਾਂ ਕੱਸ ਕੇ ਸਲੂਟ
ਤਾਂ ਧਰਤੀ ਨੂੰ ਕਾਂਬਾ ਚੜ੍ਹ ਜਾਂਦਾ ਹੈ

ਸੂਰਬੀਰੋ ! ਯੋਧਿਓ !
ਮੈਂ ਆਜ਼ਾਦੀ ਦਾ ਰੱਖਿਅਕ ਅਖਵਾਂਦਾ ਹਾਂ
ਪਰ ਕੀ ਮੈਂ ਆਜ਼ਾਦ ਹਾਂ ?
ਨਹੀਂ ! ਨਹੀਂ ! ਮੈਂ ਗੁਲਾਮ ਹਾਂ ।
ਦੋ ਟੁੱਕਾਂ ਦੇ ਬਦਲੇ
ਵੀਹ-ਸਾਲਾ ਹਾਂ ਭੋਗ ਰਿਹਾ
ਆਪਣੀ ਹੀਰੇ ਵਰਗੀ ਜੁਆਨੀ ਉਤੇ
ਮੈਂ ਨਿਮਾਣਿਆਂ ਵਾਂਕਣ ਝੁਰ ਰਿਹਾ ।
ਭਾਵੇਂ ਤੁਸੀਂ ਕੰਗਾਲ ਹੋ
ਫਿਰ ਵੀ ਤੁਸੀਂ ਆਜ਼ਾਦ ਹੋ
ਸਿਰ ਢੱਕਣ ਲਈ ਝੌਂਪੜੀ
ਤਾਂ ਵੀ ਤੁਸੀਂ ਆਬਾਦ ਹੋ ।

ਸੁਣੋ ! ਸੁਣੋ ! ਐ ਵੀਰਨੋ !
ਮੈਨੂੰ ਪਤਾ ਅੱਜ ਮਈ-ਦਿਹਾੜਾ ਹੈ ।
ਲਾਲ ਚੌਕ ਵਿੱਚ ਭੀੜਾਂ ਜੁੜਨਗੀਆਂ
ਝੰਡੇ ਉੱਚੇ ਲਹਿਰਾਉਣਗੇ
ਨਾਅਰੇ ਬੁਲੰਦ ਹੋਵਣਗੇ
ਚਿਹਰਿਆਂ 'ਚੋਂ ਅੰਗਿਆਰੇ ਫੁੱਟਣਗੇ
ਬੱਚੇ ਬੁੱਢੇ ਗੱਭਰੂ ਮੁਟਿਆਰਾਂ
ਸਭ ਕਿਰਤ ਦੇ ਢੋਲੇ ਗਾਵਣਗੇ ।
ਤੁਸੀਂ ਭੁੱਖੇ ਢਿੱਡ ਵਜਾਓਗੇ
ਹਕੂਮਤ ਦੇ ਕਾਲੇ-ਕਾਨੂੰਨਾਂ ਦਾ
ਰਲ ਕੇ ਮਾਤਮ ਮਨਾਓਗੇ
ਮਾਲਕਾਂ ਦੀਆਂ ਮਾਰੂ-ਚਾਲਾਂ ਦੇ
ਸਾਰੇ ਪਰਦੇ ਖੋਲ੍ਹੋਗੇ
ਉੱਚੀ ਉੱਚੀ ਬੋਲੋਗੇ :

'ਚੋਰ ਉਚੱਕਾ ਚੌਧਰੀ, ਗੁੰਡੀ ਰੰਨ ਪ੍ਰਧਾਨ'
'ਹੱਕ ਜੋ ਸਾਡਾ ਖੋਹੇਗਾ, ਲੈ ਲਵਾਂਗੇ ਉਸ ਦੀ ਜਾਨ'
'ਤਿੰਨ ਰੁਪੈ ਕਿਲੋ ਆਟਾ, ਦਿੱਲੀ ਦਾ ਕਰੋ ਪਿੱਟ-ਸਿਆਪਾ'
ਅਫਸਰ ਸ਼ਾਹੀ, ਗੁੰਡਾਗਰਦੀ-ਮੁਰਦਾਬਾਦ !
ਕਿਰਤਾਂ ਦਾ ਰੋਹ ਬਈ—ਜ਼ਿੰਦਾਬਾਦ !

ਮੇਰੇ ਭਾਈਓ ! ਮੁੜ੍ਹਕੇ ਦੇ ਜਾਇਓ !
ਤੁਸਾਂ ਪਿਛਾਂਹ ਮੁੜਕੇ ਨਾ ਵੇਖਣਾ
ਖੜਾ ਹੋਵਾਂਗਾ ਮੈਂ
ਸੜਕ ਦੇ ਉਰਲੇ ਮੋੜ ਉਤੇ
ਤੇ ਲਾਲ ਚੌਕ 'ਚੋਂ ਉੱਗ ਰਹੇ—
ਸੂਰਜ ਦੀ ਮੈਂ ਰਾਖੀ ਕਰਾਂਗਾ
ਸੀਸ ਤਲੀ ਤੇ ਧਰਾਂਗਾ ।
ਤੁਹਾਡੇ ਲਈ ਮੈਂ ਜੀਵਾਂਗਾ ।
ਤੁਹਾਡੇ ਲਈ ਮੈਂ ਮਰਾਂਗਾ

ਐ ਬਾਬਾ ਚਰਨਦਾਸ ।
ਸੁਣ ਚਾਚਾ ਗਰੀਬੂ ।
ਓਏ ਵੀਰਾ ਭੋਲੇ ਰਾਮ ।
ਸਭਨਾਂ ਨੂੰ ਮੇਰਾ ਸਲਾਮ ।
ਤੁਹਾਨੂੰ ਤੁਹਾਡਾ ਮਈ ਦਿਨ ਮੁਬਾਰਕ ।
o

## ਜ਼ਹਿਰੀਲੇ ਮਨੁੱਖ

(ਪਹਿਲੀ ਮਈ ਦੇ ਨਾਂ)

**ਜਗਜੀਤ ਮਾਨਵ**

ਰਾਹ ਲੰਬਾ ਸੀ
ਤੇ ਹੈਅ ਵੀ ਮਾਰੂਥਲ ।
ਤੁਰਦੇ-ਤੁਰਦੇ
ਪੈਰਾਂ ਤੇ ਛਾਲੇ ਪੈ ਗਏ
ਕਈਆਂ ਮੁਕਾਮਾਂ ਤੇ ਖਲੋ ਕੇ
ਅਸਾਂ ਸਾਹ ਵੀ ਲੈ ਲਿਆ
ਤਰੇਹ ਕਾਰਨ
ਬੁੱਲਾਂ ਤੇ ਜੰਮੀ ਸਿੱਕਰੀ ਨੂੰ ਮਿਟਾਉਣ ਲਈ
ਜਦ ਵੀ ਪਾਣੀ ਮੰਗਿਆ
ਮਜਬੂਰੀਆਂ ਦੇ ਗਲਾਸਾਂ 'ਚ ਤਲਖੀਆਂ ਦਾ
ਰਸ ਹੀ ਮਿਲਿਆ ।
ਹੁਣ ਤਾਂ ਐਨੇ ਜ਼ਹਿਰੀਲੇ ਹੋ ਚੁੱਕੇ ਨੇ
ਇਹ ਜਿਸਮ ਕਿ
ਜਦੋਂ ਵੀ ਸੱਪ ਨੇ ਡੱਸਿਆ
ਤਾਂ ਉਹ ਬੱਚਦਾ ਨਹੀਂ ।
o

## ਹੋਕਾ

(ਮਈ ਦਿਵਸ ਨੂੰ ਸਮਰਪਤ)

**ਸੁਰਜੀਤ ਬਰਾੜ**

ਅੱਜ ਦਾ ਦਿਨ ਕਿਰਤੀਆਂ-ਕਾਮਿਆਂ ਦਾ
ਇਕ ਥਾਂ 'ਕੱਠੇ ਹੋਣ ਦਾ ਦਿਨ ਹੈ
ਖੁੱਸੇ ਹੱਕ ਖੋਹਣ ਦਾ ਦਿਨ ਹੈ,
ਇਕ ਸੱਚੇ-ਸੁੱਚੇ ਪ੍ਰਣ ਦਾ ਦਿਨ ਹੈ
ਸੁਕਦਾ ਭਵਜਲ ਤਰਣ ਦਾ ਦਿਨ ਹੈ,
ਗੈਰ ਹਕੀਕੀ ਹੱਦਾ ਢਾਉਣ ਦਾ ਦਿਨ ਹੈ
ਤੇਰਾ-ਮੇਰਾ ਮਕਾਉਣ ਦਾ ਦਿਨ ਹੈ
ਅੱਜ ਦੇ ਮਹਾਨ ਦਿਨ ਹੀ ਤਾਂ ਬਿਗਲ ਵੱਜਿਆ ਸੀ
ਸਾਮਰਾਜ ਦੀ ਮੌਤ ਦਾ,
ਪ੍ਰੋਲੇਤਾਰੀ ਦੀ ਚੜ੍ਹਤ ਦਾ : ਸਾਮਵਾਦ ਦਾ—
ਅੱਜ ਦੇ ਦਿਨ ਹੀ ਤਾਂ ਚਿੱਟਾ ਝੰਡਾ ਲਾਲ ਕੀਤਾ ਸੀ
ਸ਼ਹੀਦਾਂ ਨੇ ਆਪਣੇ ਖ਼ੂਨ ਨਾਲ—
ਹੁਣ ਇਸ ਝੰਡੇ ਦਾ ਰੰਗ ਫਿੱਕਾ ਨਹੀਂ ਪਏਗਾ
ਇਹ ਤਾਂ ਸਗੋਂ ਹੋਰ ਸੁਰਖ ਹੋਏਗਾ—
ਕੌਣ ਕਮਬਖ਼ਤ ਇਹ ਨਹੀਂ ਜਾਣਦਾ
ਉਦੋਂ ਤੋਂ ਲੈ ਕੇ ਅੱਜ ਤੱਕ
ਅਸੀਂ ਇਸ ਝੰਡੇ ਨੂੰ ਹੋਰ ਲਹੂ ਦਿੱਤਾ ਹੈ
ਹੋਰ ਗੂੜ੍ਹਾ ਕੀਤਾ ਹੈ,
ਸ਼ਿਕਾਗੋ ਤੋਂ ਬਾਅਦ, ਪੰਜੇ ਮਹਾਂ ਦੀਪ
ਸਾਰੇ ਸਾਗਰ, ਅਸਮਾਨ
ਹਰ ਦੇਸ਼, ਹਰ ਸ਼ਹਿਰ
ਗੱਲ ਕੀ ਧਰਤੀ ਦਾ ਚੱਪਾ ਚੱਪਾ
ਸਾਡੇ ਲਹੂ ਦੀ ਖਾੜਕੂ ਦਾਸਤਾਨ ਦੱਸਦਾ ਹੈ
ਪੰਤਨਗਰ ਹੋਵੇ ਜਾਂ ਕਾਨ੍ਹਪੁਰ
ਕਾਲੀ ਰਾਜਹਾਰਾ ਹੋਵੇ ਜਾਂ ਕੋਡਾ ਮਡਾਲੂ
ਇਹ ਅੱਜ ਦੇ ਸ਼ਿਕਾਗੋ ਹਨ
ਮਹੀਨਾ ਮਈ ਹੋਵੇ ਜਾਂ ਜੂਨ
ਜਨਵਰੀ ਹੋਵੇ ਜਾਂ ਫਰਵਰੀ
ਦਿਨ ਜਾਂ ਸਮਾਂ ਕੋਈ ਵੀ ਹੋਵੇ
ਸਭ ਥਾਈਂ ਸ਼ਿਕਾਗੋ ਦੇ ਰੰਗ ਦਾ ਹੀ: ਬਸ ਇਕੋ ਜ਼ਾਤ ਦਾ
ਖੂਨ ਡੁਲ੍ਹਿਆ ਹੈ :
ਕਿਰਤੀਓ ! ਕਾਮਿਓ ! ਸ਼ਿਕਾਗੋ ਦੇ ਲਹੂ ਨੇ
ਸਾਡੇ ਲਈ ਇਕ ਰਾਹ ਖੋਲ੍ਹਿਆ ਹੈ
ਇਕ ਸੇਧ ਦਿੱਤੀ ਹੈ
ਤਾਂ ਆਉ ਫਿਰ ਦੇਰ ਕਾਹਦੀ—?
ਤੁਰੀਏ, ਸਾਮਰਾਜੀ ਦੈਂਤ ਮੁਕਾਈਏ
ਹੱਦਾਂ ਬੰਨ੍ਹੇ ਢਾਈਦੇ ! ਜਿੱਤਾਂ ਪਾਈਏ
ਸੰਸਾਰ ਇਕ ਬਣਾਈਏ
ਮਾਰਕਸ ਦੇ ਸੁਪਨੇ ਤੇ ਫ਼ੁੱਲ ਚੜ੍ਹਾਈਏ ।
o

ਹਿੰਦੀ ਕਵਿਤਾ

# ਸੀਤ ਲਹਿਰ

### ਵਿਸ਼ੰਭਰ ਨਾਥ ਉਪਾਧਿਆਏ

ਤੁਸੀਂ ਇਸ ਸੀਤ ਲਹਿਰ ਤੋਂ ਪਹਿਲਾਂ
ਵੱਡੀਆਂ ਵੱਡੀਆਂ ਗੱਲਾਂ ਕਰਦੇ ਸੀ
ਕਲਪਨਾ ਵਿਚ, ਦਿਲ ਹੀ ਦਿਲ ਭੂਮਿਕਾਵਾਂ ਬਦਲਦੇ ਸੀ
ਕਦੇ ਤੁਹਾਨੂੰ ਲਗਦਾ ਸੀ ਮੌਸਮ ਦੀ ਕੋਈ ਪਰਵਾਹ ਨਹੀਂ
ਨਾ ਮਨਹੂਸੀਅਤ ਦਾ ਕੋਈ ਡਰ
ਤੁਹਾਡੀ ਰੂਪ ਰਚਨ ਦੀ ਸ਼ਕਤੀ ਵੀ ਵਧੀ ਹੋਈ ਸੀ
ਤੁਸੀਂ ਦੇਖਿਆ ਸੀ
ਸਾਰੇ ਗ਼ਲਤ ਸਿਰ ਧੜ ਤੋਂ ਅਲੱਗ ਹੋ ਗਏ ਹਨ
ਅਤੇ ਤੁਸੀਂ ਪਹਾੜਾਂ ਨੂੰ ਮੂਸਲਾਂ ਵਾਂਗ ਚੁੱਕੀ
ਬੇਤਹਾਸ਼ਾ ਕੋਠਿਆਂ ਨੂੰ ਕੁੱਟ ਰਹੇ ਹੋ
ਉਨ੍ਹਾਂ ਦਾ ਸਭ ਕੁਝ ਤੁਸੀਂ ਆਪਣੀਆਂ ਕੀੜੀਆਂ
ਅਤੇ ਦੀਮਕਾਂ ਨੂੰ ਚੁਗਾ ਰਹੇ ਹੋ
ਉਹ ਢਿੱਡ ਭਰ ਭਰ ਕੇ
ਤੁਹਾਡੀ ਜੈ ਜੈ ਕਾਰ ਕਰ ਰਹੇ ਹਨ
ਤੁਸੀਂ ਆਕੜ ਕੇ ਮਾਣ ਅਤੇ ਗ਼ਰੂਰ ਵਿਚ ਡੁੱਬੇ
ਇਸ ਗੱਲ ਉਤੇ ਵਿਗੜ ਰਹੇ ਹੋ
ਕਿ ਸਮੁੰਦਰ ਬੜਾ ਬਦਤਮੀਜ਼ ਹੈ
ਉਨ੍ਹੇਂ ਅਜੇ ਤਕ ਖਾਰਿਆਂ ਤੇਵਰਾਂ ਨਾਲ
ਲੁੱਕੇ ਹੋਏ ਦੁਸ਼ਮਣਾਂ ਦੇ ਹੱਥਾਂ ਵਿਚ
ਲਹਿਰਾਂ ਦੀਆਂ ਹੱਥਕੜੀਆਂ ਨਹੀਂ ਪਾਈਆਂ ।
ਜਾਂ ਫਿਰ ਭੁਚਾਲਾਂ ਨੇ
ਠੀਕ ਸਮੇਂ ਸਿਰ
ਦਸੇ ਹੋਏ ਟਿਕਾਣਿਆਂ ਉਤੇ ਬੁਰਿਆਂ ਅਤੇ ਬਦਮਾਸ਼ਾਂ ਦੇ
ਜਿਸਮਾਂ ਨੂੰ ਲਾਵੇ ਨਾਲ ਨਹੀਂ ਦਾਗਿਆ
ਤੁਹਾਨੂੰ ਸਦਾ ਅਸਮਾਨ ਉਤੇ
ਤੰਬੂ ਵਾਂਗ ਤਣੇ ਰਹਿਣ ਉਤੇ
ਬੜੀ ਖਿਝ ਆਉਂਦੀ ਸੀ,
ਅਤੇ ਧਰਤੀ ਦੀ ਜੜ੍ਹਤਾ ਉਤੇ
ਤੁਸੀਂ ਕਈ ਵਾਰ ਆਪਣਾ ਮੂੰਹ
ਚੂਨੇ ਦੀ ਡੱਬੀ ਜਿਹਾ ਬਣਾਇਆ ਸੀ
ਹੁਣ ਕਿਥੇ ਗਈ ਉਹ ਦਾਦਾਗਿਰੀ ?
ਠੰਡ ਦੀ ਇਕੋ ਲਹਿਰ ਨਾਲ
ਤੁਹਾਡੀਆਂ ਫੜਾਂ ਨੂੰ ਗੰਠੀਆ ਹੋ ਗਿਆ
ਜਾਂ ਤਖ਼ਤਿਆਂ ਨਾਲ ਤੁਹਾਡੀਆਂ ਖ਼ਾਹਸ਼ਾਂ ਜਕੜੀਆਂ ਗਈਆਂ
ਹੁਣ ਤੁਸੀਂ ਭੂਤਾਂ ਵਾਂਗ ਢੱਕੇ ਹੋਏ ਚਲ ਰਹੇ ਹੋ
ਬਿਸਤਰਬੰਦ ਵਾਂਗੂ ਹੁਣ ਤੁਸੀਂ ਸੜਕ ਉਤ ਰਿੜੋ
ਛਿੱਕਾਂ ਮਾਰੋ, ਖੰਘੋ
ਤੇ ਆਪਣੇ ਅੰਦਰ ਹੀ ਸੁੜਕੋ
ਨੱਕ ਬਾਹਰ ਨਾ ਕੱਢਣਾ
ਮੂੰਹ ਨਾ ਖੋਲ੍ਹਣਾ
ਵੇਖਦੇ ਨਹੀਂ
ਹਵਾ ਕਿੰਨੀ ਲੰਬੀ ਲਾਈਨ ਵਿਚ
ਪੁਲੀਸ ਦੇ ਹੰਟਰ ਵਾਂਗ ਵੱਗ ਰਹੀ ਹੈ
ਕੁਝ ਛੁਟਕਾਰਾ ਚਾਹੁੰਦੇ ਹੋ ?
ਦੰਦ ਵਜਾਂਦੇ ਹੋਏ ਬੋਲੋ
ਸਿਰ ਨੂੰ ਛਾਤੀ ਵਿਚ ਲੁਕਾ ਲਵੋ
ਇਸ ਤਰ੍ਹਾਂ ਝੁਕ ਕੇ ਖੜੇ ਹੋਵੋ
ਜਿਵੇਂ ਤੁਸੀਂ ਕੋਈ ਮੁਖ਼ਬਰ ਹੋਵੋ
ਅਤੇ ਗ਼ਲਤ ਖ਼ਬਰ ਦੇਣ ਕਾਰਣ
ਕਿਸੇ ਅਫ਼ਸਰ ਅੱਗੇ
ਕੁਕੜੂ ਘੜੂੰ ਕਰ ਰਹੇ ਹੋ
ਤੁਹਾਡੇ ਸੀਤ ਮਾਰੇ ਜਿਸਮ ਨੂੰ
ਕੌਣ ਛੂਹੇ ?
ਗੰਢ ਬਣੇ ਤੁਹਾਡੇ ਅਸਤਿਤ੍ਵ ਨੂੰ
ਤੁਹਾਨੂੰ ਤਾਂ ਇਹ ਵੀ ਯਾਦ ਨਹੀਂ ਰਿਹਾ
ਕਿ ਤੁਸੀਂ ਕਦੀ ਸਿਖ਼ਰ ਦੁਪਹਿਰ ਸੀ
ਕਾਲ-ਕ੍ਰਮ ਵਿਚ ਨਾ ਖ਼ਤਮ ਹੋਣ ਵਾਲਾ ਦਹਾਕਾ ਸੀ
ਚਲੋ ਹੁਣ ਇਸ ਸੀਤ ਲਹਿਰ ਵਿਚ
ਇਕ ਕਾਂਗੜੀ ਸੁਲਗਾ ਲਵੋ
ਜਿਥੇ ਇਕੱਠਾ ਹੈ ਬਹੁਤ ਸਾਰਾ ਬਾਲਣ
ਉਹਨੂੰ ਇਕ ਤੀਲੀ ਦਿਖਾ ਦੇਵੋ
ਫਿਰ ਵੇਖੋ
ਤੁਹਾਡੀਆਂ ਮੁਰਦਾ ਹੋਈਆਂ ਉਂਗਲਾਂ
ਕਿਸ ਤਰ੍ਹਾਂ
ਬੰਦੂਕ ਦੀਆਂ ਨਾਲੀਆਂ ਬਣਦੀਆਂ ਹਨ
ਅਤੇ
ਕਿਸ ਤਰ੍ਹਾਂ ਇਹ ਫੈਲਦੀ ਹੋਈ ਅੱਗ
ਅਟੁੱਟ ਕੂੜੇ ਕਬਾੜ ਨੂੰ
ਆਪਣੇ ਅੰਦਰ ਸਮੇਟ ਕੇ
ਕਰਦੀ ਹੈ ਸਾਫ਼
ਕੁਝ ਵੀ ਨਾ ਹੋ ਸਕੇ
ਤਾਂ ਜੇਬਾਂ ਵਿਚੋਂ ਹੱਥ ਕੱਢਕੇ ਮਿਲਾਓ
ਬਿਜਲੀ ਦੀ ਝਲਕ ਵਾਂਗ
ਮੁਕ ਜਾਵੇਗੀ ਇਹ ਠੰਡ
ਬਸੰਤ ਦੀ ਯਾਦ ਵਾਂਗ ।

o

ਅਨੁਵਾਦਕ :

ਹਰਮਿੰਦਰ ਸਿੰਘ ਬੇਦੀ

## ਜ਼ਖਮੀ ਹੱਥਾਂ ਦੀ ਛਾਪ

(ਮਈ ਦਿਹਾੜੇ ਲਈ)

**ਪ੍ਰੀਤਮ ਬੇਲੀ**

ਲਹੂ ਬੋਲੇ ਗਾ
ਭੁੱਖ ਦੇ ਅੰਗਾਰਾਂ ਵਿਚੋਂ,
ਲਹੂ ਬੋਲੇ ਗਾ
ਭੂਮੀ-ਹੀਣ ਸਿਆੜਾਂ ਵਿਚੋਂ ।

ਲਹੂ ਬੋਲੇ ਗਾ
ਕਾਰਖ਼ਾਨਿਆਂ ਦੀ ਕਾਲਖ 'ਚੋਂ
ਲਾਟਾਂ-ਲਟ ਜਵਾਲਾ ਬਣ ਕੇ
ਲਹੂ ਬੋਲੇ ਗਾ
ਬੁੱਝੀਆਂ ਅੱਖਾਂ 'ਚੋਂ
ਭਵਿਖ ਦਾ ਉਜਾਲਾ ਬਣ ਕੇ ।

ਲਹੂ ਬੋਲੇ ਗਾ
ਬੱਚਿਆਂ ਦੇ ਮੂੰਹੋਂ
ਦੁੱਧ ਦੀ ਖੁਸੀ ਬੋਤਲ ਮੰਗਣ,
ਲਹੂ ਬੋਲੇ ਗਾ
ਠੰਡੇ ਚੁਲ੍ਹਿਆਂ 'ਚੋਂ
ਗੁਆਚੀ ਰੋਟੀ ਮੰਗਣ ।

ਲਹੂ ਬੋਲੇ ਗਾ
ਰਾਸ਼ਨ-ਕਾਰਡਾਂ 'ਚੋਂ,
ਸੜੇ ਅਨਾਜ ਦੇ ਬੋਰੇ ਫੂਕਣ,
ਲਹੂ ਬੋਲੇ ਗਾ
ਸਾਡੇ ਬੋਲਾਂ 'ਚੋਂ,
ਸ਼ੋਸ਼ਨ ਦਾ ਸਾਸ਼ਨ ਫੂਕਣ ।

ਤੇ ਜਦ ਫਿਰ ਨਿਕਲਾਂ ਗੇ
ਵਿਦਰੋਹ ਦੇ ਰਾਹਾਂ 'ਤੇ
ਤਾਂ ਬੂਹੇ ਬੂਹੇ 'ਤੇ
ਜ਼ਖ਼ਮੀ ਹੱਥਾਂ ਦੀ
ਲਹੂ ਛਾਪ ਲਾਵਾਂ ਗੇ,
ਤੇ ਫਿਰ ਵੇਖਾਂ ਗੇ
ਕਿ ਕਿਹੜੇ ਬੂਹੇ ਬੰਦ ਕਰਨੇ ਹਨ
ਤੇ ਕਿਹੜੇ ਬੂਹੇ ਖੋਲ੍ਹਣੇ ਹਨ !

o

## ਇਨਸਾਨੀਅਤ ਮਸੀਹਾ ਲੋਚਦੀ ਏ

(ਕਾਰਲ ਮਾਰਕਸ ਦੇ ਨਾਂ)

**ਗੁਰਜੀਤ ਡਡਿਆਲਾ**

ਇਨਸਾਨੀਅਤ
ਅੱਜ ਫੇਰ ਗੁਲਾਮ ਹੋ ਗਈ
ਸਮੇਂ ਦੇ ਹਾਕਮਾਂ—ਸਰਮਾਏ ਦੇ ਰਾਖਿਆਂ ਦੀ
ਬੈਠ ਗਏ ਨੇ
ਇਨਸਾਨੀ ਖੁਸ਼ੀਆਂ ਤੇ
ਸੱਪ ਬਣਕੇ
ਡੱਸ ਲਏ ਹਾਸੇ
ਮਾਸੂਮਾਂ ਦੇ ਚਿਹਰਿਆਂ ਤੋਂ
ਘੁਲ ਗਏ ਨੇ ਫ਼ਿਜ਼ਾ ਦੇ ਵਿਚ
ਪੱਸ ਬਣਕੇ
ਕੁਹਰਾਮ ਮੱਚਿਆ ਨਾ ਸ਼ੋਰ ਹੋਇਆ
ਆਪਣੇ 'ਚ ਹੀ ਘੁਟ ਕੇ
ਰਹਿ ਗਈ ਇਨਸਾਨੀਅਤ !

ਇਨਸਾਨੀਅਤ
ਅੱਜ ਫੇਰ ਲੋਚਦੀ ਏ
ਕਿਸੇ ਲੈਨਿਨ ਦੀ ਆਮਦ
ਉਤਰ ਜਾਏ ਜੋ
ਸਰਮਾਏ ਦੀ ਹਿੱਕ ਦੇ ਵਿੱਚ
ਤੀਰ ਬਣਕੇ
ਬਾਲ ਦੇਵੇ ਫਿਰ ਕੋਈ ਐਸੀ ਮਸ਼ਾਲ
ਫੂਕ ਸੁੱਟੇ ਜੋ ਸਰਮਾਏ ਦੇ ਹਨੇਰਿਆਂ ਨੂੰ
ਛੱਡ ਦੇਵੇ ਕੋਈ ਐਸਾ ਬਾਰੂਦ
ਕਿ ਉਡ ਜਾਣ ਬਣਕੇ ਚੀਥੜੇ
ਇਨਸਾਨੀਅਤ ਨੂੰ ਕੋਹਣ ਵਾਲੇ
ਗ਼ਰੀਬੀ ਦਾ ਲਹੂ ਚੋਣ ਵਾਲੇ !

ਮਾਏਂ !
ਤੂੰ ਹੀ ਜੰਮਦੇ ਕੋਈ ਲਾਲ ਹੋਰ
ਭਗਤ ਸਿੰਘ ਵਰਗਾ
ਚੁੰਮ ਲਵੇ ਜੋ ਫਾਂਸੀ ਦੇ ਰਸਿਆਂ ਨੂੰ
ਇਕ ਵਾਰ ਫੇਰ ਆਜ਼ਾਦੀ ਦੇ
ਖੁਲ੍ਹ ਜਾਣਗੇ ਰਾਹ
ਇਨਸਾਨੀਅਤ ਨੂੰ ਨਿਜ਼ਾਤ ਮਿਲ ਜਾਊ,
ਗ਼ਰੀਬੀ ਨੂੰ ਹਯਾਤ ਮਿਲ ਜਾਊ !

ਯਾ ਰੱਬ !
ਜਾਂ ਫਿਰ ਮੈਨੂੰ ਹੀ ਬਖ਼ਸ਼ ਦੇ
ਕੋਈ ਬਲਾ ਦੀ ਤਾਕਤ
ਕਿ ਆਪਣਾ ਆਪ ਮਾਰ ਕੇ
ਘੁਲ ਜਾਵਾਂ ਹਵਾਵਾਂ ਦੇ ਵਿੱਚ
ਮੌਤ ਬਣਕੇ
ਡੱਸ ਲਵਾਂ ਏਸ ਸਰਮਾਏਦਾਰੀ ਨਿਜ਼ਾਮ ਨੂੰ
ਤੇ ਠਹਿਰ ਜਾਵਾਂ ਏਹਨਾਂ ਅਸਮਾਨਾਂ ਦੇ ਵਿਚ
ਇਕ ਸੁਨੇਹਾ ਬਣਕੇ
ਕੱਲ੍ਹ ਦੇ ਵਾਰਸਾਂ ਲਈ—
"ਘੁੱਟ ਦੇਣ ਉਹ ਸਾਹ
ਜੰਮਦਿਆਂ ਹੀ ਸਰਮਾਏਦਾਰੀ ਦਾ !"

o

ਹਿੰਦੀ ਕਹਾਣੀ

# ਨੀਰ

ਮੂਲ—ਦਿਨੇਸ਼ ਪਾਲੀਵਾਲ
ਅਨੁ—ਗੁਰਦਿਆਲ ਦਲਾਲ

ਉਸ ਵੇਲੇ ਅਸੀਂ ਬੜੇ ਖੁਸ਼ ਸਾਂ। ਖੁਸ਼ੀ ਦਾ ਕਾਰਨ ਸੀ ਨੌਕਰ; ਜਿਸ ਦੀ ਸਾਨੂੰ ਚਿਰਾਂ ਤੋਂ ਤਲਾਸ਼ ਸੀ। ਦੋ-ਤਿੰਨ ਸਾਲ ਹੋਏ ਜਦ ਤੋਂ ਸਾਡਾ ਲੰਗੜਾ ਨੌਕਰ ਮਰਿਆ, ਅਸੀਂ ਅਪਾਹਜ ਜਿਹੇ ਹੋ ਗਏ ਸਾਂ। ਲੰਗੜਾ ਨੌਕਰ ਪੂਰੇ ਵੀਹ ਸਾਲ ਸਾਡੇ ਘਰ ਰਿਹਾ। ਪਰ ਉਸ ਮਗਰੋਂ ਕੋਈ ਨੌਕਰ ਟਿਕ ਹੀ ਨਹੀਂ ਸੀ ਰਿਹਾ। ਬੜੀ ਸਮੱਸਿਆ ਸੀ। ਆਦਤ ਬੁਰੀ ਚੀਜ਼ ਹੁੰਦੀ ਹੈ। ਲੰਗੜੇ ਦੀ ਵੀਹ ਸਾਲ ਦੀ ਸੇਵਾ-ਟਹਿਲ ਨੇ ਸਾਨੂੰ ਬਿਲਕੁਲ ਗੁਲਾਮ ਬਣਾ ਲਿਆ ਸੀ। ਭਾਵੇਂ ਉਹ ਅਪਾਹਜ ਸੀ ਤੇ ਅਸੀਂ ਸਾਰੇ ਰੱਬ ਦੀ ਕਿਰਪਾ ਨਾਲ ਹੱਥਾਂ-ਪੈਰਾਂ ਵਾਲੇ ਚੰਗੇ ਭਲੇ ਬੰਦੇ ਜਾਂ...ਪਰ ਹੈਰਾਨੀ ਦੀ ਗੱਲ ਇਹੀ ਸੀ ਕਿ ਚੰਗੇ-ਭਲੇ ਬੰਦੇ ਉਸ ਲੰਗੜੇ ਆਦਮੀ ਤੇ ਨਿਰਭਰ ਸਾਂ। ਇਸੇ ਕਰਕੇ ਦੋ-ਤਿੰਨ ਸਾਲ ਮਗਰੋਂ ਜਦੋਂ ਸਾਨੂੰ ਚੰਗਾ ਨੌਕਰ ਮਿਲਿਆ, ਅਸੀਂ ਬੜੇ ਖੁਸ਼ ਹੋਏ।

ਤੁਸੀਂ ਕਹੋਗੇ, ਇਹ ਤਾਂ ਕੋਈ ਬਹੁਤੀ ਖੁਸ਼ੀ ਵਾਲੀ ਗੱਲ ਨਹੀਂ। ਪਰ ਇਸ ਦੀ ਮਹੱਤਤਾ ਉਹੀ ਅਨੁਭਵ ਕਰਨਗੇ ਜਿਹੜੇ ਸਾਡੇ ਵਰਗੀ ਹਾਲਤ ਵਿੱਚ ਹੋਣਗੇ। ਅਸਲ ਗੱਲ ਤਾਂ ਇਹ ਹੈ ਕਿ ਜਦੋਂ ਤੋਂ ਸਾਡਾ ਲੰਗੜਾ ਨੌਕਰ ਮਰਿਆ, ਸਾਡਾ ਲਿਖਣਾ ਪੜ੍ਹਨਾ ਬਿਲਕੁਲ ਠੱਪ ਹੋ ਗਿਆ। ਅਸੀਂ ਕਬੀਲਦਾਰੀ ਦੇ ਅਜਿਹੇ ਚੱਕਰ ਵਿੱਚ ਪਏ ਕਿ ਨੌਕਰੀ ਅਤੇ ਬਜ਼ਾਰ ਮਗਰੋਂ ਸਾਨੂੰ ਰਾਸ਼ਨ ਦੀਆਂ ਦੁਕਾਨਾਂ ਦਾ ਗੇੜਾ ਲਾਉਣਾ ਪੈਂਦਾ। ਰਾਸ਼ਣ ਅਤੇ ਚੀਨੀ ਦੇ ਹੱਲ ਮਗਰੋਂ ਮਿੱਟੀ ਦੇ ਤੇਲ ਦੀ ਸਮੱਸਿਆ ਆ ਖੜ੍ਹੀ ਹੁੰਦੀ। ਲੇਖਕ ਸਾਹਿਬ ਤੇਲ ਦੀ ਪੀਪੀ ਲਟਕਾਈ ਤੇਲ ਦੀ ਦੁਕਾਨ ਸਾਮ੍ਹਣੇ ਖੜ੍ਹੇ ਹਨ। ਦੋ ਮੀਲ ਲੰਮੀ ਲਾਈਨ ਕੱਛੂ ਤੋਂ ਵੀ ਹੌਲੀ ਤੁਰ ਰਹੀ ਹੈ। ਉੱਥੋਂ ਜਿਵੇਂ-ਕਿਵੇਂ ਲਿਟਰ-ਦੋ ਲਿਟਰ ਤੇਲ ਲਿਆਉ ਤਾਂ ਮਗਰੋਂ ਕੋਲੇ ਦੀ ਤਲਾਸ਼ ਵਿੱਚ ਲੇਖਕ ਸਾਹਿਬ ਖਾਲੀ ਬੋਰੀ ਚੁੱਕੀ ਟਹਿਲ ਰਹੇ ਹਨ......ਜਿੱਥੋਂ ਮਿਲ ਜਾਵੇ, ਉੱਥੋਂ ਲਿਆਵੋ। ਇੰਜ ਲਗਦਾ ਜਿਵੇਂ ਸਾਰੀ ਪ੍ਰਤਿਭਾ ਰਾਸ਼ਣ, ਕੋਲੇ ਅਤੇ ਮਿੱਟੀ ਦੇ ਤੇਲ ਵਿਚ ਹੀ ਖਪ ਜਾਵੇਗੀ, ਕੀਮਤੀ ਸਮਾਂ ਇਹਨਾਂ ਜੰਜਾਲਾਂ ਵਿੱਚ ਹੀ ਉਲਝ ਕੇ ਬਰਬਾਦ ਹੋ ਜਾਵੇਗਾ। ਰਾਸ਼ਣ, ਤੇਲ, ਕੋਲੇ ਦੇ ਮਾਰੇ ਹੋਏ ਲੇਖਕ ਸ ਹਿਬ ਘਰ ਆਉਂਦੇ ਤਾਂ ਸ੍ਰੀਮਤੀ ਮੁਸਕਰਾ ਕੇ ਉਹਨਾਂ ਦਾ ਸੁਆਗਤ ਦਰਵਾਜ਼ੇ ਵਿੱਚ ਹੀ ਕਰਦੀ। ਤੇ ਬੱਸ ਸਮਝ ਲਉ, ਲੇਖਕ ਸਾਹਿਬ ਦੀ ਜਾਨ ਖੁਸ਼ਕ ਹੋ ਜਾਂਦੀ। ਤੁਸੀਂ ਕਹੋਗੇ, ਪਤੀ ਨੂੰ ਦਰਵਾਜ਼ੇ ਵਿੱਚ ਖੜ੍ਹੀ ਮੁਸਕਰਾਉਂਦੀ ਪਤਨੀ ਮਿਲੇ, ਇਹ ਤਾਂ ਉਸ ਦੀ ਖੁਸ਼-ਕਿਸਮਤੀ ਹੈ। ਨਹੀਂ ਤਾਂ, ਆਦਮੀ ਸਾਰਾ ਦਿਨ ਦਫ਼ਤਰ ਵਿੱਚ ਮਰ-ਖਪ ਕੇ ਘਰ ਮੁੜੇ ਤੇ ਆਉਂਦੇ ਨੂੰ ਪਤਨੀ ਸਮਾਨ ਖਰੀਦਣ ਬਜ਼ਾਰ ਦੌੜਾ ਦੇਵੇ ਤੇ ਜਦੋਂ ਸਮਾਨ ਨੂੰ ਗਧੇ ਵਾਂਗ ਪਿੱਠ ਤੇ ਲੱਦ ਕੇ ਮੁੜੇ ਤਾਂ ਲਿਆਂਦੇ ਸਮਾਨ ਵਿੱਚ ਨਘੋਚਾਂ ਕੱਢੇ ਕਿ ਐਨੇ ਰੁਪਏ ਪੱਟ ਕੇ ਵੀ ਘਟੀਆ ਚੀਜ਼ਾਂ। ਬਿਲਕੁਲ ਕੂੜਾ ਹੀ ਚੁੱਕ ਲਿਆਏ। ਨਾਪ-ਤੋਲ ਵਿੱਚ ਠੱਗੀ ਮਰਾ ਆਏ। ਚੀਜ਼ਾਂ ਐਨੀਆਂ ਮਹਿੰਗੀਆਂ ਨਹੀਂ, ਜਿਸ ਭਾਅ ਖਰੀਦ ਲਿਆਏ। ਤਾਂ ਤੁਸੀਂ ਦੱਸੋ, ਤੁਸੀਂ ਪਤਨੀ ਦਾ ਕੀ ਵਿਗਾੜ ਲਵੋਗੇ? ਤੁਸੀਂ ਇਸ ਲੇਖਕ ਦੀ ਕਿਸਮਤ ਸਰਾਹੋਗੇ ਕਿ ਚਲੋ ਬੀਵੀ ਚੰਗੀ ਹੈ। ਗਧੇ ਵਾਂਗ ਲੱਦੀ ਆਏ ਪਤੀ ਦਾ ਸੁਆਗਤ ਮੁਸਕਰਾ ਕੇ ਕਰ ਰਹੀ ਹੈ। ਪਰ ਸੱਚ ਕੁਝ ਹੋਰ ਹੀ ਹੁੰਦਾ ਹੈ, ਜਿਸ ਨੂੰ ਵਿਚਾਰਾ ਲੇਖਕ ਹੀ ਜਾਣਦਾ ਹੈ। ਪਤਨੀ ਦੀ ਮੁਸ-ਕਰਾਹਟ ਵੇਖ ਕੇ ਉਸ ਦਾ ਮੱਥਾ ਠਣਕ ਜਾਂਦਾ ਹੈ।

"ਕੀ ਅੱਜ ਵੀ ਪਾਣੀ ਉੱਪਰ ਨਹੀਂ ਚੜ੍ਹਿਆ?"

ਅਤੇ ਤੁਹਾਨੂੰ ਹੈਰਾਨੀ ਹੋਵੇਗੀ ਕਿ ਜਿੱਥੇ ਸੂਰਜ ਨਹੀਂ ਪਹੁੰਚਿਆ, ਉੱਥੇ ਪਹੁੰਚੇ ਹੋਏ ਇਸ ਲੇਖਕ ਦੀ ਗੱਲ ਸਹੀ ਨਿਕਲਦੀ ਹੈ। ਕਿਉਂਕਿ ਦਿਨ ਭਰ ਬਿਜਲੀ ਦੀ ਸਪਲਾਈ ਗੜਬੜ ਰਹਿੰਦੀ ਹੈ। ਇਸ ਲਈ ਨਲਾਂ ਵਿੱਚ ਪਾਣੀ ਸਪਲਾਈ ਵੀ ਗੜਬੜ ਰਹਿੰਦੀ ਹੈ। ਪਾਣੀ ਦਾ ਪਰੈਸ਼ਰ ਇੰਨਾਂ ਘੱਟ ਕਿ ਹੇਠਲੀ ਮੰਜ਼ਲ ਪਰ ਵੀ ਇੱਕ ਬਾਲਟੀ ਘੰਟੇ ਵਿੱਚ ਭਰ ਜਾਵੇ, ਤਾਂ ਤੁਸੀਂ ਆਪਣੇ ਆਪ ਨੂੰ ਖੁਸ਼ਕਿਸਮਤ ਇਨਸਾਨਾਂ ਵਿੱਚ ਗਿਣ ਸਕਦੇ ਹੋ... ਚਾਹ-ਨਾਸ਼ਤੇ ਦੀ ਥਾਂ ਤੇ ਪਤਨੀ ਮੁਸਕਰਾ ਕੇ ਲੇਖਕ ਦੇ ਹੱਥ ਬਾਲਟੀ ਤੇ ਰੱਸੀ ਫੜਾ ਦਿੰਦੀ ਹੈ। ਲੱਗੇ ਹੱਥ ਦਸ-ਵੀਹ ਬਾਲਟੀਆਂ ਪਾਣੀ ਦੀਆਂ ਖੂਹ 'ਚੋਂ ਹੋਰ ਖਿੱਚ ਦਿਉ। ਚੌਂਕੇ-ਚੁੱਲੇ ਦਾ ਕੰਮ ਤਾਂ ਚੱਲੇ।......ਸੱਠ ਹੱਥ ਡੂੰਘੇ ਖੂਹ 'ਚੋਂ ਕਦੀ ਤੁਸੀਂ ਦੂਸਰੀ ਮੰਜ਼ਲ ਤੋਂ ਪਾਣੀ ਖਿੱਚਿਆਂ ਹੈ? ਨਹੀਂ ਖਿੱਚਿਆ ਤਾਂ ਤੁਸੀਂ ਇਸ ਲੇਖਕ ਦੀ ਮਨੋਸਥਿਤੀ ਦਾ ਅੰਦਾਜ਼ਾ ਨਹੀਂ ਲਗਾ ਸਕਦੇ। ਜੇ ਕਦੀ ਤੁਹਾਡਾ ਵਾਹ-ਵਾਸਤਾ ਪਿਆ ਹੈ ਤਾਂ ਤੁਸੀਂ ਇਸ ਨੂੰ ਖੂਬ ਸਮਝ ਸਕਦੇ ਹੋ ਕਿ ਐਨੇ ਡੂੰਘੇ ਖੂਹ 'ਚੋਂ ਵੀਹ ਬਾਲਟੀਆਂ ਪਾਣੀ ਖਿੱਚਣ ਮਗਰੋਂ ਲੇਖਕ ਕਹਾਣੀ ਤਾਂ ਭਲਾ ਕੀ ਲਿਖੇਗਾ, ਆਪਣਾ ਮਰਸੀਆ ਜ਼ਰੂਰ ਲਿਖ ਦੇਵੇਗਾ।

ਪਾਣੀ ਖਿੱਚਣ ਮਗਰੋਂ ਘੱਟੋ-ਘੱਟ ਇੱਕ ਘੰਟੇ ਤੱਕ ਲੇਖਕ ਦਾ ਸਾਹ ਧੌਂਕਣੀ ਵਾਂਗ ਚਲਦਾ ਰਹਿੰਦਾ। ਦਿਲ ਧਕ-ਧਕ ਕਰਦਾ ਰਹਿੰਦਾ। ਉਹ ਪਸੀਨੇ ਵਿੱਚ ਲੱਥ-ਪੱਥ

ਬਨੈਣ ਉਤਾਰ ਕੇ ਖੁਲ੍ਹੀ ਛੱਤ ਉੱਤੇ ਬੌਰਾ ਹੋਇਆ ਹਵਾ ਦੀ ਤਲਾਸ਼ ਵਿੱਚ ਘੁੰਮਦਾ ।...ਕਿਉਂਕਿ ਬਿਜਲੀ ਦੇ ਪੱਖੇ ਦੇ ਭਰੋਸੇ ਤੁਸੀਂ ਇਹਨਾਂ ਕਸਬਾ-ਨੁਮਾਂ ਸ਼ਹਿਰਾਂ ਵਿੱਚ ਜੀਊਣ ਦੀ ਕੋਸ਼ਿਸ਼ ਕਰੋਗੇ ਤਾਂ ਮਰ ਹੀ ਜਾਵੋਗੇ । ਬਿਜਲੀ ਦੀ ਲੁਕਣ-ਮੀਟੀ ਚਲਦੀ ਹੈ । ਤੁਸੀਂ ਕੁਦਰਤੀ ਹਵਾ ਉੱਤੇ ਜੀ ਭਰਕੇ ਜੀ ਸਕਦੇ ਹੋ । ਬਿਜਲੀ ਦੇ ਪੱਖਿਆਂ ਅਤੇ ਕੂਲਰਾਂ ਦੀਆਂ ਪੰਖੜੀਆਂ ਵੀ ਗਿਣ ਸਕਦੇ ਹੋ । ਲੇਖਕ ਨੂੰ ਇਸ ਮਾਹੌਲ ਵਿੱਚ ਇਸ ਗੱਲ ਦਾ ਅਹਿਸਾਸ ਲੱਗਭਗ ਰੋਜ਼ ਹੀ ਹੁੰਦਾ ਕਿ ਜੇ ਉਹ ਇਹਨਾਂ ਘਰੇਲੂ ਕੰਮਾਂ ਵਿੱਚ ਇਸੇ ਤਰ੍ਹਾਂ ਮਰਦਾ-ਖਪਦਾ ਰਿਹਾ ਤਾਂ ਉਹ ਇੱਕ ਦਿਨ ਇੱਕ ਸਧਾਰਣ ਮਨੁੱਖ ਵਾਂਗ ਪੂਰਾ ਹੋ ਜਾਵੇਗਾ । ਨਿੱਬਟ ਜਾਵੇਗਾ ਤੇ ਉਸਦਾ ਇਤਿਹਾਸ ਵਿੱਚ ਨਾਂ-ਨਿਸ਼ਾਨ ਨਹੀਂ ਰਹੇਗਾ । ਲੋਕ ਜੇ ਯਾਦ ਵੀ ਕਰਨਗੇ ਤਾਂ ਇਸ ਟਿੱਪਣੀ ਨਾਲ—ਕਿ ਇੱਕ ਪ੍ਰਤਿਭਾ ਰੋਸ਼ਨੀ ਵਿੱਚ ਆਉਂਦੀ—ਆਉਂਦੀ ਚੁੱਲ੍ਹੇ-ਚੌਂਕੇ ਦੇ ਚੱਕਰ ਵਿੱਚ ਪੈ ਕੇ ਹਨੇਰੇ ਵਿੱਚ ਗੁੰਮ ਗਈ । ਇਸ ਲੇਖਕ ਦਾ ਇਹ ਪੱਕਾ ਵਿਸ਼ਵਾਸ਼ ਹੈ ਕਿ ਇਹ ਔਕੜਾਂ ਕਿਸੇ ਵੀ ਮਹਾਨ ਲੇਖਕ ਦੇ ਰਾਹ ਵਿੱਚ ਨਹੀਂ ਆਈਆਂ ਹੋਣਗੀਆਂ । ਕਿਉਂਕਿ ਅੱਜ ਕੱਲ੍ਹ ਦੇ ਸਭ ਮਹਾਨ ਲੇਖਕ ਮਹਾਂ-ਨਗਰਾਂ ਵਿੱਚ ਰਹਿੰਦੇ ਹਨ ਅਤੇ ਮਹਾਂਨਗਰਾਂ ਵਿੱਚ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਤਾਂ ਹੋ ਸਕਦੀਆਂ ਹਨ, ਪਰ ਇਹੋ ਜਿਹੀਆਂ ਲੇਖਕ-ਮਾਰ ਸਮੱਸਿਆਵਾਂ ਬਿਲਕੁਲ ਨਹੀਂ ਹੋ ਸਕਦੀਆਂ । ਅਤੇ ਪੁਰਾਣੇ ਜ਼ਮਾਨੇ ਵਿੱਚ...ਲੇਖਕ ਨੂੰ ਪੂਰਾ ਵਿਸ਼ਵਾਸ਼ ਹੈ ਕਿ ਇਸ ਤਰ੍ਹਾਂ ਦੀ ਕੋਈ ਸਮੱਸਿਆ ਹੀ ਨਹੀਂ ਸੀ ਹੁੰਦੀ । ਜੇ ਹੁੰਦੀ ਤਾਂ ਪ੍ਰੇਮ ਚੰਦ, ਪ੍ਰੇਮ ਚੰਦ ਨਾ ਹੁੰਦੇ ਤੇ ਪ੍ਰਸਾਦ, ਪ੍ਰਸਾਦ ਨਾ ਹੁੰਦੇ । ਲੇਖਕ ਨੂੰ ਹਰ ਰੋਜ਼ ਆਪਣੀ ਕਿਸਮਤ ਤੇ ਰੋਣਾ ਆਉਂਦਾ ਕਿ...ਉਸ ਵਰਗਾ ਸੰਵੇਦਨਸ਼ੀਲ ਜੀਵ ਆਪਣੀਆਂ ਸਾਰੀਆਂ ਸੰਵੇਦਨਾਵਾਂ ਗਲਤ ਥਾਂ ਤੇ ਲਾ ਰਿਹਾ ਹੈ ।...ਕਿ ਇੱਕ ਗੋਰਕੀ, ਇੱਕ ਚੇਖ਼ਵ, ਇੱਕ ਟਾਲਸਟਾਇ, ਇੱਕ ਦਾਸਤੋਵਸਕੀ ਬਣਦੇ-ਬਣਦੇ ਖ਼ਤਮ ਹੋ ਰਿਹਾ ਹੈ ।...ਅਤੇ ਜਦੋਂ-ਜਦੋਂ ਉਸਦਾ ਇਹ ਅਹਿਸਾਸ ਗਹਿਰਾਈ ਫੜਦਾ, ਉਸਨੂੰ ਇੱਕ ਨੌਕਰ ਦੀ ਗਹਿਰੀ ਲੋੜ ਭਾਸਦੀ । ਉਹ ਅਕਸਰ ਜ਼ਮਾਨੇ ਨੂੰ ਕੋਸਦਾ, ਕਿ ਇਸ ਜ਼ਮਾਨੇ ਵਿੱਚੋਂ ਕੇਵਲ ਚੀਨੀ, ਤੇਲ, ਘਿਉ, ਦੁਧ-ਦਹੀਂ ਵਗੈਰਾ ਹੀ ਗਾਇਬ ਨਹੀਂ ਹੋਏ, ਸਗੋਂ ਇੱਕ ਸਭ ਤੋਂ ਜ਼ਰੂਰੀ ਚੀਜ਼ ਵੀ ਗਾਇਬ ਹੋ ਗਈ ਹੈ, ਅਤੇ ਉਹ ਚੀਜ਼ ਹੈ ਨੌਕਰ...ਜਿਸ ਤੋਂ ਬਿਨਾਂ ਹੋਰਨਾਂ ਦਾ ਕੰਮ ਭਾਵੇਂ ਚੱਲ ਜਾਵੇ, ਘੱਟੋ-ਘੱਟ ਲੇਖਕ ਕਿਸਮ ਦੇ ਆਦਮੀ ਦਾ ਕੰਮ ਤਾਂ ਬਿਲਕੁਲ ਨਹੀਂ ਚੱਲ ਸਕਦਾ ।

ਤੁਸੀਂ ਕਹੋਗੇ, ਲੇਖਕ ਕਿਸਮ ਦੇ ਆਦਮੀ ਨੂੰ ਨੌਕਰ ਦਾ ਕੰਮ ਆਪਣੀ ਪਤਨੀ ਕੋਲੋਂ ਕੱਢ ਲੈਣਾ ਚਾਹੀਦਾ ਹੈ । ਪਰ ਸਾਹਿਬ, ਕੱਢਿਆ ਜਾ ਸਕਦਾ ਤਾਂ ਕੱਢ ਨਾ ਲੈਂਦਾ ? ਨਾਂ ਨਿਕਲਿਆ ਤਾਂ ਹੀ ਨੌਕਰ ਦੀ ਤਲਾਸ਼ ਵਿੱਚ ਭੌਂਦਾ ਫਿਰਿਆ ।...ਪਤਨੀ ਦੀ ਜਾਨ ਨੂੰ ਕਿਹੜਾ ਘੱਟ ਕੰਮ ਰਹਿੰਦੇ ਨੇ ? ਅੱਜ-ਕੱਲ੍ਹ ਦੀਆਂ ਪਤਨੀਆਂ ਜੇ ਜਮ੍ਹਾਂ-ਖਰਚ ਵਿੱਚ ਹੋਏ ਦੋ-ਤਿੰਨ ਬੱਚਿਆਂ ਦਾ ਕੰਮ ਹੀ ਠੀਕ ਤਰ੍ਹਾਂ ਨਾਲ ਸਮੇਂ ਸਿਰ ਕਰ ਦੇਣ ਤੇ ਤੁਹਾਨੂੰ ਦਫ਼ਤਰ ਵਰਗੀ ਥਾਂ ਸਮੇਂ ਤੇ ਪੁੱਜਣ ਲਈ ਦਾਣਾ ਪਾਣੀ ਚੁਗਾ ਕੇ ਰੋਟੀਆਂ ਵਾਲਾ ਡੱਬਾ ਫੜਾ ਦੇਵੇ, ਇਹੀ ਬਹੁਤ ਹੈ । ਪਰ ਅਸੀਂ ਤੇ ਤੁਸੀਂ ਸਾਰੇ ਹਾਲਾਤ ਤੋਂ ਚੰਗੀ ਤਰ੍ਹਾਂ ਵਾਕਫ਼ ਹਾਂ । ਪਤਨੀ ਨਾਂ ਦੀ ਜਿਹੜੀ ਸ਼ੈ, ਅੱਜ ਕੱਲ੍ਹ ਸਾਡੇ ਸਭਨਾਂ ਦੇ ਘਰਾਂ ਵਿੱਚ ਮਿਲਦੀ ਹੈ, ਉਹ ਪਤਾ ਨਹੀਂ ਕਿਹੜੇ-ਕਿਹੜੇ ਕੰਮਾਂ ਵਿੱਚ ਆਪਣੀ ਜਾਨ ਅੜਾਈ ਰੱਖਦੀ ਹੈ । ਤੁਹਾਨੂੰ ਪਤਾ ਹੀ ਨਹੀਂ ਲੱਗ ਸਕਦਾ । ਬੱਚਿਆਂ ਦੇ ਜੰਗਲ ਪਾਣੀ ਜਾਣ ਮਗਰੋਂ, ਉਹ ਉਹਨਾਂ ਨੂੰ ਨੁਹਾਉਂਦੀ-ਧੁਲਾਉਂਦੀ ਹੈ । ਤੁਹਾਡੇ ਕੱਪੜੇ ਗੁਸਲਖਾਨੇ ਵਿੱਚ ਟੰਗਦੀ ਹੈ । ਉਸ ਮਗਰੋਂ ਬੱਚਿਆਂ ਨੂੰ ਸਕੂਲ ਭੇਜ, ਚੁੱਲ੍ਹਾ-ਚੌਂਕਾ ਸਮੇਟਦੀ ਹੈ । ਮਹਿਰੀ ਨਾਂ ਦੀ ਚੀਜ਼ ਮਹੀਨੇ ਦੀ ਪਹਿਲੀ ਤਰੀਕ ਨੂੰ ਤਾਂ ਜ਼ਰੂਰ ਆਉਂਦੀ ਹੈ, ਕਿਉਂਕਿ ਉਸ ਦਿਨ ਉਸ ਨੂੰ ਪਤਾ ਹੈ, ਬਾਬੂ ਜੀ ਪੈਸੇ ਦੇਣਗੇ । ਮਹੀਨੇ ਦੇ ਬਾਕੀ ਦਿਨ ਆਵੇਗੀ ਜਾਂ ਨਹੀਂ ? ਇਹ ਉਸ ਦੀ ਮਰਜ਼ੀ ਤੇ ਨਿਰਭਰ ਕਰਦਾ ਹੈ । ਅਤੇ ਕਿਉਂਕਿ ਦੇਸ਼ ਅਜ਼ਾਦ ਹੈ, ਦੇਸ਼ ਦਾ ਹਰ ਨਾਗਰਕ ਅਜ਼ਾਦ ਹੈ । ਫਿਰ ਮਹਿਰੀ ਨਾਂ ਦਾ ਜੀਵ ਤਾਂ ਪਰਮ-ਅਜ਼ਾਦ ਹੋਇਆ । ਇਸ ਲਈ ਤੁਸੀਂ ਜਾਂ ਤੁਹਾਡੀ ਪਤਨੀ ਉਸ ਦੀ ਅਜ਼ਾਦੀ ਵਿੱਚ ਰੋੜਾ ਨਹੀਂ ਅਟਕਾ ਸਕਦੇ ।... ਨਹੀਂ ਤਾਂ ਮਹੀਨੇ ਦੇ ਬਹੁਤੇ ਦਿਨ, ਤੁਹਾਡੀ ਪਤਨੀ ਨੂੰ ਹੀ ਭਾਂਡੇ ਮਾਂਜਣੇ ਪੈਂਦੇ ਹਨ ਅਤੇ ਆਪਣੇ ਹੱਥ ਸਵਾਹ ਅਤੇ ਮਿੱਟੀ ਨਾਲ ਕਾਲੇ ਕਰਨੇ ਪੈਂਦੇ ਹਨ ।

ਪਤਨੀ ਦੇ ਹੱਥ ਸਵਾਹ ਤੇ ਮਿੱਟੀ ਨਾਲ ਕਾਲੇ-ਮੈਲੇ ਰਹਿਣ ਤਾਂ ਲੇਖਕ ਦੀ ਸੁੰਦਰਤਾਬੋਧ ਨੂੰ ਬੜਾ ਧੱਕਾ ਲਗਦਾ ਹੈ...ਕਿਉਂਕਿ ਮੱਧਵਰਗੀ ਅਤੇ ਕਸਬਾਈ ਲੇਖਕ ਕੋਲ ਪ੍ਰੇਮਿਕਾ ਤੋਂ ਲੈ ਕੇ ਪਰਕੀਆ ਤੱਕ ਜੇ ਕੋਈ ਚੀਜ਼ ਪ੍ਰੇਰਣਾ ਅਤੇ ਸੁੰਦਰਤਾ-ਬੋਧ ਗ੍ਰਹਿਣ ਕਰਨ ਦੀ ਸਾਧਨ ਹੁੰਦੀ ਹੈ ਤਾਂ ਕੇਵਲ ਪਤਨੀ ਹੀ ਹੁੰਦੀ ਹੈ ।...ਅਤੇ ਜੇ ਉਹ ਦਿਨ ਭਰ ਸੱਸ-ਸਹੁਰੇ ਦੀ, ਬੱਚਿਆਂ ਦੀ ਤੇ ਤੁਹਾਡੀ ਟਹਿਲ-ਸੇਵਾ ਵਿੱਚ ਖਪਦੀ ਰਹੀ ਤਾਂ ਬਿਨਾਂ ਸ਼ੱਕ ਰਾਤ ਨੂੰ ਜਦੋਂ ਉਹ ਤੁਹਾਡੇ ਬਿਸਤਰ ਤੱਕ ਪਹੁੰਚੇਗੀ ਤਾਂ ਉਬਾਸੀਆਂ ਲੈਂਦੀ ਹੋਈ ਪਹੁੰਚੇਗੀ......ਉਸ ਦੇ ਵਾਲ ਖਿੰਡੇ ਹੋਣਗੇ...ਚਿਹਰਾ ਬੇ-ਜਾਨ ਤੇ ਬੇ-ਆਬ ਹੋਵੇਗਾ । ਉਸ ਦੀ ਸਾੜ੍ਹੀ ਵਿੱਚੋਂ ਪਿਆਜ਼ ਤੇ ਲਗਣ ਦੀ ਮਿੰਨੀ-ਮਿੰਨੀ ਸੁਗੰਧ ਆ ਰਹੀ ਹੋਵੇਗੀ ਤੇ ਬਲਾਊਜ਼

ਬਗੈਰਾ ਪਸੀਨੇ ਨਾਲ ਤਰ ਹੋਵੇਗਾ।...ਹੁਣ ਅਜਿਹੀ ਪਤਨੀ ਨੂੰ ਤੁਸੀਂ ਆਪਣੀ ਕੋਈ ਤਾਜ਼ੀ, ਨਾਜ਼ਕ ਮਜਾਜ਼ ਵਾਲੀ ਕਹਾਣੀ ਜਾਂ ਉੱਚੀ ਉਡਾਣ ਵਾਲੀ ਛਾਇਆਵਾਦੀ ਜਾਂ ਪ੍ਰਯੋਗਵਾਦੀ ਕਵਿਤਾ ਸੁਣਾਉਣੀ ਚਾਹੋ ਤਾਂ...... ਵਿਚਾਰੀ ਪਤੀਵਰਤਾ ਹੋਣ ਦੇ ਨਾਤੇ ਜਿਵੇਂ-ਕਿਵੇਂ ਸੁਣ ਤਾਂ ਲਵੇਗੀ, ਪਰ ਅਜਿਹੀ ਸੰਭਾਵਨਾ ਵੱਧ ਹੈ ਕਿ ਤੁਸੀਂ ਉਸਨੂੰ ਸੁਣਾ ਰਹੇ ਹੋਵੋ ਤੇ ਉਹ ਨੀਂਦ ਵਿੱਚ ਝੂਟੇ ਲੈ ਰਹੀ ਹੋਵੇ...ਕਹਾਣੀ, ਕਵਿਤਾ ਸੁਣਾਉਣ ਦਾ ਤੁਹਾਡਾ ਮੂਡ ਪਤਨੀ ਦੇ ਝੂਟੇ ਵੇਖ ਕੇ ਖ਼ਰਾਬ ਹੀ ਨਹੀਂ ਹੋਵੇਗਾ ਸਗੋਂ ਤੁਹਾਨੂੰ ਘਿਰਣਾ ਵੀ ਹੋਵੇਗੀ ਕਿ ਤੁਸੀਂ, ਕਿਸ ਦੇ ਨਾਲ ਆਪਣੀ ਸਾਰੀ ਜ਼ਿੰਦਗੀ ਖਰਾਬ ਕਰ ਰਹੇ ਹੋ। ਤੁਹਾਨੂੰ ਉਹ ਸਾਰੀਆਂ ਨਾਇਕਾਵਾਂ, ਪ੍ਰੇਮਕਾਵਾਂ ਅਤੇ ਬੌਧਿਕ ਔਰਤਾਂ ਮਨ ਹੀ ਮਨ ਸਾੜਦੀਆਂ ਰਹਿਣਗੀਆਂ, ਜਿਨ੍ਹਾਂ ਦੀਆਂ ਤੁਸੀਂ ਕਹਾਣੀਆਂ ਪੜ੍ਹੀਆਂ ਹਨ ਅਤੇ ਜਿਹਨਾਂ ਨੂੰ ਤੁਸੀਂ ਹਿੰਦੀ ਦੀਆਂ ਫ਼ਿਲਮਾਂ ਵਿੱਚ ਵੇਖਿਆ ਹੈ।...ਤੁਸੀਂ ਕੋਸਦੇ ਰਹੋਗੇ ਆਪਣੀ ਕਿਸਮਤ ਨੂੰ ਕਿ ਤੁਸੀਂ ਕਿੱਥੇ ਫਸ ਗਏ। ਕਿ ਤੁਹਾਡੀ ਲਿਖਣ-ਪ੍ਰਤਿਭਾ ਨਾਲ ਕੇਵਲ ਇਹ ਜ਼ਮਾਨਾ ਹੀ ਦੁਸ਼ਮਣੀ ਨਹੀਂ ਕਰ ਰਿਹਾ ਸਗੋਂ ਤੁਹਾਡੀ ਪਤਨੀ ਵੀ ਤੁਹਾਡੀ ਪ੍ਰਤਿਭਾ ਦੀ ਦੁਸ਼ਮਣ ਹੈ। ਹਰ ਲੇਖਕ-ਕਵੀ ਕਿਸਮ ਦੇ ਜੀਵ ਨੂੰ ਇੱਕ ਚੰਗਾ ਪਾਠਕ ਅਤੇ ਸਰੋਤਾ ਚਾਹੀਦਾ ਹੁੰਦਾ ਹੈ ਅਤੇ ਪਤਨੀ ਨਾਲੋਂ ਚੰਗਾ ਪਾਠਕ ਜਾਂ ਸਰੋਤਾ ਉਸ ਨੂੰ ਪੂਰੀ ਧਰਤੀ ਉੱਤੇ ਕਿਧਰੇ ਨਹੀਂ ਮਿਲ ਸਕਦਾ...ਕਿਉਂਕਿ ਉਹੀ ਉਸਨੂੰ ਕਦੇ ਵੀ, ਕਿਸੇ ਵੀ ਹਾਲ ਵਿੱਚ ਝੱਲ ਸਕਦੀ ਹੈ।

ਇਹ ਸਾਰੇ ਉਹ ਮੁੱਖ ਕਾਰਨ ਸਨ, ਜਿਨ੍ਹਾਂ ਕਰਕੇ ਸਾਨੂੰ ਇੱਕ ਅਗਿਆਕਾਰ ਨੌਕਰ ਦੀ ਲੋੜ ਸੀ। ਮੈਨੂੰ ਮਹਾਂ ਨਗਰਾਂ ਵਿੱਚ ਛਪੇ ਹੋਏ ਅਖਬਾਰਾਂ, ਪੱਤਰ-ਪੱਤ੍ਰਕਾਵਾਂ ਦੇ ਬੇਰੁਜ਼ਗਾਰੀ ਸਬੰਧੀ ਅੰਕੜੇ ਕੋਰੇ ਝੂਠ ਲਗਦੇ ਹਨ, ਜੋ ਕਹਿੰਦੇ ਹਨ ਕਿ ਦੇਸ਼ ਵਿੱਚ ਬੇ-ਰੁਜ਼ਗਾਰੀ ਵਧ ਰਹੀ ਹੈ, ਦੇਸ਼ ਵਿੱਚ ਗਰੀਬੀ ਵਧ ਰਹੀ ਹੈ, ਲੋਕਾਂ ਨੂੰ ਕੰਮ ਨਹੀਂ ਮਿਲ ਰਿਹਾ...ਮੇਰੀ ਮੌਲਿਕ ਸਮੱਸਿਆ ਇਹ ਸੀ ਕਿ ਮੈਨੂੰ ਨੌਕਰ ਨਹੀਂ ਸੀ ਮਿਲ ਰਿਹਾ ਅਤੇ ਇਹਨਾਂ ਦੋ-ਤਿੰਨ ਸਾਲਾਂ ਵਿੱਚ ਜਿਹੜੇ ਚਾਰ-ਪੰਜ ਨੌਕਰਾਂ ਨੂੰ ਰੱਖਣ ਦੀ ਕੋਸ਼ਿਸ਼ ਕੀਤੀ, ਉਹਨਾਂ ਨੇ ਮੇਰੇ ਇਸ ਵਿਸ਼ਵਾਸ਼ ਨੂੰ ਹੋਰ ਵੀ ਪੱਕਾ ਕਰ ਦਿੱਤਾ ਕਿ ਇਸ ਦੇਸ਼ ਵਿੱਚ ਨਾ ਗਰੀਬੀ ਹੈ ਤੇ ਨਾਂ ਬੇ-ਰੁਜ਼ਗਾਰੀ। ਜੇ ਇਹ ਦੋਨੋਂ ਚੀਜ਼ਾਂ ਹੁੰਦੀਆਂ ਤਾਂ ਮੈਨੂੰ ਇੱਕੋ-ਥਾਂ ਦਸ ਨੌਕਰ ਮਿਲ ਜਾਣੇ ਚਾਹੀਦੇ ਸਨ। ਪਰ ਕੋਈ ਆਦਮੀ ਦੋ ਚਾਰ ਦਿਨ ਤੋਂ ਵੱਧ ਨਹੀਂ ਟਿਕਿਆ...ਹੁਣ ਤੁਸੀਂ ਹੀ ਦੱਸੋ, ਉਸ ਨੂੰ ਪਜਿਨਣ ਲਈ ਅਸੀਂ ਆਪਣੇ ਕੱਪੜੇ ਦੇ ਦੇਈਏ? ਚਾਹੇ ਉਹ ਐਨੇ ਫਟੇ ਤੇ ਘਸੇ ਹੋਏ ਹੋਣ ਕਿ ਉਹਨਾਂ ਵਿੱਚੋਂ ਉਸ ਦੇ ਸਾਰੇ ਅੰਗ ਝਾਤੀਆਂ ਮਾਰਨ। ਵਿਛਾਉਣੇ ਵਾਸਤੇ ਅਸੀਂ ਆਪਣੀ ਖਾਨਦਾਨੀ ਦਰੀ ਦੇਈਏ, ਜਿਸ ਨੂੰ ਸਾਡੇ ਲੰਗੜੇ ਨੌਕਰ ਨੇ ਪੂਰੇ ਵੀਹ ਸਾਲ ਇਸਤੇਮਾਲ ਕਰਕੇ ਕਬੀਰ ਦੀ ਚੁਨਰੀਆ ਵਾਂਗ ਉਵੇਂ-ਜਿਵੇਂ ਸੰਭਾਲ ਰੱਖਿਆ ਸੀ? ਅਤੇ ਦੋਨੋਂ ਸਮੇਂ ਭਰ-ਪੇਟ ਖਾਣਾ ਤਨਖਾਹ ਤੋਂ ਬਿਨ। ਚਾਹੇ ਇਹ ਗੱਲ ਜ਼ਰੂਰ ਸੀ ਕਿ ਰੋਟੀ ਉਸਨੂੰ ਰੁੱਖੀ ਦਿੱਤੀ ਜਾਂਦੀ ਸੀ। ਤੁਸੀਂ ਜਾਣਦੇ ਹੀ ਹੋ ਕਿ ਅਸਲੀ ਘਿਉ ਤਾਂ ਸਾਨੂੰ ਵੀ ਨਹੀਂ ਮਿਲਦਾ ਅਤੇ ਡਾਲਡੇ ਦੀਆਂ ਕੀਮਤਾਂ ਬਹੁਤ ਵਧ ਗਈਆਂ ਹਨ। ਦਾਲ-ਸਬਜ਼ੀ ਜੇ ਸਾਡੇ ਖਾਣ ਮਗਰੋਂ ਬਚ ਜਾਂਦੀ ਤਾਂ ਜ਼ਰੂਰ ਦਿੱਤੀ ਜਾਂਦੀ। ਵੈਸੇ ਅਸੀਂ ਇਹ ਮੰਨ ਕੇ ਚਲਦੇ ਹਾਂ ਕਿ ਪੇਂਡੂ ਤੇ ਗਰੀਬ ਆਦਮੀ ਰੁੱਖੀ-ਸੁੱਕੀ ਖਾ ਕੇ, ਠੰਡਾ ਪਾਣੀ ਪੀ ਕੇ ਹੀ ਸੰਤੁਸ਼ਟ ਹੋ ਜਾਂਦਾ ਹੈ। ਜੇ ਉਹ ਨਹੀਂ ਹੁੰਦਾ ਤਾਂ ਉਹ ਆਦਮੀ ਸਾਡੀ ਨਜ਼ਰ ਵਿੱਚ ਭਾਰਤੀ ਪਰੰਪਰਾਵਾਂ ਨੂੰ ਨਿਭਾਉਣ ਵਾਲਾ ਆਦਮੀ ਨਹੀਂ ਹੈ। ਜਿੱਥੇ ਆਦਮੀ ਨੂੰ ਇਹ ਅੰਮ੍ਰਿਤ-ਵਚਨ ਪਿਲਾਇਆ ਜਾਂਦਾ ਹੈ—ਰੁੱਖੀ-ਸੁੱਕੀ ਖਾ ਕੇ ਠੰਡਾ ਪਾਣੀ ਪੀ, ਦੇਖ ਪਰਾਈ ਚੋਪੜੀ ਨਾ ਲਲਚਾਵੇ ਜੀ। ਅੱਜ-ਕੱਲ ਕੋਈ ਤੁਹਾਨੂੰ ਦੋਨੋਂ ਟਾਈਮ ਭਰ-ਪੇਟ ਰੋਟੀ ਖੁਆ ਦੇਵੇ ਤਾਂ ਸੌ ਦਾ ਪੱਤਾ ਤੁਸੀਂ ਮਹੀਨੇ ਵਿੱਚ ਹਜ਼ਮ ਕਰ ਜਾਉਗੇ... ਪੰਜਾਹ ਤਨਖ਼ਾਹ ਹੋ ਗਈ। ਇੱਕ ਨੌਕਰ ਰੱਖਣ ਦਾ ਮਤਲਬ ਤੁਸੀਂ ਘੱਟੋ-ਘੱਟ ਡੇਢ ਸੌ ਹੇਠ ਆ ਗਏ। ਮਤਲਬ ਮਹੀਨੇ ਵਿੱਚ ਘੱਟੋ-ਘੱਟ ਇੱਕ ਕਹਾਣੀ ਤੁਹਾਡਾ ਨੌਕਰ ਹੜੱਪ ਕਰ ਗਿਆ...ਤੇ ਉਹ ਵੀ ਉਦੋਂ ਜਦੋਂ ਤੁਸੀਂ ਲਿਖ ਲਵੋ ਤੇ ਉਹ ਸੰਪਾਦਕ ਨਾਂ ਦੀ ਚੀਜ਼ ਨੂੰ ਪਸੰਦ ਆ ਜਾਵੇ, ਉਹ ਛਾਪ ਦੇਵੇ ਅਤੇ ਛੇ ਮਹੀਨੇ ਮਗਰੋਂ ਉਸ ਦੇ ਪੈਸੇ ਭੇਜ ਦੇਵੇ ਤਾਂ। ਨਹੀਂ ਤਾਂ ਤੁਸੀਂ ਬਣੇ ਰਹੋ ਲੇਖਕ...ਤੁਹਾਨੂੰ ਨੌਕਰ ਵਾਲੇ ਇਹ ਡੇਢ-ਸੌ ਆਪਣੀ ਤਨਖ਼ਾਹ ਵਿੱਚੋਂ ਹੀ ਕੱਢਣੇ ਪੈਣਗੇ। ਤੇਤਨਖਾਹ ਦਾ ਕੀ ਹਾਲ ਹੈ, ਇਹ ਗੱਲ ਨਾ ਤੁਹਾਡੇ ਕੋਲੋਂ ਛੁਪੀ ਹੈ ਤੇ ਨਾਂ ਮੇਰੇ ਕੋਲੋਂ...ਮਹਿੰਗਾਈ ਭੱਤਾ ਸਭ ਮਿਲਾ-ਮਿਲੂ ਕੇ ਜੋ ਰੁਪਏ ਤੁਹਾਨੂੰ ਮਿਲਦੇ ਹਨ, ਉਹ ਘਰ ਤੱਕ ਪਹੁੰਚ ਵੀ ਨਹੀਂ ਪਾਉਂਦੇ...ਮਹੀਨੇ ਭਰ ਦੀ ਲਾਲਾ ਤੋਂ ਲੈ ਕੇ ਦੁੱਧ ਵਾਲੇ ਤੱਕ ਦੇ ਉਧਾਰ ਵਿੱਚ ਸਾਰੇ ਖਪ ਜਾਂਦੇ ਹਨ...ਹੁਣ ਤੁਸੀਂ ਦੱਸੋ ਕਿ ਸਾਡੇ ਵਰਗੇ ਨੌਕਰੀ-ਪੇਸ਼ਾ ਆਦਮੀ ਨੌਕਰ ਵਰਗੀ ਖਰਚੀਲੀ ਚੀਜ਼ ਕਿਵੇਂ ਪਾਲ ਸਕਦੇ ਹਨ? ਪਰ ਮਜ਼ਬੂਰੀ ਹੈ, ਜੇ ਪ੍ਰਤਿਭਾ ਨੂੰ ਨਸ਼ਟ ਹੋਣ ਤੋਂ ਬਚਾਉਣਾ ਹੈ। ਇਤਿਹਾਸ-ਜੀਵੀ ਹੋਣ ਦੀ ਤੁਹਾਡੀ ਤਮੰਨਾ ਹੈ ਤਾਂ ਤੁਹਾਨੂੰ ਇਹ ਖਰਚ ਕਿਸੇ ਤਰ੍ਹਾਂ ਬਰਦਾਸ਼ਤ ਕਰਨਾ ਹੀ ਪਵੇਗਾ।

ਇਹਨਾਂ ਸਾਰੇ ਕਾਰਨਾਂ ਕਰਕੇ ਅਸੀਂ ਹਰ ਸਮੇਂ

ਨੌਕਰ ਨਾਂਉਂ ਦੇ ਜੀਵ ਦੀ ਤਲਾਸ਼ ਵਿੱਚ ਰਹਿੰਦੇ ਸਾਂ। ਕਿਧਰੋਂ ਸੁਰਾਗ ਮਿਲਦਾ ਕਿ ਫਲਾਣਾ ਆਦਮੀ ਨੌਕਰ ਰਹਿਣ ਲਈ ਤਿਆਰ ਹੈ ਤਾਂ ਅਸੀਂ ਲੋਕ ਉਸਨੂੰ ਕ੍ਰਿਕਟ ਬਾਲ ਵਾਂਗ ਕੈਚ ਕਰਨ ਲਈ ਇੱਕ ਦਮ ਲਪਕ ਜਾਇਆ ਕਰਦੇ ਸਾਂ।...ਇਸ ਵਾਰ ਵੀ ਅਜਿਹਾ ਹੀ ਹੋਇਆ ਸੀ। ਅਸੀਂ ਦੁਰਭਾਗ-ਸੁਭਾਗ ਨਾਲ ਇੱਕ ਮਹਾਂ ਨਗਰ ਵਿੱਚ ਆਪਣੇ ਬੀਵੀ-ਬੱਚਿਆਂ ਸਮੇਤ ਇੱਕ ਧਰਮ-ਸ਼ਾਲਾ ਵਿੱਚ ਦੋ ਰੁਪਏ ਰੋਜ਼ ਦਾ ਕਮਰਾ ਲੈ ਕੇ ਦੋ ਦਿਨਾਂ ਲਈ ਅਟਕੇ ਹੋਏ ਸਾਂ। ਤੁਸੀਂ ਕਹੋਗੇ, ਹੋਟਲਾਂ ਵਿੱਚ ਕਿਉਂ ਨਹੀਂ ਠਹਿਰੇ? ਤਾਂ ਭਾਈ ਮੈਂ ਤੁਹਾਨੂੰ ਦੱਸ ਦਿਆਂ ਕਿ ਅਸੀਂ ਕੋਈ ਸਮਗਲਰ, ਸੇਠ ਜਾਂ ਸਰਕਾਰ ਦੇ ਰਿਸ਼ਵਤੀਏ ਜੁਆਈ ਤਾਂ ਹੈ ਨਹੀਂ, ਕਿ ਪੰਜ ਸਟਾਰੀ ਜਾਂ ਤਿੰਨ ਸਟਾਰੀ ਹੋਟਲਾਂ ਦੇ ਖਰਚੇ ਝੱਲ ਸਕੀਏ। ਅਸੀਂ ਤਾਂ ਮਾਮੂਲੀ ਕਸਬਾਈ ਸਹਿਰਾਂ ਦੇ ਬਹੁਤ ਹੀ ਮਾਮੂਲੀ ਇਨਸਾਨ ਹਾਂ ਤੇ ਉੱਤੋਂ ਲੇਖਕ ਬਣਨ ਦੀ ਖ਼ਬਤ ਵੀ ਸੁਆਰ ਹੈ... ਬੇਅੰਤ ਅਖ਼ਬਾਰਾਂ ਅਤੇ ਰਿਸਾਲਿਆਂ ਦਾ ਖ਼ਰਚ ਝੱਲਣਾ ਪੈਂਦਾ ਹੈ। ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਅੱਜ-ਕੱਲ੍ਹ ਦਾ ਲੇਖਕ ਪੜ੍ਹੇਗਾ ਨਹੀਂ ਤਾਂ ਲਿਖੇਗਾ ਕੀ? ਉਹ ਦੂਜਿਆਂ ਦੇ ਲਿਖੇ ਨੂੰ ਪੜ੍ਹਦਾ ਹੈ ਅਤੇ ਫਿਰ ਉਸੇ ਵਿੱਚੋਂ ਕੁਝ ਜੋੜ ਘਟਾ ਕਰ ਕੇ ਆਪਣੀ ਕੋਈ ਮੌਲਿਕ ਰਚਨਾ ਤਿਆਰ ਕਰ ਲੈਂਦਾ ਹੈ। ਆਪਣੀ ਬੋਲੀ ਵਿੱਚ ਅੱਜ-ਕੱਲ੍ਹ ਜਿੰਨੇ ਮੌਲਿਕ ਲੇਖਕ ਹਨ, ਸਾਰੇ ਇਹੋ ਕਰ ਰਹੇ ਹਨ।... ਅੰਗਰੇਜ਼ੀ ਦੇ ਲੇਖਕ ਕੀ ਕਰ ਰਹੇ ਹਨ, ਇਹ ਮੈਨੂੰ ਪਤਾ ਨਹੀਂ। ਪ੍ਰੇਮ ਚੰਦ ਅਤੇ ਪ੍ਰਸਾਦ ਵਰਗੇ ਦੋ-ਚਾਰ ਲੇਖਕ ਅਜਿਹਾ ਨਹੀਂ ਕਰਦੇ ਸਨ, ਇਸ ਲਈ ਉਹਨਾਂ ਨੂੰ ਮੌਲਿਕ ਨਹੀਂ ਮੰਨਿਆਂ ਜਾ ਸਕਦਾ। ਸਾਡੇ ਮੌਲਿਕ ਲੇਖਕਾਂ ਦੇ ਸੰਵੇਦਨਸ਼ੀਲ ਅਤੇ ਕਲਪਨਾਸ਼ੀਲ ਰਚਨਾ-ਧਰਮ ਵਾਸਤੇ ਇਹ ਜ਼ਰੂਰੀ ਹੈ ਕਿ ਸਾਡੇ ਕੋਲ ਘੱਟ ਪੈਸੇ ਲੈ ਕੇ ਥੋੜ੍ਹਾ ਖਾ ਕੇ, ਜਿਉਂਦਾ ਰਹਿ ਸਕਣ ਵਾਲਾ ਇੱਕ ਨੌਕਰ ਜ਼ਰੂਰ ਹੋਵੇ। ਜਿਹੜਾ ਸਾਡੇ ਲਈ ਦਿਨ-ਰਾਤ ਬਲਦ ਵਾਂਗ ਜੁੜਿਆ ਰਹੇ। ਪ੍ਰਤਿਭਾਸ਼ਾਲੀ ਲੋਕਾਂ ਦੀ ਪ੍ਰਤਿਭਾ ਦੇ ਨਿਖਾਰ ਲਈ ਲੋਕਾਂ ਨੂੰ ਘੱਟੋ-ਘੱਟ ਐਨਾ ਕੁ ਤਿਆਗ ਤਾਂ ਕਰਨਾ ਚਾਹੀਦਾ ਹੈ। ਭਲਾ ਤੁਸੀਂ ਹੀ ਦੱਸੋ ਇਸ ਦੇਸ਼ ਦੀਆਂ ਮਹਾਨ ਪ੍ਰਤਿਭਾਵਾਂ ਕਿਵੇਂ ਨਿੱਖਰ ਕੇ ਸਾਮ੍ਹਣੇ ਆਉਣਗੀਆਂ? ਨਹੀਂ ਨਿੱਖਰਨਗੀਆਂ ਤਾਂ ਦੇਸ਼ ਦਾ ਨਾਂ ਰੋਸ਼ਨ ਕਿਵੇਂ ਹੋਵੇਗਾ? ਰਵੀ ਠਾਕਰ ਮਗਰੋਂ ਇਸ ਦੇਸ਼ ਵਿੱਚ ਕਿਸੇ ਲੇਖਕ ਨੂੰ ਨੋਬਲ-ਪਰਾਈਜ਼ ਇਸੇ ਕਰਕੇ ਨਹੀਂ ਮਿਲ ਸਕਿਆ। ਕਿਉਂਕਿ ਕਿਸੇ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਲੋਕਾਂ ਨੇ ਤਿਆਗ ਨਹੀਂ ਕੀਤਾ।

ਹਾਂ, ਤਾਂ ਉਸ ਦਿਨ ਅਸੀਂ ਆਪਣੇ ਬੀਵੀ-ਬੱਚਿਆਂ ਸਮੇਤ ਧਰਮਸ਼ਾਲਾ ਦੇ ਉਸ ਹਨ੍ਹੇਰੇ ਬੰਦ ਕਮਰੇ ਵਿੱਚ (ਮੋਹਨ ਰਾਕੇਸ਼ ਜੀ ਤੋਂ ਖਿਮਾਂ-ਸਹਿਤ) ਜਿਸ ਵਿੱਚ ਕਾਕਰੋਚਾਂ ਅਤੇ ਖਟਮਲਾਂ ਦਾ ਉਸ ਦਿਨ ਸ਼ਾਇਦ ਕੋਈ ਸੰਮੇਲਨ ਜਾਂ ਕੋਈ ਰੈਲੀ-ਰੂਲੀ ਚੱਲ ਰਹੀ ਸੀ, ਬੈਠੇ ਚਾਹ ਦੀ ਉਡੀਕ ਕਰ ਰਹੇ ਸਾਂ...ਚਾਹ ਵਾਲਾ ਪੁੱਛਣ ਆਇਆ ਸੀ ਕਿ ਬਾਬੂ ਜੀ ਚਾਹ ਤਾਂ ਨਹੀਂ ਪੀਵੋਗੇ? ਹੁਣ ਕਿਉਂਕਿ ਕੰਬਖ਼ਤ ਪੁੱਛਣ ਆ ਗਿਆ ਸੀ ਅਤੇ ਅਤੇ ਬੱਚਿਆਂ ਨੇ ਉਸ ਨੂੰ ਸੁਣ ਲਿਆ ਸੀ ਇਸ ਲਈ ਸਾਡੀ ਮਜਬੂਰੀ ਸੀ ਕਿ ਸਾਨੂੰ ਹਾਂ ਕਰਨੀ ਪਈ। ਵੈਸੇ ਅਸੀਂ ਚੀਨੀ ਦੀ ਕਿੱਲਤ ਕਰ ਕੇ ਘਰ ਪਰ ਵੀ ਚਾਹ ਵਰਗਾ ਖਰਚੀਲਾ ਸ਼ੌਕ ਮੁਲਤਵੀ ਕਰ ਰੱਖਿਆ ਸੀ। ...ਬਹਰਹਾਲ ਚਾਹ ਪੁੱਛਣ ਲਈ ਕੋਈ ਹੋਰ ਆਇਆ ਸੀ ਤੇ ਜਿਹੜਾ ਬੰਦਾ ਚਾਹ ਲੈ ਕੇ ਆਇਆ ਉਹ ਇਕ ਪਾਗਲ ਜਾਂ ਬੇਵਕੂਫ਼ ਨੁਮਾਂ ਕੋਈ ਆਦਮੀ ਸੀ। ਉਸ ਦੀ ਕਮੀਜ਼ ਥਾਂ-ਥਾਂ ਤੋਂ ਫਟੀ ਅਤੇ ਨਗੰਦੀ ਹੋਈ ਸੀ। ਪਜਾਮਾਂ ਮੁਹਰੀਆਂ ਤੋਂ ਕਈ ਜਗ੍ਹਾ ਇਉਂ ਫਟ ਕੇ ਲੰਗਾਰ ਬਣਿਆ ਹੋਇਆ ਸੀ ਜਿਵੇਂ ਉਸ ਨੂੰ ਕੁੱਤਿਆਂ ਨੇ ਦੌੜਾਇਆ ਹੋਵੇ ਅਤੇ ਕਈ ਵਾਰ ਉਲਝ ਕੇ ਕੁੱਤਿਆਂ ਦੇ ਖਿੱਚਣ ਨਾਲ ਬੇਤਰਤੀਬਾ ਫਟ ਗਿਆ ਹੋਵੇ। ਅਤੇ ਉਹ ਕੱਪੜੇ ਵੀ ਕਿੰਨੇ ਗੰਦੇ ਸਨ...ਇਸ ਬਾਰੇ ਵਿੱਚ ਕੀ ਕਿਹਾ ਜਾਵੇ, ਬੱਸ ਸਮਝ ਲਉ ਕਿ ਕੱਪੜੇ ਦਾ ਅਸਲੀ ਰੰਗ ਪਤਾ ਕਰਨ ਲਈ ਕਿਸੇ ਰਸਾਇਣਕ ਜਾਂਚ ਦੀ ਪ੍ਰਯੋਗਸ਼ਾਲਾ ਵਿੱਚ ਭੇਜਣਾ ਪੈਂਦਾ। ਵੈਸੇ ਅਸਲੀ ਰੰਗ ਦਾ ਪਤਾ ਲਗਾ ਸਕਣਾ ਅਸੰਭਵ ਗੱਲ ਲਗਦੀ ਸੀ। ..ਸੋ ਉਸ ਆਦਮੀ ਨੂੰ ਦੇਖਦਿਆਂ ਹੀ ਸਾਡੇ ਲੇਖਕ ਕਿਸਮ ਦੇ ਜੀਵਾਂ ਨਾਲ ਜਿਸ ਗੱਲ ਦੇ ਵਾਪਰਨ ਦੀ ਪੂਰੀ ਸੰਭਾਵਨਾ ਰਹਿੰਦੀ ਹੈ, ਉਹ ਵਾਪਰ ਗਈ। ਅਸੀਂ ਭਾਰਤ ਨਾਉਂ ਦੇ ਦੇਸ਼ ਦੀ ਗ਼ਰੀਬੀ ਅਤੇ ਆਮ ਆਦਮੀ ਯਾਨੀ ਕਿ ਸਰਵਹਾਰਾ ਦੀ ਦੁਰਦਸ਼ਾ ਪ੍ਰਤੀ ਇੱਕਦਮ ਭਾਵਕ ਅਤੇ ਸੰਵੇਦਨਸ਼ੀਲ ਹੋ ਉੱਠੇ। ਫਿਰ ਮੈਨੂੰ ਲੱਗਾ ਕਾਰਲ ਮਾਰਕਸ ਅਤੇ ਮਹਾਨ ਲੈਨਿਨ ਨੇ ਜਿਸ ਸਰਵਹਾਰਾ ਦੀ ਮਹਾਨਤਾ ਨੂੰ ਕਦਮ-ਕਦਮ ਤੇ ਸਰਾਹਿਆ ਹੈ, ਉਹ ਹੋਰ ਕੋਈ ਨਹੀਂ, ਇਹੋ ਆਦਮੀ ਹੋਵੇਗਾ...ਅਤੇ ਸਾਡੇ ਵਰਗੇ ਲੋਕ ਜਿਹੜੇ ਇਹਨਾਂ ਸਰਵਹਾਰਿਆਂ ਦੀਆਂ ਕਹਾਣੀਆਂ ਲਿਖਿਆ ਕਰਦੇ ਹਨ, ਇਹਨਾਂ ਦਾ ਦੁੱਖ-ਦਰਦ ਲਿਖ ਕੇ ਰਸਾਲਿਆਂ ਤੋਂ ਸੌ-ਡੇਢ ਸੌ ਝਟਕ ਲਿਆ ਕਰਦੇ ਹਨ। ਇਹਨਾਂ ਨੂੰ ਇਸ ਫਟੇਹਾਲੀ ਵੇਖ ਪੰਘਰ ਨਾ ਜਾਣ ਤਾਂ ਅਸੀਂ ਸਰਵਹਾਰਿਆਂ ਅਤੇ ਲੋਕਾਂ ਦੇ ਲੇਖਕ ਭਲਾ ਕਿਵੇਂ ਹੋਏ?...ਸੋ ਅਸੀਂ ਬੀਵੀ ਬੱਚਿਆਂ ਨਾਲ ਚਾਹ

ਪੀਂਦਿਆਂ ਉਸ ਮਾਰਕਸ ਅਤੇ ਲੈਨਿਨ ਦੇ ਕਰਾਂਤੀ-ਦੂਤ ਮਹਾਨ ਸਰਵਹਾਰਾਂ ਤੋਂ ਝਟ ਪੁੱਛਿਆ, "ਦੋਸਤ, ਕਿੱਥੇ ਰਹਿੰਦੇ ਹੋ ?" ਤੁਸੀਂ ਸਮਝ ਹੀ ਗਏ ਹੋਵੋਗੇ, ਗਰੀਬ ਅਤੇ ਸਰਵਹਾਰਾਂ ਨੂੰ ਬੇਵਕੂਫ਼ ਬਨਾਉਣ ਲਈ ਸਾਡੇ— ਸੰਵੇਦਨਸ਼ੀਲ ਲੋਕਾਂ ਕੋਲ 'ਦੋਸਤ' ਅਤੇ 'ਭਾਈ' ਵਰਗੇ ਸ਼ਬਦ ਹੁੰਦੇ ਹਨ। ਜਿਉਂ ਹੀ ਉਸ ਨੇ ਇਕ ਪੈਂਟ-ਸ਼ਰਟ ਵਾਲੇ ਅਪਟੂਡੇਟ, ਬਾਬੂ ਕਿਸਮ ਦੇ ਬੰਦੇ ਤੋਂ 'ਦੋਸਤ' ਵਰਗਾ ਸੰਬੋਧਨ ਅਤੇ ਚਾਸ਼ਣੀ ਵਰਗੇ ਮਿੱਠੇ ਬੋਲ ਸੁਣੇ, ਮੱਛੀ ਵਾਂਗ ਫਸ ਕੇ ਰਹਿ ਗਿਆ। ਖ਼ੁਸ਼ ਹੁੰਦਾ ਉਹ ਫਟੇ ਖੀਸੇ ਵਿਚ ਹੱਥ ਘੁਮਾਉਣ ਲੱਗ ਪਿਆ।

ਅਸਲ ਵਿਚ ਮਹਾਂ ਨਗਰਾਂ ਦੀ ਇਕ ਕਠੋਰਤਾ ਹੀ ਤਾਂ ਸਾਨੂੰ ਸੰਵੇਦਨਸ਼ੀਲ ਪ੍ਰਾਣੀਆਂ ਨੂੰ ਲੇਖਕ ਬਣਨ ਲਈ ਮਜਬੂਰ ਕਰਿਆ ਕਰਦੀ ਹੈ। ਉਹ ਆਦਮੀ ਸੱਚ-ਮੁੱਚ ਬੜਾ ਦੁਖੀ ਆਦਮੀ ਨਿਕਲਿਆ। ਉਸ ਨੇ ਦੱਸਿਆ ਕਿ ਚਾਹ ਮਾਲਕ ਉਸ ਨੂੰ ਉੱਲੇ-ਪੱਕੇ ਚਾਲੀ ਰੁਪਏ ਦੇਂਦਾ ਹੈ ਅਤੇ ਇਕ ਟਾਇਮ ਦਾ ਖਾਣਾ ਅਤੇ ਦੋ ਕੱਪ ਚਾਹ। ਅਤੇ ਬਦਲੇ ਵਿੱਚ ਦਿਨ ਭਰ, ਮਤਲਬ ਸਵੇਰੇ ਪੰਜ ਵਜੇ ਭੱਠੀ ਲਾਉਣ ਤੋਂ ਲੈ ਕੇ ਸ਼ਾਮ ਦੇ ਗਿਆਰਾਂ ਵਜੇ ਤੱਕ ਬਦਲ ਵਾਂਗ ਜੋੜੀ ਰੱਖਦਾ ਹੈ। ਰਾਤ ਨੂੰ ਮਾਲਕ ਜਦੋਂ ਦੁਕਾਨ ਬੰਦ ਕਰਕੇ ਜਾਂਦਾ ਹੈ ਤਾਂ ਉਸ ਨੂੰ ਦੁਕਾਨ ਦੇ ਬਾਹਰ ਵਾਧਰੇ ਤੇ ਸੌਣ ਦੀ ਜਗ੍ਹਾ ਦੇਂਦਾ ਹੈ...ਅਤੇ ਜਿਸ ਗਲੀ ਵਿੱਚ ਉਸ ਦੀ ਚਾਹ ਦੀ ਦੁਕਾਨ ਹੈ, ਉਸ ਥਾਂ ਤੇ ਮੱਛਰਾਂ, ਬਦਬੂ ਅਤੇ ਗੰਦਗੀ ਕਾਰਨ ਨੀਂਦ ਆਉਣੀ ਅਸੰਭਵ ਹੈ। ਰਾਤ ਭਰ ਲੋਕੀ ਆਉਂਦੇ-ਜਾਂਦੇ ਰਹਿੰਦੇ ਹਨ...ਉਹ ਉਸ ਨੂੰ ਬੀੜੀ ਜਲਾਉਣ ਖਾਤਰ ਜਗਾ ਲੈਂਦੇ ਹਨ ਅਤੇ ਕਹਿੰਦੇ ਹਨ ਕਿ ਹੇਠ ਵਾਲੀ ਭੱਠੀ ਕੁਰੇਦ ਦੇ, ਅਸੀਂ ਬੀੜੀ ਲਾਉਣੀਏਂ।

ਲੇਖਕ ਅੱਜ-ਕੱਲ ਉਹੀ ਬਣ ਸਕਦਾ ਹੈ। ਜਿਸ ਦੀਆਂ ਅੱਖਾਂ ਬਹੁਤ ਤੇਜ਼, ਨੱਕ ਬਹੁਤ ਤਿੱਖੀ, ਦਿਮਾਗ ਬਹੁਤ ਸੁਚੇਤ ਹੋਵੇ। ਮੈਂ ਉਸ ਤੋਂ ਝਟ ਪੁੱਛਿਆ, "ਤੂੰ ਕਿਸੇ ਭਲੇ ਆਦਮੀ ਦੇ ਘਰ ਨੌਕਰੀ ਕਰੇਂਗਾ ?" ਅਤੇ ਉਹ ਤੁਰੰਤ ਤਿਆਰ ਹੋ ਗਿਆ। ਉਸ ਦਾ ਸਵਾਲ ਸੀ, "ਕਿੰਨੀ ਤਨਖ਼ਾਹ ਮਿਲੇਗੀ ਸਾਹਬ ?" ਅਤੇ ਮੈਂ ਤੁਰੰਤ ਚਾਹ ਵਾਲੇ ਤੋਂ ਦਸ ਰੁਪਏ ਵੱਧ ਤਨਖਾਹ ਲਗਾ ਦਿੱਤੀ। ਮਤਲਬ ਪੰਜਾਹ ਰੁਪਏ ਅਤੇ ਦੋਨੋਂ ਟਾਇਮ ਭਰ ਪੇਟ ਖਾਣਾ। ਪਹਿਨਣ ਲਈ ਕੱਪੜੇ ਅਤੇ ਰਹਿਣ ਲਈ ਵਧੀਆ ਥਾਂ। ਕਿਉਂਕਿ ਉਹ ਸਰਵਹਾਰਾ ਸੀ, ਇਸ ਲਈ ਫੌਰਨ ਤਿਆਰ ਹੋ ਗਿਆ...ਅਤੇ ਜਦੋਂ ਅਸੀਂ ਉਸ ਮਹਾਂਨਗਰ ਤੋਂ ਆਪਣੇ ਕਸਬਾਈ ਸ਼ਹਿਰ ਲਈ ਚੱਲੇ ਤਾਂ ਸਾਨੂੰ ਉਸਨੂੰ ਬੁਲਾਉਣਾ ਨਾ ਪਿਆ। ਉਹ ਘੰਟਾ ਪਹਿਲਾਂ ਹੀ ਸਾਡੀ ਕੋਠੜੀ ਦੇ ਸਾਹਮਣੇ ਆ ਬੈਠਿਆ। ਅਸੀਂ ਉਸ ਨੂੰ ਪੁੱਛਿਆ ਕਿ ਕਿਰਾਏ ਕਰੂਏ ਵਾਸਤੇ ਤੇ ਤੇਰੇ ਕੋਲ ਪੈਸੇ-ਧੁਸੇ ਹੈਗੇ ? ਤਾਂ ਉਸ ਨੇ ਦੱਸਿਆ ਕਿ ਉਸ ਕੋਲ ਕੇਵਲ ਤੀਹ ਰੁਪਏ ਹਨ ਤਾਂ ਸਾਡੇ ਲੇਖਕ ਕਿਸਮ ਦੇ ਜੀਵਾਂ ਦਾ ਪਿੰਘਲ ਜਾਣਾ ਸੁਭਾਵਕ ਹੀ। ਅਸੀਂ ਸੋਚਿਆ ਇਸ ਤੋਂ ਰੇਲ ਦਾ ਕਿਰਾਇਆ ਕੀ ਲੈਣਾ ਹੈ, ਇਸ ਨੂੰ ਕਿਉਂ ਨਾ ਆਪਣੇ ਹੀ ਕਿਰਾਏ ਤੇ ਲੈ ਚੱਲੀਏ। ਸ਼ੱਕ ਵਾਲੀ ਗੱਲ ਨਹੀਂ ਕਿ ਸਾਡੀ ਇਸ ਹਮਦਰਦੀ ਨਾਲ ਦਾ ਗਦਗਦ ਹੋ ਜਾਣਾ ਸੁਭਾਵਕ ਸੀ। ਉਹ ਸਾਡੇ ਸਮਾਨ ਅਤੇ ਬੱਚਿਆਂ ਨੂੰ ਮੋਢਿਆਂ ਤੇ ਚੁੱਕ ਬੜੇ ਭਗਤੀ ਭਾਵ ਨਾਲ ਸਟੇਸ਼ਨ ਤੇ ਆਇਆ। ਸਾਨੂੰ ਕੁਲੀ ਕਰਨਾ ਪੈਣਾ ਸੀ, ਉਹ ਪੈਸਾ ਵੀ ਬਚ ਗਿਆ। ਫਿਰ ਜਦੋਂ ਗੱਡੀ ਵਿੱਚ ਬੈਠਣ ਮਗਰੋਂ ਅਸੀਂ ਖਾਣਾ ਖਾਧਾ ਤਾਂ ਯਾਦ ਆਇਆ ਕਿ ਅਸੀਂ ਇਕੱਲੇ ਨਹੀਂ ਹਾਂ। ਸਾਡੇ ਨਾਲ ਇਕ ਸਰਵਹਾਰਾ ਵੀ ਹੈ। ਅਸੀਂ ਉਸ ਨੂੰ ਪਲੇਟ-ਫਾਰਮ ਤੋਂ ਪੂੜੀਆਂ ਖਰੀਦ ਕੇ ਦੇ ਦਿੱਤੀਆਂ। ਉਸਨੂੰ ਇਕ-ਇਕ ਪੂੜੀ ਇਕ-ਇਕ ਬੁਰਕੀ ਵਿੱਚ ਨਿਘਾਰਦੇ ਵੇਖ ਮੇਰਾ ਭਾਵਕ ਹੋ ਜਾਣਾ ਸੁਭਾਵਕ ਸੀ। ਮੈਂ ਸਮਝ ਗਿਆ ਕਿ ਹੁਣ ਤਕ ਸਵੇਰ ਤੋਂ ਇਸ ਸਰਵਹਾਰੇ ਨੂੰ ਚਾਹ ਵਾਲੇ ਨੇ ਖਾਣ ਲਈ ਕੁਝ ਨਹੀਂ ਦਿੱਤਾ। ਇਸ ਲਈ ਪਿੰਘਲ ਕੇ ਮੈਂ ਕਿਹਾ, "ਦੋਸਤ, ਕੋਈ ਜਲਦੀ ਨਹੀਂ, ਅਰਾਮ ਨਾਲ ਖਾ, ਜਿੰਨਾਂ ਚਾਹੁੰਦਾ ਏਂ, ਓਨਾ ਖਾ।" ਉਸਨੂੰ ਪੇਟ ਭਰ ਕੇ ਖੁਆਉਣ ਮਗਰੋਂ ਮੈਂ ਇਕ ਤਰ੍ਹਾਂ ਨਾਲ ਆਤਮ ਸੰਤੁਸ਼ਟੀ ਦਾ ਅਨੁਭਵ ਕੀਤਾ, ਜਿਵੇਂ ਸਚਮੁੱਚ ਇਸ ਦੇਸ਼ ਦੇ ਇਕ ਗਰੀਬ ਆਦਮੀ ਦਾ ਬੇੜਾ ਪਾਰ ਲਾ ਰਿਹਾ ਹੋਵਾਂ।

ਨੌਕਰ ਸਮੇਤ ਅਸੀਂ ਆਪਣੇ ਕਸਬਾਈ ਸ਼ਹਿਰ ਵਿੱਚ ਆ ਗਏ। ਅਸੀਂ ਬੜੇ ਖੁਸ਼ ਸਾ। ਬਹੁਤ ਦਿਨਾਂ ਮਗਰੋਂ ਇਕ ਗਰਜ਼ਮੰਦ ਅਤੇ ਸਿੱਧਾ-ਸਾਦਾ ਬੰਦਾ ਮਿਲ ਗਿਆ ਸੀ। ਇਹ ਆਦਮੀ ਸਾਡੇ ਘਰ ਵਿੱਚ ਖੱਪ ਜਾਵੇਗਾ। ਸਾਡੇ ਉਸ ਪੁਰਾਣੇ ਲੰਗੜੇ ਨੌਕਰ ਦੀ ਤਰ੍ਹਾਂ ਜਮ ਕੇ ਕੰਮ ਕਰੇਗਾ—ਉਸ ਲੰਗੜੇ ਨੂੰ ਵੀ ਪਿਤਾ ਜੀ ਕਿਸੇ ਥਾਂ ਤੋਂ ਇਉਂ ਹੀ ਫੜ ਕੇ ਲੈ ਆਏ ਸੀ। ਉਹ ਵੀ ਕਿਸੇ ਢਾਬੇ ਤੇ ਭਾਂਡੇ ਮਾਂਜਿਆ ਕਰਦਾ ਸੀ ਅਤੇ ਢਾਬੇ ਦਾ ਮਾਲਕ ਉਸ ਤੋਂ ਜਾਨਵਰਾਂ ਵਾਂਗ ਕੰਮ ਲਿਆ ਕਰਦਾ ਸੀ ਅਤੇ ਤਨਖ਼ਾਹ ਦੇ ਨਾਂ ਤੇ ਮਾਰਦਾ-ਕੁੱਟਦਾ ਸੀ। ਪੁਲਸ ਵਿੱਚ ਫੜਾ ਦੇਣ ਦੀ ਧਮਕੀ ਦਿਆ ਕਰਦਾ ਸੀ ਅਤੇ ਕਿਉਂਕਿ ਉਹ ਪੇਂਡੂ ਅਤੇ ਸਿੱਧਾ-ਸਾਧਾ ਬੰਦਾ ਸੀ ਅਤੇ ਪੁਲਸ ਦੀਆਂ ਉਹਨਾਂ ਵਧੀਕੀਆਂ ਤੋਂ ਜਾਣੂ ਸੀ ਜਿਹੜੀਆਂ ਉਹ ਆਪਣੇ ਪਿੰਡ ਵਿੱਚ ਦੇਖਦਾ ਰਿਹਾ

ਸੀ। ਸੋ ਡਰ ਦਾ ਮਾਰਿਆ ਉਹ ਚੁੱਪ ਰਹਿ ਜਾਂਦਾ ਸੀ। ਢਾਬੇ ਵਾਲਾ ਅਕਸਰ ਖਾਣਾ ਵੀ ਉਸਨੂੰ ਹੋਟਲ ਦਾ ਬਚਿਆ-ਖੁਚਿਆ ਹੀ ਦਿਆ ਕਰਦਾ ਸੀ। ਨਹੀਂ ਬਚਦਾ ਸੀ ਤਾਂ ਉਸ ਨੂੰ ਭੁੱਖੇ ਪੇਟ ਹੀ ਸੌਣਾ ਪੈਂਦਾ। ਅਤੇ ਕਿਉਂਕਿ ਉਸ ਦੀ ਇਕ ਲੱਤ ਖ਼ਰਾਬ ਸੀ ਅਤੇ ਉਹ ਥਾਂ-ਥਾਂ ਤੋਂ ਦੁਤਕਾਰਿਆ ਅਤੇ ਫਿਟਕਾਰਿਆ ਬੰਦਾ ਸੀ, ਇਸ ਲਈ ਮਜਬੂਰਨ ਉਸ ਢਾਬੇ ਤੇ ਨੌਕਰੀ ਕਰ ਰਿਹਾ ਸੀ। ਪਿਤਾ ਜੀ ਉਸ ਨੂੰ ਫੜ ਲਿਆਏ ਅਤੇ ਉਹ ਸਾਡੇ ਘਰ ਆ ਕੇ ਬੜਾ ਖ਼ੁਸ਼ ਹੋਇਆ। ਉਸ ਨੂੰ ਪੇਟ ਭਰ ਕੇ ਖ਼ਾਣਾ ਮਿਲਦਾ ਸੀ ਅਤੇ ਕੰਮ ਜੋ ਘਰ ਵਿੱਚ ਹੁੰਦਾ ਸੀ ਉਹ ਉਸ ਨੂੰ ਕਰਨਾ ਪੈਂਦਾ ਸੀ। ਦੋ-ਚਾਰ ਮਹੀਨੇ ਉਸ ਨੂੰ ਵੀਹ-ਵੀਹ ਰੁਪਏ ਤਨਖਾਹ ਦੇਂਦੇ ਰਹੇ ਤਾਂ ਉਹ ਹੋਰ ਵੀ ਖ਼ੁਸ਼ ਹੋਇਆ। ਕਪੜੇ ਅਸੀਂ ਲੋਕ ਦਿੰਦੇ ਸਾਂ। ਬੀੜੀ ਉਹ ਪੀਂਦਾ ਨਹੀਂ ਸੀ। ਹੋਰ ਕੋਈ ਉਸ ਨੂੰ ਸ਼ੌਕ ਨਹੀਂ ਸੀ। ਦੁਨੀਆਂ ਵਿੱਚ ਉਸਦਾ ਕੋਈ ਹੈ ਵੀ ਨਹੀਂ ਸੀ ਇਸ ਲਈ ਉਹ ਛੁੱਟੀ ਵੀ ਕਦੀ ਨਹੀਂ ਸੀ ਲੈਂਦਾ। ਅਤੇ ਉਹ ਕਾਠੀ ਦਾ ਐਨਾ ਮਜ਼ਬੂਤ ਸੀ ਕਿ ਕਦੀ ਬਿਮਾਰ ਵੀ ਨਹੀਂ ਸੀ ਹੁੰਦਾ। ਅਸੀਂ ਲੋਕ ਉਸ ਤੋਂ ਬੜੇ ਸੰਤੁਸ਼ਟ ਸਾਂ, ਖ਼ੁਸ਼ ਸਾਂ। ਜੇ ਉਹ ਕੁਝ ਤਨਖਾਹ ਵਧਾਉਣ ਲਈ ਵੀ ਕਹਿੰਦਾ ਤਾਂ ਅਸੀਂ ਵਧਾ ਦੇਣੀ ਸੀ। ਪਰ ਉਸ ਨੇ ਕਦੀ ਕਿਹਾ ਹੀ ਨਹੀਂ ਅਤੇ ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਬਿਨਾਂ ਕਹੇ ਤਨਖਾਹ ਕੌਣ ਵਧਾ ਸਕਦਾ ਹੈ? ਇੱਕ ਵਾਰੀ ਉਸ ਦੀ ਜੇਬ ਵਿੱਚੋਂ ਕਿਸੇ ਆਉਣ ਜਾਣ ਵਾਲੇ ਨੇ ਉਸ ਦੇ ਰੁਪਏ ਚੋਰੀ ਕਰ ਲਏ। ਉਸ ਵਾਸਤੇ ਸਾਡੇ ਘਰ ਵਿੱਚ ਕੋਈ ਅਲੱਗ ਕਮਰਾ ਜਾਂ ਅਲਮਾਰੀ ਤਾਂ ਹੈ ਨਹੀਂ ਸੀ। ਆਉਣ ਜਾਣ ਵਾਲੀ ਗੈਲਰੀ ਵਿੱਚ ਉਸਦੇ ਕੱਪੜੇ ਕੀਲੀ ਨਾਲ ਟੰਗੇ ਰਹਿੰਦੇ ਸਨ। ਉਹਨਾਂ ਵਿੱਚ ਹੀ ਉਸ ਦੇ ਰੁਪਏ ਪਏ ਰਹਿੰਦੇ ਸਨ। ਕਿਸੇ ਨੇ ਕੱਢਦੇ-ਪਾਉਂਦੇ ਵੇਖ ਲਿਆ ਹੋਵੇਗਾ ਤੇ ਰੁਪਏ ਗ਼ਾਇਬ ਹੋ ਗਏ। ਤਿੰਨ ਮਹੀਨਿਆਂ ਦੀ ਤਨਖ਼ਾਹ ਕੋਈ ਇਸ ਤਰ੍ਹਾਂ ਗ਼ਾਇਬ ਕਰ ਦੇਵੇ, ਇਸ ਦਾ ਕਿਸ ਨੂੰ ਦੁੱਖ ਨਹੀਂ ਹੋਵੇਗਾ? ਸੋ ਉਸਨੂੰ ਵੀ ਬੜਾ ਦੁੱਖ ਹੋਇਆ। ਉਸ ਨੇ ਦੋ ਦਿਨ ਖਾਣਾ ਨਾ ਖਾਧਾ। ਆਖ਼ਰ ਅਸੀਂ ਉਸ ਨੂੰ ਭਰੋਸਾ ਦੁਆਇਆ ਕਿ ਅਸੀਂ ਉਸ ਨੂੰ ਮਹੀਨੇ ਦੀ ਤਨਖਾਹ ਦੇ ਦਿਆਂਗੇ ਤਾਂ ਉਹ ਸੰਤੁਸ਼ਟ ਹੀ ਨਹੀਂ ਹੋਇਆ ਸਗੋਂ ਬੇਹੱਦ ਪ੍ਰਭਾਵਤ ਵੀ ਹੋਇਆ ਅਤੇ ਉਸ ਮਗਰੋਂ ਉਸ ਨੇ ਆਪਣੀ ਤਨਖਾਹ ਸਾਡੇ ਕੋਲ ਹੀ ਜਮ੍ਹਾਂ ਰੱਖੀ। ਕਦੇ-ਕਦਾਈਂ ਕਿਸੇ ਮੇਲੇ ਦੁਸਹਿਰੇ ਨੂੰ ਬਜ਼ਾਰ ਜਾਂਦਾ ਤਾਂ ਰੁਪਿਆ-ਧੇਲੀ ਖਰਚ ਲਈ ਮੰਗਦਾ ਤਾਂ ਅਸੀਂ ਲੋਕ ਉਸ ਨੂੰ ਦੇ ਦੇਂਦੇ। ਨਾਂ ਉਹ ਜ਼ਿਆਦਾ ਕਦੀ ਮੰਗਦਾ ਤੇ ਨਾਂ ਹੀ ਅਸੀਂ ਦੇਂਦੇ।... ਇਸੇ ਤਰ੍ਹਾਂ ਉਹ ਵੀਹ ਸਾਲ ਸਾਡੇ ਕੋਲ ਰਿਹਾ ਤੇ ਇਕ ਦਿਨ ਪਤਾ ਨਹੀਂ ਉਸ ਦੇ ਪੇਟ ਵਿੱਚ ਕਿਹੋ ਜਿਹਾ ਦਰਦ ਹੋਇਆ ਕਿ ਉਹ ਉਸ ਨਾਲ ਬੁਰੀ ਤਰ੍ਹਾਂ ਲਿਟਣ ਲੱਗ ਪਿਆ। ਡਾਕਟਰ ਨੂੰ ਬੁਲਾਇਆ ਗਿਆ। ਉਸ ਨੇ ਉਸ ਨੂੰ ਦੇਰ ਤਕ ਚੈਕ ਕੀਤਾ ਤੇ ਉਹ ਇਸ ਨਤੀਜੇ ਤੇ ਪਹੁੰਚਿਆ ਕਿ ਅਸੰਤੁਲਿਤ ਭੋਜਨ ਕਰਕੇ ਉਸ ਦੀ ਆਂਤ ਵਿੱਚੋਂ ਕਿਤੋਂ ਕੋਲੈਪਸ ਕਰ ਗਈ ਹੈ। ਅਪਰੇਸ਼ਨ ਕਰਕੇ ਰੋਗ-ਗ੍ਰਸਤ ਉਸ ਆਂਤ ਦਾ ਹਿੱਸਾ ਕੱਢਣਾ ਪਵੇਗਾ। ਅਸੀਂ ਇਕਾਂਤ ਵਿੱਚ ਲੈ ਜਾ ਕੇ ਡਾਕਟਰ ਨੂੰ ਪੁੱਛਿਆ ਕਿ ਉਸ ਦੇ ਅਪਰੇਸ਼ਨ ਤੇ ਕਿੰਨਾ ਖਰਚ ਆਵੇਗਾ? ਤਾਂ ਉਸ ਨੇ ਸੈਂਕੜਿਆ ਦਾ ਖਰਚ ਦੱਸਿਆ। ਆਖ਼ਰ ਅਸੀਂ ਲੋਕ ਉਸਨੂੰ ਸਰਕਾਰੀ ਹਸਪਤਾਲ ਵਿੱਚ ਲੈ ਗਏ। ਅਤੇ ਸਰਕਾਰੀ ਹਸਪਤਾਲ ਤਾਂ ਤੁਸੀਂ ਜਾਣਦੇ ਹੀ ਹੋ, ਜਿਹੋ ਜਿਹਾ ਇਲਾਜ਼ ਕਰਦੇ ਹਨ? ਅਸੀਂ ਲੋਕ ਉਸ ਨੂੰ ਹਸਪਤਾਲ ਦੇ ਜਨਰਲ ਵਾਰਡ ਵਿੱਚ ਭਰਤੀ ਕਰਵਾ ਕੇ ਖਿਸਕ ਆਏ। ਉਥੇ ਉਹ ਅਪਰੇਸ਼ਨ ਮਗਰੋਂ ਪਸ ਪੈਣ ਕਰਕੇ ਅਤੇ ਯਾਦ ਵਿੱਚ ਟੈਟਨਸ ਹੋ ਜਾਣ ਕਾਰਨ ਮਰ ਗਿਆ। ਮੌਤ ਆ ਗਈ ਤਾਂ ਮਰ ਗਿਆ। ਸਾਨੂੰ ਹਸਪਤਾਲੋਂ ਖਬਰ ਆਈ ਕਿ ਲਾਸ਼ ਲੈ ਜਾਉ ਤਾਂ ਅਸੀਂ ਕਿਹਾ ਸਾਡਾ ਉਸ ਨਾਲ ਕੋਈ ਸਬੰਧ ਨਹੀਂ। ਉਹ ਸਾਡਾ ਕੁਝ ਨਹੀਂ ਲਗਦਾ। ਅਸੀਂ ਤਾਂ ਉਸ ਨੂੰ ਮਨੁੱਖਤਾ-ਨਾਤੇ ਸੜਕ ਤੋਂ ਚੁੱਕ ਕੇ ਹਸਪਤਾਲ ਪੁਜਾ ਆਏ ਸੀ।...ਅਤੇ ਕਿਉਂਕਿ ਉਹ ਇਕ ਸਧਾਰਣ ਆਦਮੀ ਸੀ ਅਤੇ ਅਸੀਂ ਚੰਗੀ ਨੌਕਰੀ ਤੇ ਲੱਗੇ ਸ਼ਹਿਰ ਦੇ ਖਾਸ ਬੰਦੇ...ਉੱਪਰੋਂ ਪੱਤਰਕਾਰ ਤੇ ਲੇਖਕ ਅਲੱਗ...ਉਸ ਕਸਬਾਈ ਸ਼ਹਿਰ ਵਿੱਚ ਸਭ ਜਾਣਦੇ ਅਤੇ ਮੰਨਦੇ ਸਨ ਤਾਂ ਹਸਪਤਾਲ ਵਾਲਿਆਂ ਨੇ ਵੀ ਸਾਡਾ ਤੁਰੰਤ ਵਿਸ਼ਵਾਸ਼ ਕਰ ਲਿਆ ਅਤੇ ਉਸ ਦੀ ਲਾਸ਼ ਨੂੰ ਪੁਲਸ ਸਪੁਰਦ ਕਰਕੇ ਉਸ ਦਾ ਸਰਕਾਰੀ ਖਰਚੇ ਤੇ ਦਾਹ-ਸੰਸਕਾਰ ਕਰ ਦਿੱਤਾ।

ਪਰ ਹੁਣ ਨੌਕਰ ਲਿਆਉਣ ਵਿਚ ਇਕ ਗੜਬੜੀ ਜਾਂ ਕਹਿ ਲਉ ਗਲਤੀ ਅਸੀਂ ਕਰ ਬੈਠੇ।...ਜਦੋਂ ਅਸੀਂ ਉਸ ਨੂੰ ਘਰ ਲੈ ਕੇ ਆਏ ਅਤੇ ਮਾਤਾ-ਪਿਤਾ ਨੂੰ ਉਹ ਤੋਹਫਾ ਦਿਖਾਇਆ ਤਾਂ ਉਹ ਵੀ ਸਾਡੀ ਪਰਖ ਅਤੇ ਪ੍ਰਤਿਭਾ ਦੇ ਕਾਇਲ ਹੋ ਗਏ। ਪਿਤਾ ਜੀ ਨੇ ਕਿਹਾ, ਆਪਣੇ ਲੰਗੜੇ ਵਰਗਾ ਹੀ ਸਿੱਧਾ-ਸਾਧਾ ਹੈ ਅਤੇ ਉਹੋ ਜਿਹਾ ਹੀ ਮਜ਼ਬੂਤ ਅਤੇ ਕਾਮਾ ਲਗਦਾ ਹੈ। ਆਦਮੀ ਠੀਕ ਹੈ। ਪਰ ਕਿਸ ਜਾਤ ਦਾ ਹੈ? ਇਸ ਸਵਾਲ ਨੇ ਸਾਨੂੰ ਇਕ ਦਮ ਉਲਝਣ ਵਿੱਚ ਪਾ ਦਿੱਤਾ। ਇਹ ਤਾਂ ਅਸੀਂ ਉਸ ਨੂੰ ਪੁੱਛਿਆ ਹੀ ਨਹੀਂ ਸੀ। ਬੁੱਢੇ ਅਤੇ ਸੰਸ਼ਕਾਰੀ ਮਾਤਾ-ਪਿਤਾ ਬੋਲੇ, ਜੇ ਨੀਚ ਕੌਮ

ਦਾ ਹੋਇਆ ਤਾਂ ਉਹ ਇਸਨੂੰ ਨਹੀਂ ਰਹਿਣ ਦੇਣਗੇ। ਉਸ ਦਾ ਛੋਹਿਆ ਨਾ ਖਾ ਸਕਦੇ ਹਨ, ਨਾ ਪੀ ਸਕਦੇ ਹਨ...ਬੱਸ ਇਹੋ ਗੜਬੜ ਹੋ ਗਈ...ਮੈਂ ਉਸ ਨੂੰ ਪੁੱਛਿਆ ਕਿ ਉਸ ਦੀ ਕੀ ਜ਼ਾਤ ਹੈ ? ਚਾਹੇ ਅਸੀਂ ਸਰਵਹਾਰਾ-ਪੱਖੀ ਲੇਖਕਾਂ ਨੂੰ ਜ਼ਾਤ-ਪਾਤ ਵਿਚ ਕੋਈ ਭਰੋਸਾ ਨਹੀਂ ਰੱਖਣਾ ਚਾਹੀਦਾ ਅਤੇ ਲੇਖਕ ਵਰਗੇ ਪ੍ਰਗਤੀਸ਼ੀਲ ਵਿਚਾਰਾਂ ਵਾਲੇ ਬੰਦੇ ਤੋਂ ਇਹੋ ਜਿਹੀ ਕਲਪਨਾ ਵੀ ਨਹੀਂ ਕੀਤੀ ਜਾਣੀ ਚਾਹੀਦੀ। ਪਰ ਇਹ ਕੇਵਲ ਮੇਰਾ ਹੀ ਮਾਮਲਾ ਤਾਂ ਨਹੀਂ ਸੀ। ਬੁੱਢੇ-ਮਾਂ-ਬਾਪ ਦੀਆਂ ਭਾਵਨਾਵਾਂ ਦਾ ਸਵਾਲ ਵੀ ਸੀ। ਅਤੇ ਪਤਨੀ ਦੇ ਖਿਆਲ ਵੀ ਮੈਂ ਇਸ ਮਾਮਲੇ ਵਿਚ ਮਾਰਕਸ ਅਨੁਸਾਰ ਬਦਲ ਨਹੀਂ ਸਕਿਆ ਸੀ—ਇਸ ਲਈ ਮੈਨੂੰ ਉਸ ਤੋਂ ਉਸਦੀ ਜ਼ਾਤ ਬਾਰੇ ਪੁੱਛਣਾ ਅਨੁਚਿੱਤ ਨਹੀਂ ਲੱਗਿਆ। ਅਤੇ ਜਦੋਂ ਉਸ ਨੇ ਦੱਸਿਆ ਕਿ ਉਹ ਰਾਮਦਾਸੀਆ ਹੈ ਤਾਂ ਮੈਂ ਇੱਕ ਪਲ ਤਾਂ ਠਠੰਬਰ ਕੇ ਰਹਿ ਗਿਆ। ਮਾਤਾ-ਪਿਤਾ ਨੂੰ ਦੱਸਿਆ ਤਾਂ ਉਹਨਾਂ ਨੇ ਨਫ਼ਰਤ ਨਾਲ ਇੰਜ ਮੂੰਹ ਬਣਾਇਆ ਜਿਵੇਂ ਆਦਮੀ ਨਹੀਂ ਕੋਈ ਬੋ ਮਾਰਦਾ ਚੂਹਾ ਉਹਨਾਂ ਸਾਹਮਣੇ ਆ ਗਿਆ ਹੋਵੇ। ਪਤਨੀ ਨੇ ਜਦੋਂ ਸੁਣਿਆ ਤਾਂ ਉਸ ਨੂੰ ਤਾਂ ਉਲਟੀ ਹੀ ਆ ਗਈ। ਕਹਿਣ ਲੱਗੀ, ਉਹ ਉਸ ਨੂੰ ਚੌਂਕੇ ਵਿੱਚ ਨਹੀਂ ਵੜਨ ਦੇਵੇਗੀ, ਖੂਹ ਤੋਂ ਪਾਣੀ ਵੀ ਨਹੀਂ ਭਰਵਾਏਗੀ, ਬਰਤਨਾਂ ਨੂੰ ਹੱਥ ਨਹੀਂ ਲਾਉਣ ਦੇਵੇਗੀ। ਤਾਂ, ਪਿਆਰੇ ਪਾਠਕ, ਤੁਸੀਂ ਹੀ ਦੱਸੋ, ਮੈਂ ਉਸ ਮਹਾਨ ਸਰਵਹਾਰਾ ਨੂੰ ਆਪਣੇ ਘਰ ਵਿੱਚ ਰੱਖ ਕੇ ਕ੍ਰਾਂਤੀਕਾਰੀ ਕਿਵੇਂ ਬਣ ਸਕਦਾ ਸੀ ?... ਅਤੇ ਫਿਰ ਅਸੀਂ ਤਾਂ ਲੇਖਕ ਲੋਕ ਹਾਂ। ਸਾਡਾ ਕੰਮ ਸਰਵਹਾਰਿਆਂ ਤੇ ਲਿਖਣਾ ਹੈ,ਉਹਨਾਂ ਦੀਆਂ ਸੰਵੇਦਨਾਵਾਂ ਦੁੱਖਾਂ-ਦਰਦਾਂ ਨੂੰ ਲੈ ਕੇ ਅਸੀਂ ਕਵਿਤਾ-ਕਹਾਣੀ ਲਿਖ ਸਕਦੇ ਹਾਂ। ਲਿਖਣੀ ਚਾਹੀਦੀ ਵੀ ਹੈ।...ਕਿਉਂਕਿ ਇਹ ਵਕਤ ਦਾ ਤਕਾਜ਼ਾ ਹੈ। ਜੇ ਅਸੀਂ ਅਜਿਹਾ ਨਹੀਂ ਕਰਾਂਗੇ ਤਾਂ ਸਾਡੀ ਲੇਖਣੀ ਨੂੰ ਲੋਕ ਬੁਰਜੂਆ ਮੰਨਣਗੇ। ਅਤੇ ਬੁਰਜੂਆ ਸ਼ਬਦ ਐਨੀ ਗੰਦੀ ਅਤੇ ਗਲੀਜ਼ ਗਾਲ ਹੈ ਕਿ ਅੱਜ ਦੇ ਪ੍ਰਗਤੀਸ਼ੀਲ ਸੰਸਾਰ ਵਿੱਚ ਸੁਣਦਿਆਂ ਸਾਰ ਹੀ ਆਦਮੀ ਬੇਇਜ਼ਤੀ ਵਿੱਚ ਗੱਡਿਆ ਜਾਂਦਾ ਹੈ।...ਤਾਂ ਭਲਾ ਸਾਡੇ ਲੇਖਕਾਂ ਵਰਗੇ ਸੈਂਸਟਿਵ ਜੀਵ ਬੁਰਜੂਆ ਦਾ ਲੇਬਲ ਕਿਵੇਂ ਬਰਦਾਸ਼ਤ ਕਰ ਸਕਦੇ ਹਨ ? ਇਸ ਲਈ ਲਿਖਣਾ ਤਾਂ ਸਾਨੂੰ ਸਰਵਹਾਰਿਆਂ ਦੇ ਪੱਖ ਵਿੱਚ ਹੀ ਚਾਹੀਦਾ ਹੈ। ਗਰੀਬਾਂ, ਬੇਸਹਾਰਿਆਂ, ਸ਼ੋਸ਼ਤ ਪੀੜਤਾਂ ਦਾ ਦੁੱਖ-ਦਰਦ ਲਿਖਣਾ ਹੀ ਤਾਂ ਸਾਡੇ ਮਹਾਨ ਲੇਖਕਾਂ ਦਾ ਪੁੰਨ-ਫਰਜ਼ ਹੈ। ਜ਼ਾਤ-ਪਾਤ ਦੇ ਬੰਧਨਾਂ ਨੂੰ ਨਾ ਮੰਨਣਾ ਹੀ ਤਾਂ ਸਾਡੀ ਲੇਖਣ-ਚੇਤਨਾ ਦਾ ਸਭ ਤੋਂ ਬੜਾ ਪ੍ਰਭਾਵ ਹੈ।...ਪਰ ਮੰਨਣ ਅਤੇ ਕਰਨ ਵਿਚ ਫਰਕ ਤਾਂ ਪੂਰੇ ਦੇਸ਼ ਵਿਚ ਹੈ। ਤੁਸੀਂ, ਉਹ ਸਭ ਕੁਝ ਜਿਸ ਨੂੰ ਠੀਕ ਮੰਨਦੇ ਹੋ, ਉਹ ਕਰਦੇ ਕਦੋਂ ਹੋ ? ਅਤੇ ਜੋ ਕਰਦੇ ਹੋ, ਅਸੀਂ ਅਤੇ ਤੁਸੀਂ ਸਾਰੇ ਜਾਣਦੇ ਹਾਂ ਕਿ ਉਸ ਨੂੰ ਸਹੀ ਨਹੀਂ ਮੰਨਦੇ।

ਹੁਣ ਕਿਉਂਕਿ ਮਹਾਂ ਨਗਰ ਤੋਂ ਅਸੀਂ ਰੇਲ ਦਾ ਕਿਰਾਇਆ ਖਰਚ ਕੇ ਉਸ ਨੂੰ ਆਪਣੇ ਕਸਬੇ ਤੱਕ ਲਿਆਏ ਸਾਂ ਅਤੇ ਪੂਰੇ ਤੀਹ ਰੁਪਏ ਉਸ ਤੇ ਹੁਣ ਤੱਕ ਖਰਚ ਕਰ ਚੁੱਕੇ ਸਾਂ। ਉਹ ਵਸੂਲ ਕੀਤੇ ਬਿਨਾਂ ਉਸ ਨੂੰ ਘਰੋਂ ਭਜਾ ਦੇਣਾ ਕਿੱਥੋਂ ਦੀ ਅਕਲਮੰਦੀ ਹੁੰਦੀ ? ਇਸ ਲਈ ਉਸ ਕੋਲੋਂ ਮਕਾਨ ਦੀ ਦੋ ਦਿਨ ਲਗਾਤਾਰ ਸਫ਼ਾਈ ਕਰਵਾਈ। ਸਭ ਝਾੜ-ਪੂੰਝ ਕੀਤੀ ਗਈ। ਬਾਹਰ ਇੱਟਾਂ ਬਹੁਤ ਦਿਨ ਤੋਂ ਵੈਸੇ ਹੀ ਪਈਆਂ ਸਨ, ਉਹਨਾਂ ਨੂੰ ਮਕਾਨ ਦੀ ਛੱਤ ਤੇ ਢੁਆਇਆ। ਪਿੰਡੋਂ ਆਈ ਹੋਈ ਬਾਲਣ ਲਈ ਲੱਕੜੀ ਪਈ ਹੋਈ ਸੀ, ਜਿਸ ਨੂੰ ਕੁਹਾੜੀ ਨਾਲ ਪੜਾਉਣਾ ਜ਼ਰੂਰੀ ਸੀ, ਸੋ ਪੜਾ ਲਿਆ ਅਤੇ ਦੋਨੋਂ ਟਾਈਮ ਦੀ ਥਾਂ ਸਿਰਫ ਇਕ ਟਾਈਮ ਉਸ ਨੂੰ ਖਾਣਾ ਦਿਤਾ। ਕਿਉਂਕਿ ਆਪਣੇ ਭਾਂਡਿਆਂ ਵਿਚ ਉਸ ਨੂੰ ਖਾਣਾ ਨਹੀਂ ਦੇ ਸਕਦੇ ਸਾਂ ਇਸ ਲਈ ਕਾਗਜ਼ਾਂ ਤੇ ਪਰੋਸਿਆ। ਪਾਣੀ ਉਸ ਨੂੰ ਦੂਰੋਂ ਬੁੱਕ ਵਿਚ ਪਿਲਾਇਆ ਅਤੇ ਸੌਣ ਸਮੇਂ ਉਸ ਨੂੰ ਮਕਾਨ ਦੇ ਬਾਹਰ ਸੜਕ ਦੇ ਕਿਨਾਰੇ ਫੁੱਟਪਾਥ ਉਤੇ ਸੌਣ ਲਈ ਕਹਿ ਦਿੱਤਾ। ਉਹ ਬੋਰੀ ਵਿਛਾ ਕੇ ਉਥੇ ਹੀ ਸੁੱਤਾ। ਲੰਗੜੇ ਵਾਲੀ ਦਰੀ ਖਰਾਬ ਕਰਨੀ ਅਸੀਂ ਠੀਕ ਨਾ ਸਮਝੀ।

ਦੋ ਦਿਨਾਂ ਮਗਰੋਂ ਜਦੋਂ ਸਾਰਾ ਕੰਮ ਕਰਵਾ ਲਿਆ ਤੇ ਰਾਤ ਸੌਣ ਲਈ ਉਹ ਬਾਹਰ ਜਾਣ ਲੱਗਾ ਤਾਂ ਉਸ ਨੂੰ ਪੁੱਛਿਆ ਕਿ ਉਹ ਆਪਣੇ ਰੁਪਏ ਜੇਬ ਵਿਚ ਰੱਖ ਕੇ ਤਾਂ ਨਹੀਂ ਸੌਂਦਾ ? ਸੜਕ ਉੱਤੇ ਕੋਈ ਚੋਰ ਕੱਢ ਲਵੇਗਾ ਤਾਂ ਉਹ ਕੀ ਕਰੇਗਾ ? ਗੱਲ ਉਸ ਦੀ ਸਮਝ ਵਿਚ ਆ ਗਈ ਅਤੇ ਬਾਹਰ ਸੌਣ ਜਾਂਦੇ ਨੇ ਰੁਪਏ ਮੈਨੂੰ ਫੜਾ ਦਿਤੇ। ਰੁਪਏ ਲੈ ਕੇ ਮੈਂ ਅੰਦਰ ਗਿਆ ਤੇ ਦਰਵਾਜ਼ਾ ਬੰਦ ਕਰ ਲਿਆ।

ਦੂਜੇ ਦਿਨ ਸਵੇਰੇ ਹੀ ਉਸ ਨੂੰ ਕਿਹਾ, "ਬਈ, ਅਸੀਂ ਲੋਕ ਮਜਬੂਰ ਹਾਂ, ਰਾਮਦਾਸੀਏ ਨੂੰ ਘਰੇਲੂ ਕੰਮ ਲਈ ਨੌਕਰ ਨਹੀਂ ਰੱਖ ਸਕਦੇ। ਤੂੰ ਆਪਣਾ ਕਿਧਰੇ ਹੋਰ ਕੰਮ ਲੱਭ ਲੈ।" ਦੋ-ਚਾਰ ਮਿੰਟ ਤਾਂ ਗੱਲ ਉਸ ਨੂੰ ਸਮਝ ਹੀ ਨਾ ਆਈ, ਜਦੋਂ ਸਮਝਿਆ ਤਾਂ ਬੜੀ ਘਬਰਾਈ ਅਵਾਜ਼ ਵਿਚ ਬੋਲਿਆ, "ਤੁਹਾਡੇ ਨਾਲ ਬੜੀ ਆਸ ਲੈ ਕੇ ਆਇਆ ਸੀ, ਸਾਹਬ।"

"ਕੀ ਦੱਸੀਏ ਭਰਾਵਾ, ਇਹਦਾ ਸਾਨੂੰ ਬੜਾ

ਅਫ਼ਸੋਸ ਏ...ਪਰ ਇਹ ਤੇਰੀ ਵੀ ਗਲਤੀ ਏ ਕਿ ਤੂੰ ਉੱਥੇ ਹੀ ਆਪਣੀ ਜ਼ਾਤ ਨਹੀਂ ਦੱਸੀ। ਜੇ ਦੱਸ ਦੇਂਦਾ ਭਲਾ ਤੇਰੀ ਨੌਕਰੀ ਕਿਉਂ ਛੁਡਵਾਉਂਦੇ ?"...ਹੁਣ ਤੂੰ ਕਿਧਰੇ ਕੰਮ ਲੱਭ ਲੈ...ਅਜੇ ਸਵੇਰ ਦਾ ਟਾਇਮ ਏਂ, ਸ਼ਹਿਰ ਵਿਚ ਕਿਧਰੇ ਨਾ ਕਿਧਰੇ, ਕੋਈ ਕੰਮ ਤਾਂ ਦਿਨ ਭਰ ਦੀ ਮਜ਼ਦੂਰੀ ਲਈ ਮਿਲ ਹੀ ਜਾਵੇਗਾ। ਰੱਬ ਨੇ ਤੈਨੂੰ ਹੱਥ ਪੈਰ ਦਿਤੇ ਨੇ, ਉਹਨਾਂ ਤੇ ਭਰੋਸਾ ਰੱਖ...ਤੈਨੂੰ ਕੰਮ ਦਾ ਕਿਹੜਾ ਘਾਟਾ ? ਜਿੱਥੇ ਕੰਮ ਕਰੇਂਗਾ, ਖਾਵੇਂਗਾ।"

ਉਹ ਕਾਫ਼ੀ ਦੇਰ ਝੁੰਝਲਾਇਆ ਜਿਹਾ, ਸਿਰ ਝੁਕਾਈ ਖੜ੍ਹਾ ਸੁਣਦਾ ਰਿਹਾ। ਜਦੋਂ ਮੈਂ ਬਾਹਰੋਂ ਅੰਦਰ ਜਾਣ ਲੱਗਾ ਤਾਂ ਉਸ ਨੇ ਲੰਬਾ ਸਾਹ ਛੱਡਦਿਆਂ ਕਿਹਾ, "ਠੀਕ ਹੈ ਬਾਬੂ ਜੀ......ਕਿਤੇ ਨਾ ਕਿਤੇ ਕੋਈ ਲੱਭ ਲਵਾਂਗਾ...ਰਾਤ ਜਿਹੜੇ ਰੁਪਏ ਤੁਹਾਨੂੰ ਫੜਾਏ ਸਨ ਉਹ ਦੇ ਦਿਉ...ਮੈਂ ਚਲਾ ਜਾਵਾਂਗਾ ਸਾਹਬ...ਕੰਮ ਜੇ ਨਹੀਂ ਮਿਲੇਗਾ, ਆਪਣੇ ਘਰ ਹੀ ਵਾਪਸ ਚਲਾ ਜਾਵਾਂਗਾ ਸਾਹਬ।"

ਮੈਂ ਮੁਸਕਰਾਇਆ, ਉਹ ਰੁਪਏ ਤਾਂ ਕੇਵਲ ਤੀਹ ਸਨ।"

"ਮੈਂ ਵੀ ਵੱਧ ਨਹੀਂ ਕਹਿ ਰਿਹਾ ਸਾਹਬ। ਅਸੀਂ ਨੀਚ ਲੋਕ ਜ਼ਰੂਰ ਹਾਂ ਪਰ ਬੇਈਮਾਨ ਨਹੀਂ ਹਾਂ ਸਾਹਬ।" ਉਹ ਕਿਸੇ ਤਰ੍ਹਾਂ ਬੋਲਿਆ।

"ਤਾਂ ਭਾਈ ਉਸ ਸ਼ਹਿਰ ਤੋਂ ਐਥੇ ਤੱਕ ਅਸੀਂ ਤੈਨੂੰ ਮੁਫ਼ਤ ਵਿੱਚ ਲਿਆਏ ਹਾਂ ?" ਮੈਂ ਸਾਵਧਾਨੀ ਨਾਲ ਉਸ ਨੂੰ ਪੁੱਛਿਆ, "ਤੈਨੂੰ ਪਤਾ ਹੈ ? ਉੱਥੋਂ ਐਥੇ ਤੱਕ ਦਾ ਕਿਰਾਇਆ ਤੀਹ ਰੁਪਏ ਲੱਗਾ ਹੈ ਤੇ ਪੰਜ ਰੁਪਏ ਦਾ ਤਾਂ ਉਸ ਦਿਨ ਸਟੇਸ਼ਨ ਤੇ ਤੂੰ ਖਾਣਾ ਹੀ ਖਾ ਗਿਆ ਸੀ। ਕਾਇਦੇ ਦੀ ਗੱਲ ਤਾਂ ਇਹ ਹੈ ਕਿ ਤੂੰ ਪੰਜ ਰੁਪਏ ਸਾਨੂੰ ਹੋਰ ਦੇਵੇਂ।"

ਉਸ ਨੂੰ ਜਿਵੇਂ ਆਪਣੀਆਂ ਅੱਖਾਂ ਅਤੇ ਕੰਨਾਂ ਤੇ ਵਿਸ਼ਵਾਸ਼ ਹੀ ਨਹੀਂ ਸੀ ਹੋ ਰਿਹਾ। ਉਸ ਨੇ ਕਈ ਵੇਰ ਅੱਖਾਂ ਝਮਕ-ਝਮਕ ਮੇਰੇ ਵੱਲ ਵੇਖਿਆ ਅਤੇ ਸਿਰ ਝਟਕ ਕੇ ਆਪਣੇ ਕੰਨਾਂ ਵਿੱਚ ਪੈਂਦੀ ਗੂੰਜ ਨੂੰ ਬੰਦ ਕਰਨਾ ਚਾਹਿਆ। ਪਰ ਜਦੋਂ ਉਸ ਨੂੰ ਵਿਸ਼ਵਾਸ਼ ਹੋ ਗਿਆ ਕਿ ਮੈਂ ਇਹ ਸ਼ਬਦ ਬੜੀ ਦ੍ਰਿੜ੍ਹਤਾ ਅਤੇ ਸਖਤੀ ਨਾਲ ਕਹੇ ਹਨ ਤੇ ਮੈਂ ਥੋੜੇ-ਖਹਿੜੇ ਪਿੰਘਲਣ ਵਾਲਾ ਬੰਦਾ ਨਹੀਂ ਹਾਂ ਤਾਂ ਉਹ ਬਹੁਤ ਬੇਚੈਨ ਹੋ ਗਿਆ। ਜਿਵੇਂ ਉਸ ਨੂੰ ਕਿਸੇ ਨੇ ਦਿਨ ਦਿਹਾੜੇ ਲੁੱਟ ਲਿਆ ਹੋਵੇ। ਪਰ ਅਸੀਂ ਉਸ ਨੂੰ ਲੁੱਟਿਆ ਕਦੋਂ ਸੀ ? ਕਾਇਦੇ ਦੀ ਗੱਲ ਕਹੀ ਸੀ।...ਆਖ਼ਰ ਕੋਈ ਚਾਰਾ ਚਲਦਾ ਨਾ ਵੇਖ ਉਸਨੇ ਗਿੜਗਿੜਾਉਣਾ ਚਾਹਿਆ ਤਾਂ ਮੈਂ ਮੂੰਹ ਫੇਰ ਘਰ ਵੱਲ ਮੁੜ ਗਿਆ। ਉਹ ਸੁੰਨ ਹੋ ਗਿਆ ਤੇ ਦੀਨਤਾ ਨਾਲ ਬੋਲਿਆ, "ਮੇਰਾ ਨੀਚ ਤੇ ਗਰੀਬ ਬੰਦੇ ਦਾ ਪੈਸਾ ਮਾਰ ਕੇ ਤੁਸੀਂ ਅਮੀਰ ਨਹੀਂ ਹੋ ਜਾਉਗੇ, ਮਿਹਰਬਾਨੀ ਕਰਕੇ..." ਪਰ ਮੈਂ ਦਰਵਾਜ਼ਾ ਬੰਦ ਕਰ ਲਿਆ ਸੀ।

ਥੋੜ੍ਹੀ ਦੇਰ ਬਾਦ ਉੱਤੇ ਛੱਤ ਤੇ ਜਾ ਕੇ ਵਾਧਰੇ ਤੋਂ ਹੇਠ ਝਾਕ ਕੇ ਵੇਖਿਆ ਕਿ ਉਹ ਚਲਾ ਗਿਆ ਹੈ ਜਾਂ ਨਹੀਂ...ਤਾਂ ਇਹ ਵੇਖ ਕੇ ਖੁਸ਼ੀ ਹੋਈ ਕਿ ਉਹ ਜਾ ਰਿਹਾ ਸੀ। ਪਰ ਪਤਾ ਨਹੀਂ ਕਿਉਂ ਜਾਂਦਾ-ਜਾਂਦਾ ਉਹ ਸਾਡੇ ਦਰਵਾਜ਼ੇ ਤੇ ਮੂੰਹ ਭਰਕੇ ਥੁੱਕ ਕਿਉਂ ਗਿਆ ? ਇਹੋ ਜਿਹੀ ਕਮੀਨੀ ਹਰਕਤ ਤਾਂ ਉਸ ਲੰਗੜੇ ਨੇ ਕਦੀ ਨਹੀਂ ਸੀ ਕੀਤੀ ਜਿਸ ਦੀ ਵੀਹ ਸਾਲ ਦੀ ਤਨਖ਼ਾਹ ਦਾ ਪੈਸਾ ਸਾਡੇ ਕੋਲ ਰਹਿ ਗਿਆ ਸੀ ਅਤੇ ਉਹ ਮਰ ਵੀ ਗਿਆ ਸੀ। ਸਵਰਗ ਤੋਂ ਲੈਣ ਥੋੜ੍ਹੀ ਆ ਜਾਵੇਗਾ ? ਭਲਾ ਇਸ ਨੀਚ ਨੇ ਇਹ ਹਰਕਤ ਕਿਉਂ ਕੀਤੀ ? ੦

---

ਕਵਿਤਾ

## ਆਪਣਾ ਵਤਨ

(ਪਹਿਲੀ ਮਈ ਦੇ ਨਾਂ)

**ਦਲਬੀਰ ਆਸੀ**

ਜਿੱਥੇ ਸਾਨੂੰ ਸਾਹ ਲੈਣ ਲਈ
ਕਿਸੇ ਦੀ ਇਜਾਜ਼ਤ ਦੀ ਲੋੜ ਹੈ।
ਜਿੱਥੇ
ਪੰਜਾਲੀ ਅੱਗੇ ਜੁੜਨਾ ਪੈਂਦਾ ਹੈ
ਆਪਣੇ ਮਾਲਕਾਂ ਦਾ ਕਬਾਬ ਬਣਨ ਲਈ
ਤੇ ਆਪਣੀਆਂ ਭੈਣਾਂ ਨੂੰ
ਉਹਨਾਂ ਦੇ ਬੈੱਡ-ਰੂਮ ਵਿੱਚ ਵੇਖਣਾ ਹੁੰਦਾ ਹੈ
ਤਿੰਨ ਰੋਟੀਆਂ ਤੇ ਅਚਾਰ ਦੀ ਫਾੜੀ ਲਈ,
ਕੰਮ ਤੋਂ ਮੁੜਦਿਆਂ
ਬੱਚਿਆਂ ਦੇ ਦਸੀ ਮੰਗਣ ਤੇ
ਜ਼ੋਰਦਾਰ ਚਪੇੜ ਮਾਰੀ ਜਾਂਦੀ ਏ
ਸਾਰੀ ਦਿਹਾੜੀ ਦਾ ਥਕੇਵਾਂ ਲਾਹੁਣ ਲਈ,
ਆਪਣੇ ਹੱਕ ਮੰਗਣ ਵਾਲਿਆਂ ਦੀਆਂ
ਲਾਸ਼ਾਂ ਲਾਵਾਰਸ ਕਰਕੇ
ਨਹਿਰਾਂ ਵਿੱਚ ਰੋੜਣ ਦਾ ਰਿਵਾਜ਼ ਹੈ
ਇਹ ਹੈ ਸਾਡਾ ਆਪਣਾ ਵਤਨ
ਜਿਸਨੂੰ ਸੋਨੇ ਦੀ ਚਿੜੀ ਨਾਲ ਜਾਣਿਆ ਜਾਂਦਾ ਹੈ।
੦

## ਪ੍ਰੋ. ਭਾਰਦਵਾਜ-ਮਸਲਾ ਵੱਧ ਅਧਿਕਾਰਾਂ ਦਾ, ਅਨੰਦਪੁਰ ਰੈਜ਼ੂਲੇਸ਼ਨ ਤੇ ਅਕਾਲੀ ਦਲ

ਪ੍ਰੋ. ਐਮ. ਸੀ. ਭਾਰਦਵਾਜ ਦੇ ਸਮਤਾ 33 (ਫਰਵਰੀ 1983) ਵਿਚ ਲੇਖ ਬਾਰੇ ਹੋਰ ਪ੍ਰਤੀਕਰਮ ਆਏ ਹਨ। ਇਸ ਤੋਂ ਇਲਾਵਾਂ 4 ਅਪ੍ਰੈਲ ਅੰਦੋਲਨਕਾਰੀਆਂ ਤੇ ਹੋਏ ਜ਼ੁਲਮ ਤੇ ਜੱਬਰ ਦੇ ਰੋਸ ਵਿਚ ਪ੍ਰੋ. ਸਾਹਿਬ ਦਾ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਅਤੇ ਨਾਲ ਹੀ ਉਹਨਾਂ ਦਾ ਬਾਕਾਇਦਾ ਤੌਰ ਤੇ ਆਕਲੀ ਪਾਰਟੀ ਦਾ ਸਲਾਹਕਾਰ ਬਣਾਇਆ ਜਾਣਾ—ਇਹਨਾਂ ਬਾਰੇ ਸੰਪਾਦਕ ਸਮਤਾ ਤੋਂ ਵੀ ਸਵਾਲ ਪੁਛੇ ਗਏ ਹਨ। ਇਥੇ ਅਦਾਰਾ ਸਮਤਾ ਵਲੋਂ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਪ੍ਰੋ. ਸਾਹਿਬ ਨੇ ਇਹ ਸਾਰੇ ਫੈਸਲੇ ਆਪਣੀ ਨਿੱਜੀ ਹੈਸੀਅਤ ਵਿਚ ਲਏ ਹਨ। ਪ੍ਰੋ. ਸਾਹਿਬ ਜੇ ਇਹ ਸਮਝਦੇ ਹਨ ਕਿ ਉਹ ਆਪਣੇ ਲੋਕਾਂ ਦੀ ਸੇਵਾ ਅਕਾਲੀ ਪਾਰਟੀ ਦਾ ਬਾਕਾਇਦ ਅੰਗ ਬਣ ਕੇ ਕਰ ਸਕਦੇ ਹਨ, ਇਹ ਉਹਨਾਂ ਦੀ ਆਪਣੀ ਸੋਚ ਹੈ, ਅਦਾਰਾ ਸਮਤਾ ਦਾ ਇਸਦੇ ਨਾਲ ਕੋਈ ਸੰਬੰਧ ਨਹੀਂ, ਅਨੰਦਪੁਰ ਰੈਜ਼ੂਲੇਸ਼ਨ ਬਾਰੇ ਇਕ ਅੰਕ ਵਿਚ ਪ੍ਰਤੀਕਰਮ ਛਾਪੇ ਜਾਣ ਤੋਂ ਬਾਅਦ ਅਸੀਂ ਇਸ ਵਿਸ਼ੇ ਤੇ ਕੁਝ ਹੋਰ ਛਾਪਣ ਤੇ ਅਸਮਰਥ ਹੋਵਾਂਗੇ ਹਾਂ, ਪ੍ਰੋ. ਸਾਹਿਬ ਇਹਨਾਂ ਦਾ ਕੋਈ ਜਵਾਬ ਦੇਣਾ ਚਾਹੁੰਣ ਤਾਂ ਉਹ ਖ਼ੁਸ਼ੀ ਨਾਲ ਛਾਪਿਆ ਜਾਏਗਾ।

ੑ ਸੰਪਾਦਕ

### 'ਮਸਲਾ ਵਧੇਰੇ ਅਧਿਕਾਰਾਂ ਦਾ' ਅਤੇ ਪੰਜਾਬ ਦੀ ਫਿਰਕੂ ਲਹਿਰ

ਕਿਸੇ ਵੀ ਫਿਰਕੂ ਜਾਂ ਸਮਾਜਕ ਮਸਲੇ ਦੀ ਜੜ੍ਹ ਤੱਕ ਪੁੱਜਣ ਲਈ ਅਤੇ ਇਹਦਾ ਸਹੀ ਸਹੀ ਜਾਇਜ਼ਾ ਲੈਣ ਲਈ ਸਾਨੂੰ ਇਹਦੇ ਇਤਿਹਾਸਕ ਪਿਛੋਕੜ ਵਿਚ ਜਾਣਾ ਬੜਾ ਜ਼ਰੂਰੀ ਹੁੰਦਾ ਹੈ। ਪੰਜਾਬ ਦੀ ਮੌਜੂਦਾ ਸਿਆਸੀ ਅਤੇ ਸਮਾਜਿਕ ਸਥਿਤੀ ਅੰਦਰ ਅਕਾਲੀ ਪਾਰਟੀ ਦੇ ਵੱਖ ਵੱਖ ਧੜਿਆਂ ਵਲੋਂ ਚਲਾਇਆ ਗਿਆ 'ਧਰਮ ਯੁਧ ਦਾ ਮੋਰਚਾ' ਸਾਡੇ ਸਾਹਮਣੇ ਹੈ—ਅਤੇ ਇਹਦੇ ਨਾਲ ਜੁੜਿਆ ਹੋਇਆ ਹੈ ਵਧੇਰੇ ਅਧਿਕਾਰਾਂ ਦਾ ਮਸਲਾ—ਓਪਰੀ ਨਜ਼ਰ ਦੇਖਿਆ ਵਿਚਾਰਿਆਂ ਵਧੇਰੇ ਅਧਿਕਾਰਾਂ ਦਾ ਮਸਲਾ ਜਨ ਸਾਧਾਰਣ ਨੂੰ ਬਹੁਤ ਟੁੰਬਦਾ ਹੈ। ਪਰ ਇਥੇ ਪ੍ਰਸ਼ਨ ਇਹ ਉੱਠਦਾ ਹੈ ਕਿ ਹੁਣ ਤੱਕ ਅਕਾਲੀ ਪਾਰਟੀ ਜਾਂ ਦਲ ਖ਼ਾਲਸੇ ਨੇ ਨਰਮ ਅਤੇ ਅਤਿਵਾਦੀ ਧੜਿਆਂ ਨੇ ਜੋ ਕੁਝ ਪੰਜਾਬ ਵਿਚ ਕੀਤਾ ਹੈ ਜਾਂ ਕਰ ਰਹੇ ਹਨ—ਕੀ ਇਹ ਸਭ ਕੁਝ ਸਟੇਟਾਂ (ਪ੍ਰਾਤਾਂ) ਨੂੰ ਵਧ ਅਧਿਕਾਰ ਦੁਆਉਣ ਕਰਕੇ ਹੀ ਹੈ ਜਾਂ ਇਹਦੇ ਪਿੱਛੇ ਕੋਈ ਹੋਰ ਸਾਜ਼ਸ਼ ਜਾਂ ਸੁਆਰਥ ਵੀ ਹੈ? ਕੀ ਪੰਜਾਬ ਦੇ ਸਿੱਖਾਂ ਨੂੰ ਹੀ ਵੱਧ ਅਧਿਕਾਰਾਂ ਦੀ ਲੋੜ ਹੈ, ਕੀ ਪੰਜਾਬ ਦੇ ਪੰਜਾਬੀ ਹਿੰਦੂਆਂ ਨੂੰ ਇਨ੍ਹਾਂ ਅਧਿਕਾਰਾਂ ਦੀ ਕੋਈ ਲੋੜ ਨਹੀਂ। ਪੰਜਾਬ ਦੇ ਪੰਜਾਬੀ ਹਿੰਦੂਆਂ ਨੇ ਵੀ ਸਟੇਟਾਂ ਨੂੰ ਵੱਧ ਅਧਿਕਾਰ ਦੁਆਉਣ ਦੀ ਮੰਗ ਦਾ ਵਿਰੋਧ ਨਹੀਂ ਕੀਤਾ—ਸਮਰੱਥਨ ਹੀ ਕੀਤਾ ਹੋਵੇਗਾ। ਆਪਾਂ ਅਕਾਲੀ ਪਾਰਟੀ ਦੇ ਰੰਗ-ਬਰੰਗੇ ਧੜਿਆਂ, ਨੇਤਾਵਾਂ ਅਤੇ ਮੋਰਚਿਆਂ ਦੁਆਰਾ ਚਲਾਏ ਗਏ 1947 ਤੋਂ ਪਿਛੋਂ ਦੇ ਅੰਦੋਲਨਾਂ ਤੇ ਇਕ ਸਰਸਰੀ ਜਿਹੀ ਝਾਤ ਮਾਰੀਏ ਤਾਂ ਇਹੀ ਪੱਖ ਉਭਰਦਾ ਹੈ ਕਿ ਇਹ ਅੰਦੋਲਨ ਕਦੇ ਵੀ ਪੰਜਾਬ ਦੇ ਸਮੂੰਹ ਕਿਸਾਨਾਂ ਅਤੇ ਮਜ਼ਦੂਰਾਂ ਦੇ ਅੰਦੋਲਨ ਨਹੀਂ ਬਣੇ। ਉਦੋਂ ਵੀ ਅਕਾਲੀ ਪਾਰਟੀ ਵਲੋਂ ਵਧੇਰੇ ਅਧਿਕਾਰਾਂ ਦੀ ਮੰਗ ਜਾਂ ਅਲੱਗ ਸੂਬੇ ਦੀ ਮੰਗ ਕਰਨ ਦਾ ਅਰਥ ਸੀ ਪੰਜਾਬ ਦੇ ਇਕ ਵਿਸੇਸ਼ ਫਿਰਕੇ ਜਾਂ ਵਰਗ ਲਈ (ਦੂਸਰੇ ਤਬਕਿਆਂ ਦੇ ਹੱਕਾਂ ਦੀ ਕੀਮਤ ਤੇ) ਵਧੇਰੇ ਅਧਿਕਾਰ ਸਹੂਲਤਾਂ ਅਤੇ ਸੁਰਖਿਆ।

ਮਾਰਕਸੀ ਵਿਚਾਰਧਾਰਾਂ ਵਾਲੇ ਲੋਕ ਕਿਸੇ ਵੀ ਸਿਆਸੀ ਜਾਂ ਗ਼ੈਰ ਸਿਆਸੀ ਮਸਲੇ ਜਾਂ ਅੰਦੋਲਨ ਦਾ ਅਕਾਰਣ ਹੀ ਵਿਰੋਧ ਜਾਂ ਸਮਰਥਨ ਨਹੀਂ ਕਰਦੇ। ਪ੍ਰੋ: ਭਾਰਦਵਾਜ ਨੇ ਆਪਣੇ ਲੰਬੇ ਚੋੜੇ ਲੇਖ 'ਮਸਲਾ ਵਧੇਰੇ ਅਧਿਕਾਰਾਂ ਦਾ ਵਿਚ ਸਟੇਟਾਂ ਲਈ ਵਿਸ਼ੇਸ਼ ਕਰਕੇ ਪੰਜਾਬ ਲਈ ਵਧੇਰੇ ਅਧਿਕਾਰਾਂ ਲਈ ਤੱਥਾਂ ਅਤੇ ਅੰਕੜਿਆਂ ਸਹਿਤ ਜੋ ਵਿਆਖਿਆ ਕੀਤੀ ਹੈ ਅਤੇ ਤਾਨਾਸ਼ਾਹੀ ਕੇਂਦਰ ਦਾ ਵਿਰੋਧ ਕਰਨ ਦੀ ਵਕਾਲਤ ਕੀਤੀ ਹੈ—ਇਹ ਸਾਰਾ ਕੁਝ ਕਰਦਿਆਂ ਉਨ੍ਹਾਂ ਅਕਾਲੀ ਪਾਰਟੀ ਅਤੇ ਦਲ ਖ਼ਾਲਸਾ ਵਲੋਂ ਸੁਰੂ ਕੀਤੇ ਗਏ ਮੋਰਚੇ ਦਾ ਸਹੀ ਸਹੀ ਆਰਥਿਕ ਅਤੇ ਸਮਾਜਿਕ ਜਾਇਜ਼ਾ ਨਹੀਂ ਲਿਆ—ਕੇਂਦਰ ਦੀ ਤਾਨਾਸ਼ਾਹੀ ਦਾ ਵਿਰੋਧ ਕਰਨ ਲੱਗਿਆਂ ਅੰਤਰਰਾਸ਼ਟਰੀ ਸਥਿਤੀ ਦੇ ਪ੍ਰਸੰਗ ਵਿਚ ਭਾਰਤ ਦੀ ਵਿਗੜੀ ਹੋਈ ਸਿਆਸੀ ਸਥਿਤੀ ਦਾ ਵੀ ਸਹੀ ਸਹੀ ਮੁਲਅੰਕਣ ਨਹੀਂ ਕੀਤਾ। ਇਹ ਤਾਂ ਠੀਕ ਹੈ ਕਿ ਜਦੋਂ ਕਿਸੇ ਸਰਕਾਰ ਦੇ ਹੱਥਾਂ ਵਿਚ ਸਾਰੀ ਸਿਆਸੀ ਤਾਕਤ ਕੇਂਦਰਤ ਹੋ ਜਾਵੇ

ਤਾਂ ਇਹ ਭ੍ਰਿਸ਼ਟਾਚਾਰ, ਤਾਨਾਸ਼ਾਹੀ, ਆਪਹੁਦਰਾ-ਸ਼ਾਹੀ, ਜਹਾਲਤ ਅਤੇ ਗ਼ੁਲਾਮੀ ਨੂੰ ਜਨਮ ਦਿੰਦੀ ਹੈ। ਜਦੋਂ ਵੀ ਕਿਸੇ ਹਕੂਮਤ ਦੇ ਹੱਥਾਂ ਵਿਚ ਨਜ਼ਾਇਜ਼ ਢੰਗਾਂ ਨਾਲ ਵਧ ਅਧਿਕਾਰ ਇਕੱਠੇ ਹੋ ਜਾਣ ਤਾਂ ਲੋਕਾਂ ਦੇ ਅਧਿਕਾਰਾਂ ਨੂੰ ਹਮੇਸ਼ਾ ਖ਼ਤਰਾ ਬਣਿਆ ਰਹਿੰਦਾ ਹੈ—ਇਹ ਇਕ ਪ੍ਰਮਾਣਿਕ ਸੱਚਾਈ ਹੈ। 1947 ਤੋਂ ਪਿਛੋਂ ਭਾਰਤ ਦੀ 'ਦੇਸੀ' ਸਰਕਾਰ ਦਾ ਵੀ ਇਹੋ ਜਿਹਾ ਹੀ ਇਤਿਹਾਸ ਹੈ—ਮੀਸਾ (MISA) ਅਤੇ ਐਨ. ਐਸ. ਏ. (N. S. A.) ਵਰਗੇ ਕਾਲੇ ਕਨੂੰਨ ਸਰਕਾਰ ਦੇ ਇਸੇ ਹੀ ਮੰਤਵ ਲਈ ਹੋਂਦ ਵਿਚ ਆਏ ਸਨ। ਪਰ ਕੀ ਕੇਂਦਰ ਦੇ ਮਜ਼ਬੂਤ ਜਾਂ ਤਾਨਾਸ਼ਾਹ ਹੋਣ ਵਿਚ ਸਿਰਫ਼ ਇੰਦਰਾ ਦਾ ਹੀ ਹੱਥ ਹੈ—ਜੇ ਕੇਂਦਰ ਵਿਚ ਇੰਦਰਾ ਨਾ ਹੋਵੇ ਤਾਂ ਕੀ ਕੇਂਦਰ ਆਪਹੁਦਰਾਸ਼ਾਹ ਨਹੀਂ ਹੋਵੇਗਾ ? ਸਾਨੂੰ ਅਜਿਹੀ ਸਥਿਤੀ ਦੇ ਪ੍ਰਸੰਗ ਵਿਚ ਸੰਸਾਰ ਦੀਆਂ ਅੰਤਰਰਾਸ਼ਟਰੀ ਹਾਲਤਾਂ ਦਾ ਸਹੀ ਸਹੀ ਜਾਇਜ਼ਾ ਲੈਣਾ ਪਵੇਗਾ। ਅਸੀਂ ਇਸ ਸੰਭਾਵਨਾਂ ਨੂੰ ਬਿਲਕੁਲ ਰੱਦ ਨਹੀਂ ਕਰ ਸਕਦੇ ਕਿ ਅੱਜ ਸੰਸਾਰ ਵਿਚ ਸਾਮਰਾਜੀ ਦਿਓ ਤਾਕਤਾਂ ਸਾਰੇ ਸੰਸਾਰ ਦੇ ਸਾਰੇ ਦੇਸ਼ਾਂ ਦੀ ਲੁੱਟ ਕਰਨ ਲਈ ਆਪਣੇ ਆਪਣੇ ਪੱਖ ਦੀਆਂ ਪਿੱਠੂ ਸਰਕਾਰਾਂ ਕਾਇਮ ਕਰਨਾ ਚਹੁੰਦੀਆਂ ਹਨ ! ਅਮਰੀਕੀ ਸਾਮਰਾਜ ਜਦੋਂ ਹਿੰਦ ਚੀਨ ਨੂੰ ਆਪਣੇ ਅਧਿਕਾਰ ਹੇਠ ਰੱਖਣ ਲਈ ਤਬਾਹੀ ਕਰਨ ਵਿਚ ਉਲਝਿਆ ਹੋਇਆ ਸੀ ਤਾਂ ਕੁਝ ਕਾਰਣਾਂ ਕਰਕੇ ਭਾਰਤੀ ਹਾਕਮ ਜਮਾਤ ਦੇ ਭਾਰੂ ਧੜੇ ਨੇ ਰੂਸ ਵੱਲ ਆਪਣਾ ਝੁਕਾਅ ਕਰ ਲਿਆ ਸੀ। ਇਸੇ ਹੀ ਦੌਰ ਅੰਦਰ ਹਿੰਦ ਰੂਸ ਸ਼ਾਂਤੀ ਸੰਧੀ ਕਾਇਮ ਹੋਈ। ਅਮਰੀਕਾ ਨੂੰ ਹੱਥ ਪੈਰ ਮਾਰਦਿਆਂ 1975 ਵਿਚ ਰੂਸ ਪੱਖੀ ਇੰਦਰਾ ਸਰਕਾਰ ਨੂੰ ਹਾਰ ਦੇ ਕੇ ਆਪਣੇ ਪੱਖ ਦੀ ਸਰਕਾਰ ਕਾਇਮ ਕੀਤੀ ਜੋ ਕਿ ਰੂਸ ਨਾਲ ਪਿਛਲੇ ਸਿਆਸੀ ਅਤੇ ਆਰਥਿਕ ਗੱਠਜੋੜ ਹੋਣ ਕਾਰਣ ਹਿੰਦ ਰੂਸ ਸੰਧੀ ਨੂੰ ਚਹੁੰਦੇ ਹੋਏ ਵੀ ਖ਼ਤਮ ਨਾ ਕਰ ਸਕੀ। ਅਸੀਂ ਦੇਖਦੇ ਹਾਂ ਕਿ ਢਾਈ ਕੁ ਸਾਲ ਪਿਛੋਂ ਹੀ ਜੰਤਾ ਪਾਰਟੀ ਦਾ ਭੋਗ ਪੈਣ ਪਿਛੋਂ ਜਦੋਂ ਰੂਸ ਪੱਖੀ ਇੰਦਰਾ ਸਰਕਾਰ ਮੁੜ ਸੱਤਾ ਪ੍ਰਾਪਤ ਕਰ ਗਈ ਤਾਂ ਅਮਰੀਕੀ ਸਾਮਰਾਜ ਨੇ ਆਪਣੀ ਰਣਨੀਤੀ ਬਦਲ ਕੇ ਨਵੇਂ ਸਿਰਿਓਂ ਲਾਗੂ ਕਰਨੀ ਸ਼ੁਰੂ ਕਰ ਕੀਤੀ। ਜਿੱਥੇ ਰੂਸ ਅਫਗਾਨਿਸਤਾਨ ਵਿਚ ਸਿਧੇ ਰੂਪ ਵਿਚ ਦਖਲ ਦੇ ਕੇ, ਆਪਣੀਆਂ ਫ਼ੌਜਾਂ ਭੇਜ ਕੇ ਅਮਰੀਕਾਂ ਦੇ ਵਫ਼ਾਦਾਰ ਦੇਸ਼ ਪਾਕਿਸਤਾਨ ਨੂੰ ਖ਼ਤਮ ਕਰਨ ਜਾਂ ਢਾਅ ਲਾਉਣ ਦੇ ਮਨਸੂਬੇ ਬਣਾ ਰਿਹਾ ਹੈ ਉੱਥੇ ਅਮਰੀਕਾ ਪਾਕਿਸਤਾਨ ਤੇ ਡੀਗੋਗਾਰਸ਼ੀਆ ਵਿਚ ਆਪਣੀ ਫ਼ੌਜੀ ਸ਼ਕਤੀ ਵਧਾ ਕੇ ਭਾਰਤ ਅੰਦਰ ਆਪਣੀਆਂ ਵਫ਼ਾਦਾਰ ਸ਼ਕਤੀਆਂ ਨੂੰ ਉਕਸਾਕੇ ਫਿਰਕੂ ਗੜਬੜ ਪੈਦਾ ਕਰਕੇ ਅਤੇ ਅਖੀਰ ਵਿਚ ਭਾਰਤ ਦੇ ਟੁਕੜੇ ਟੁਕੜੇ ਕਰਕੇ ਆਪਣੇ ਪ੍ਰਭਾਵ ਹੇਠਲੇ ਕੁਝ ਖਿਤਿਆਂ ਵਿਚ ਆਪਣੀਆਂ ਸਰਕਾਰਾਂ ਕਾਇਮ ਕਰਨੀਆਂ ਚਹੁੰਦਾ ਹੈ ਅਤੇ ਭਾਰਤ ਵਿਚ ਪੰਜਾਬ ਨੂੰ ਵੀ ਉਸ ਨੇ ਇਸੇ ਮਨਸੂਬੇ ਨਾਲ ਚੁਣਿਆ ਹੈ ! ਸੋ ਅਕਾਲੀ ਪਾਰਟੀ ਜਾਂ ਦਲ ਖ਼ਾਲਸਾ ਵਲੋਂ ਚਲਾਈ ਗਈ ਫਿਰਕੂ ਲਹਿਰ ਅਤੇ ਵਧੇਰੇ ਅਧਿਕਾਰਾਂ ਦੇ ਮਸਲੇ ਨੂੰ ਵੀ ਸਾਨੂੰ ਇਸੇ ਰੋਸ਼ਨੀ ਵਿਚ ਹੀ ਲੈਣਾ ਪਵੇਗਾ। ਇਥੇ ਨਾਲ ਹੀ ਪ੍ਰਸ਼ਨ ਇਹ ਵੀ ਉੱਠਦਾ ਹੈ ਕਿ ਕੀ ਲੋਕਾਂ ਨੂੰ ਸਿਰਫ ਕੇਂਦਰ ਹੀ ਲੁੱਟਦਾ ਹੈ—ਕੀ ਕੇਂਦਰ ਹੀ ਉਨ੍ਹਾਂ ਨੂੰ ਕਰਜ਼ਾਈ ਬਣਾਉਂਦਾ ਹੈ ਕੀ ਪ੍ਰਾਂਤਾਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਕੰਗਾਲ ਕਰਨ ਜਾਂ ਲੁੱਟਣ ਵਿਚ ਘੱਟ ਹਿੱਸਾ ਪਾਉਂਦੀਆਂ ਹਨ ?

ਜਿਵੇਂ ਕਿ ਪਹਿਲਾ ਹੀ ਕਿਹਾ ਜਾ ਚੁੱਕਿਆ ਹੈ ਕਿ ਕਿਸੇ ਵੀ ਸਿਆਸੀ ਸਥਿਤੀ ਨੂੰ ਸਮਝਣ ਵਿਚ ਇਤਿਹਾਸ ਹੀ ਹਮੇਸ਼ਾ ਸਾਡੀ ਅਗਵਾਈ ਕਰਦਾ ਰਿਹਾ ਹੈ—ਸੋ ਆਓ ਇਹ ਸਮਸਿਆ ਸਮਝਣ ਲਈ ਇਤਿਹਾਸ ਦੀ ਘੋਖ ਖੜਤਾਲ ਕਰੀਏ। ਸ਼ਹੀਦ ਭਗਤ ਸਿੰਘ ਨੇ ਆਪਣੇ ਇਕ ਲੇਖ "ਮੁਕਤੀ ਅੰਦੋਲਨਾਂ ਵਿਚ ਭਾਰਤੀ ਪੜ੍ਹੇ ਲਿਖੇ ਮਧ ਵਰਗ ਦੀ ਭੂਮਿਕਾ" ਵਿਚ 1857 ਦੇ ਅਜ਼ਾਦੀ ਦੇ ਸੰਗਰਾਮ ਦਾ ਸਹੀ ਸਹੀ ਜਾਇਜ਼ਾ ਲੈਂਦਿਆ ਠੀਕ ਹੀ ਕਿਹਾ ਸੀ ਕਿ ਜਦੋਂ ਤੱਕ ਕਿਸੇ ਅੰਦੋਲਨ ਦਾ ਆਰਥਕ ਅਤੇ ਸਮਾਜਕ ਅਧਾਰ ਨਾ ਹੋਵੇ, ਉਹਨੂੰ ਵਿਦਰੋਹ (ਅੰਦੋਲਨ) ਨਹੀਂ ਮੰਨਿਆ ਜਾ ਸਕਦਾ—ਸੋ ਪੰਜਾਬ ਦੀ ਸਮਕਾਲੀ ਸਮਾਜਿਕ ਸਥਿਤੀ ਅੰਦਰ ਅਕਾਲੀਆਂ ਅਤੇ ਸਿੱਖ ਜਨੂੰਨੀਆਂ ਦੇ ਵਧ ਅਧਿਕਾਰਾਂ ਦੇ ਅੰਦੋਲਨ ਨੂੰ ਵੀ ਭਲੀ ਭਾਂਤ ਸਮਝਿਆ ਜਾ ਸਕਦਾ ਹੈ। ਨਾਲ ਹੀ ਗੱਲ ਇਹ ਵੀ ਹੈ ਜਦੋਂ ਅਸੀਂ ਪੰਜਾਬ ਬਾਰੇ ਵਧ ਅਧਿਕਾਰਾਂ ਦੇ ਮਸਲੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹਦੇ ਨਾਲ ਜੁੜੇ ਹੋਏ ਧਰਮ ਯੁਧ ਦੀ ਵੀ ਗੱਲ ਕਰਨੀ ਪਵੇਗੀ। ਕੀ ਅਕਾਲੀਆਂ ਜਾਂ ਦਲ ਖ਼ਾਲਸੇ ਦਾ ਇਹ ਅੰਦੋਲਨ ਕਿਸੇ ਵਿਦੇਸ਼ੀ ਸਾਮਰਾਜੀ ਸ਼ਕਤੀ ਦੇ ਇਸ਼ਾਰੇ ਤੇ ਖ਼ੁਸੀ ਹੋਈ ਸਿਆਸੀ ਸਰਦਾਰੀ ਜਾਂ ਰਾਜ ਸੱਤਾ ਪ੍ਰਾਪਤ ਕਰਨ ਲਈ ਤਾਂ ਨਹੀਂ। ਕੀ ਜਨ ਸਾਧਾਰਣ ਦੀਆਂ ਭਖਵੀਆਂ ਜੀਊ ਦੇ ਰਹਿਣ ਦੀਆਂ ਫੈਸਲਾਕੁਨ ਮੰਗਾਂ, ਬੇਰੁਜ਼ਗਾਰਾਂ ਲਈ ਰੁਜਗਾਰ, ਕੀਮਤਾਂ ਦਾ ਘਟਾਉਣਾ, ਖੇਤੀ ਉਤਪਾਦਨ ਦੇ ਜਾਇਜ਼ ਭਾਅ ਅਤੇ ਸਸਤੀਆਂ ਖਾਦਾਂ ਆਦਿ ਇਸ ਅੰਦੋਲਨ ਵਿਚ ਉਭਰ ਕੇ ਆਈਆਂ ਹਨ। ਕੀ ਅਕਾਲੀ ਦਲ ਅਤੇ ਅੰਦੋਲਨ ਦਾ ਕਾਬਜ਼ ਧੜਾ ਜਾਂ ਲੀਡਰਸ਼ਿਪ

ਪੰਜਾਬ ਦੇ ਹਿੰਦੂ ਸਿੱਖ ਜਨ ਸਾਧਾਰਣ ਨੂੰ ਉਨ੍ਹਾਂ ਦੀਆਂ ਆਰਥਿਕ ਅਤੇ ਸਮਾਜਿਕ ਮੰਗਾਂ ਮਨਵਾਉਣ ਲਈ ਵਿਸ਼ਵਾਸ ਵਿਚ ਲੈ ਸਕੇ ਹਨ, ਉਨ੍ਹਾਂ ਨੂੰ ਇਨ੍ਹਾਂ ਮੰਗਾਂ ਦਾ ਅਹਿਸਾਸ ਕਰਵਾ ਸਕੇ ਹਨ ? ਜੇ ਅਜਿਹਾ ਨਹੀਂ ਤਾਂ ਫਿਰ ਇਹ ਸਾਰਾ ਅਡੰਬਰ ਕਿਸ ਲਈ। ਦੋ ਭਲਵਾਨਾਂ ਜਾਂ ਦੋ ਮਹਾਰਾਜਿਆਂ ਦੀ ਲੜਾਈ ਵਿਚ ਜਨ ਸਾਧਾਰਣ ਨੂੰ ਕੁਝ ਹਾਸਲ ਤਾਂ ਨਹੀਂ ਹੋਵੇਗਾ ਪਰ ਉਹ ਉਨ੍ਹਾਂ ਦੀ ਜਿੱਤ ਹਾਰ ਵਿਚ ਮਾਰ ਤਾਂ ਜ਼ਰੂਰ ਖਾਵੇਗਾ ਹੀ—ਕੁਝ ਅਜੇਹੀ ਹੀ ਸਥਿਤੀ ਅਜ ਪੰਜਾਬ ਦੇ ਲੋਕਾਂ ਦੀ ਹੈ। ਸੱਚ ਤਾਂ ਇਹ ਹੈ ਕਿ ਸਿਰਫ਼ ਕੇਂਦਰ ਨੇ ਹੀ ਨਹੀਂ ਪ੍ਰਾਂਤਾਂ ਨੇ ਵੀ ਸਰਕਾਰੀ ਖਜ਼ਾਨੇ ਦੀ ਦੁਰਵਰਤੋਂ ਕਰਕੇ ਲੋਕਾਂ ਨੂੰ ਸ਼ਰੇਆਮ ਕੰਗਾਲ ਕੀਤਾ ਹੈ। ਪ੍ਰਾਪਤ ਅਧਿਕਾਰਾਂ ਦੀ ਦੁਰਵਰਤੋਂ ਕਰਕੇ ਪ੍ਰਾਤਾਂ ਨੇ ਵੀ ਲੋਕਾਂ ਤੇ ਉਵੇਂ ਤਸ਼ੱਦਦ ਕੀਤਾ ਹੈ ਜਿਵੇਂ ਕੇਂਦਰ ਨੇ।

**ਅਧਿਕਾਰਾਂ ਦੀ ਪ੍ਰਾਪਤੀ ਅਤੇ ਵਰਤੋਂ**—ਕਿਸੇ ਵੀ ਸਮੇਂ ਅੰਦਰ ਜਿਹੋ ਜਿਹੀ ਪਾਰਟੀ ਫਿਰਕਾ ਜਾਂ ਜਥੇਬੰਦੀ ਵਧੇਰੇ ਅਧਿਕਾਰਾਂ ਦੀ ਮੰਗ ਕਰ ਰਹੀ ਹੋਵੇ—ਇਨ੍ਹਾਂ ਅਧਿਕਾਰਾਂ ਦੀ ਵਰਤੋਂ ਵੀ ਉਸੇ ਹੀ ਵਿਸ਼ੇਸ਼ ਫਿਰਕੇ ਦੇ ਪੱਖ ਵਿਚ ਹੀ ਹੋਵੇਗੀ। ਜੇ ਇਸ 'ਧਰਮ ਯੁਧ' ਦੁਆਰਾ ਪੰਜਾਬ ਦੇ ਸਿੱਖ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਨੂੰ ਸੱਤਾ ਪ੍ਰਾਪਤ ਹੋ ਜਾਵੇ ਤਾਂ ਕੀ ਉਹ ਪੰਜਾਬ ਦੇ ਸਾਧਾਰਣ ਕਿਸਾਨਾਂ ਮਜ਼ਦੂਰਾਂ ਦੇ ਹੱਕ ਬਹਾਲ ਕਰ ਦੇਣਗੇ—ਉਤਰ ਹੈ ਕਦੇ ਨਹੀਂ, ਸਗੋਂ ਹਕੀਕਤ ਇਹ ਹੈ ਕਿ ਉਨ੍ਹਾਂ ਦੇ ਰਹਿੰਦੇ ਖੂੰਹਦੇ ਹੱਕ ਵੀ ਕੁਚਲੇ ਜਾਣਗੇ। ਇਹ ਇਕ ਪ੍ਰਮਾਣਿਕ ਸਚਾਈ ਹੈ ਕਿ ਕੋਈ ਵੀ ਫਿਰਕੂ ਪਾਰਟੀ ਸੱਤਾ ਹਾਸਲ ਹੋਣ ਤੇ ਸਿਆਸੀ ਅਧਿਕਾਰਾਂ ਨੂੰ ਆਪਣੇ ਫਿਰਕੂ ਹਿਤਾਂ ਲਈ ਹੀ ਵਰਤੇਗੀ—ਸਮਾਜ ਦੇ ਸਮੂਹ ਤਬਕਿਆਂ ਲਈ ਕਦੇ ਨਹੀਂ। ਨਾਲ ਹੀ ਇਹ ਹਕੀਕਤ ਵੀ ਰੱਦ ਨਹੀਂ ਕੀਤੀ ਜਾ ਸਕਦੀ ਕਿ ਪੰਜਾਬ ਦੇ ਕਿਸੇ ਪਿਛੜੇ ਹੋਏ ਪਿੰਡ ਦੇ ਧੰਨਾ ਸਿੰਘ ਜਾਂ ਮੰਨਾ ਸਿੰਘ ਨੂੰ ਵਧੇਰੇ ਅਧਿਕਾਰਾਂ ਵਿਚੋਂ ਕੀ ਮਿਲੇਗਾ—ਕੀ ਇਹ ਅਧਿਕਾਰ ਉਸਨੂੰ ਸ਼ਾਹੂਕਾਰ ਦੇ ਕਰਜ਼ੇ ਜਾਂ ਬੈਂਕ ਦੀ ਤਕਾਵੀ ਦੀ ਚਿੰਤਾ ਤੋਂ ਮੁਕਤ ਕਰ ਦੇਣਗੇ—ਕੀ ਇਹ ਬੇਜ਼ਮੀਨਿਆਂ ਨੂੰ ਜ਼ਮੀਨ ਦੁਆ ਦੇਣਗੇ ? ਸਾਨੂੰ ਇਹ ਸਭ ਕੁਝ ਸੋਚਕੇ ਇਸ ਮਸਲੇ ਦਾ ਸਮਰਥਨ ਜਾਂ ਵਿਰੋਧ ਕਰਨਾ ਚਾਹੀਦਾ ਹੈ। ਨਾਲ ਹੀ ਮਸਲਾ ਇਹ ਵੀ ਹੈ ਕਿ ਕਿਤੇ ਅਕਾਲੀਆਂ ਦੇ ਮਿਹਨਤਕਸ਼ ਹਿੰਦੂਆਂ ਸਿਖਾਂ ਨੂੰ ਲੁਟਣ ਦੇ ਵਧੇਰੇ ਅਧਿਕਾਰ ਪ੍ਰਾਪਤ ਕਰਨਾ ਤਾਂ ਨਹੀਂ। ਜਰਾ ਪੰਜਾਬ ਦੇ ਪਿਛੋਕੜ ਵਲ ਝਾਤ ਮਾਰੀਏ—ਜਦੋਂ ਅਕਾਲੀ ਪੰਜਾਬ ਦੀ ਰਾਜ ਸੱਤਾ ਉਤੇ ਕਾਬਜ਼ ਸਨ—ਉਦੋਂ ਉਨ੍ਹਾਂ ਨੇ 'ਪ੍ਰਾਪਤ' ਅਧਿਕਾਰ ਕਿਹਦੀ ਭਲਾਈ ਲਈ ਵਰਤੇ ਸਨ—ਉਨ੍ਹਾਂ ਅਧਿਕਾਰਾਂ ਦੀ ਵਰਤੋਂ ਵਿਚੋਂ ਕਿਹਨੇ ਕੀ ਖਟਿਆ ਅਤੇ ਕਿਹਤੋਂ ਕੀ ਖੁਸਿਆ—ਸਥਿਤੀ ਸਾਡੇ ਸਾਰਿਆਂ ਦੇ ਸਾਹਮਣੇ ਹੈ। ਜੰਤਾ ਸਰਕਾਰ ਦੇ ਦੌਰ ਅੰਦਰ—ਜਦੋਂ ਕੇਂਦਰ ਵਿਚ ਸ. ਸੁਰਜੀਤ ਸਿੰਘ ਬਰਨਾਲਾ ਖੇਤੀ ਬਾੜੀ ਮੰਤਰੀ ਸੀ ਅਤੇ ਪੰਜਾਬ ਦੇ ਮੁੱਖ ਮੰਤਰੀ ਬਾਦਲ—ਪੰਜਾਬ ਦੇ ਮੁੱਠੀ ਭਰ ਸਿੱਖ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੇ ਅਧਿਕਾਰਾਂ ਦੀ ਖਾਤਰ ਕਿਵੇਂ ਜਨ ਸਮੂਹ ਦੇ ਹੱਕਾਂ ਦਾ ਕਤਲੇਆਮ ਹੁੰਦਾ ਰਿਹਾ—ਹਕੀਕਤ ਕਿਸੇ ਤੋਂ ਛੁਪੀ ਹੋਈ ਨਹੀਂ—ਉਸ ਸਮੇਂ ਪੰਜਾਬ ਦੇ ਸਾਧਾਰਣ ਕਿਸਾਨਾਂ ਦੇ ਸਖਤ ਮਿਹਨਤ ਨਾਲ ਪੈਦਾ ਕੀਤੇ ਹੋਏ ਆਲੂ ਪੰਜ ਰੁਪਏ ਬੋਰੀ ਦੇ ਹਿਸਾਬ ਮੰਡੀਆਂ ਵਿਚ ਹੀ ਰੂਲ ਗਏ ਸਨ—ਪਰ ਵਡੇ ਜ਼ਿਮੀਦਾਰਾਂ ਅਤੇ ਜਗੀਰਦਾਰਾਂ (ਜਿਨ੍ਹਾਂ ਦੀ ਸਰਕਾਰ ਦੁਆਰੇ ਪਹੁੰਚ ਸੀ) ਦੇ ਆਲੂ ਉਦੋਂ ਵੀ ਅਰਧ-ਸਰਕਾਰੀ ਏਜੰਸੀਆਂ ਦੁਆਰਾ 60-70 ਰੁਪਏ ਬੋਰੀ ਖਰੀਦੇ ਗਏ ਸਨ। ਕਿਸੇ ਵੀ ਜਮਾਤੀ ਪ੍ਰਬੰਧ ਵਾਲੇ ਸਮਾਜ ਵਿਚ, ਰਾਜ ਸੱਤਾ ਉਤੇ ਕਾਬਜ਼ ਵਿਸ਼ੇਸ਼ ਜਮਾਤ ਆਪਣੀ ਹੀ ਜਮਾਤ ਦੇ ਹੱਕਾਂ ਦੀ ਰਾਖੀ ਕਰੇਗੀ—ਉਹਦੇ ਹੀ ਹਿਤਾਂ ਦੀ ਪੂਰਤੀ ਲਈ ਨੀਤੀਆਂ ਘੜੇਗੀ—ਇਹ ਸਚਾਈ ਅਖੋਂ ਉਹਲੇ ਨਹੀਂ ਕੀਤੀ ਜਾ ਸਕਦੀ—ਚਾਹੇ ਕੇਂਦਰ ਹੋਵੇ ਚਾਹੇ ਪ੍ਰਾਂਤ।

**ਪੰਜਾਬ ਦੀ ਅਜੋਕੀ ਸਥਿਤੀ ਅਤੇ ਧਰਮ ਯੁੱਧ** :—ਸ਼ਰੋਮਣੀ ਅਕਾਲੀ ਦਲ ਅਤੇ ਦਲ ਖਾਲਸਾ ਵਲੋਂ ਧਰਮ ਯੁੱਧ ਰਾਹੀਂ ਧਾਰਮਕ ਮੰਗਾਂ ਦਾ ਮਸਲਾ ਉਦੋਂ ਉਭਾਰਿਆ ਜਾ ਰਿਹਾ ਹੈ ਜਦੋਂ ਕਿ ਪੰਜਾਬ ਵਿਚ ਵੀ ਭਾਰਤ ਦੇ ਦੂਸਰੇ ਸੂਬਿਆਂ ਵਾਂਗ—ਆਰਥਕ ਸੰਕਟ, ਭ੍ਰਿਸ਼ਟਾਚਾਰ, ਮਹਿੰਗਾਈ ਅਤੇ ਬੇਰੁਜਗਾਰੀ ਵਰਗੀਆਂ ਬੀਮਾਰੀਆਂ ਆਪਣੇ ਸਿਖਰ ਤੇ ਹਨ। ਕੀ ਅਕਾਲੀ ਪਾਰਟੀ ਵਲੋਂ ਆਪਣੀਆਂ ਧਾਰਮਕ ਅਤੇ ਫਿਰਕੂ ਮੰਗਾਂ ਮਨਵਾਉਣ ਨਾਲ ਇਹ ਸਾਰੀਆਂ ਬੀਮਾਰੀਆਂ—ਭ੍ਰਿਸ਼ਟਾਚਾਰ ਅਤੇ ਮਹਿੰਗਾਈ ਵਗੈਰਾ ਸਭ ਖ਼ਤਮ ਹੋ ਜਾਣ ਗੀਆਂ। ਅਕਾਲੀਆਂ ਵਲੋਂ ਧਾਰਮਕ ਮੰਗਾਂ ਮਨਵਾਉਣ ਦੇ ਉਦੇਸ਼ ਤੋਂ ਲਗਦਾ ਹੈ ਜਿਵੇਂ—ਜਿਹੜਾ ਧਾਰਮਕ ਪ੍ਰੋਗਰਾਮ (ਗੁਰਬਾਣੀ ਦਾ ਪ੍ਰਚਾਰ) ਜਲੰਧਰ ਰੇਡੀਓ ਸਟੇਸ਼ਨ ਤੋਂ ਜਿਥੇ ਜਿਥੇ ਪੁਜੇਗਾ—ਕਿਸੇ ਜਾਦੂ ਦੀ ਸੋਟੀ ਨਾਲ ਹੀ ਇਹ ਸਾਰੀਆਂ ਸਮਾਜਕ ਅਤੇ ਆਰਥਕ ਬੀਮਾਰੀਆਂ ਛੂ ਮੰਤਰ ਹੋ ਜਾਣਗੀਆਂ। ਸਿਟਾ ਇਹ ਨਿਕਲੇਗਾ ਕਿ ਧਾਰਮਕ ਪ੍ਰਚਾਰ ਵੀ ਹੁੰਦਾ ਰਹੇਗਾ ਅਤੇ ਇਹ ਬੀਮਾਰੀਆਂ ਵੀ ਨਾਲ ਨਾਲ ਹੀ ਵਧਦੀਆਂ ਫੁਲਦੀਆਂ ਰਹਿਣਗੀਆਂ। ਇਨ੍ਹਾਂ ਬੀਮਾਰੀਆਂ ਦੀ ਜੜ੍ਹ—ਜੇ ਅਸੀਂ ਲੁੱਟੂ ਢਾਂਚੇ ਨੂੰ ਹੀ ਖਤਮ ਨਹੀਂ ਕਰਾਂਗੇ ਤਾਂ

ਇਹ ਕਿਵੇਂ ਖ਼ਤਮ ਹੋ ਜਾਵੇਗੀ। ਸੋ ਇਨ੍ਹਾਂ ਧਾਰਮਕ ਮੰਗਾਂ ਅਤੇ ਵਧੇਰੇ ਅਧਿਕਾਰਾਂ ਦਾ ਮਸਲਾ ਪੰਜਾਬ ਦੇ ਆਰਥਕ ਸੰਕਟ ਨੂੰ ਹੋਰ ਵੀ ਡੂੰਘਾ ਕਰ ਦੇਵੇਗਾ। ਜਦ ਤੋਂ ਇਹ ਇਹ ਫਿਰਕੂ ਅੰਦੋਲਨ ਪੰਜਾਬ ਵਿਚ ਸ਼ੁਰੂ ਹੋਇਆ ਹੈ ਤਾਂ ਕਿਸਾਨ—ਸਿਖ ਅਤੇ ਗੈਰ ਸਿਖ ਦੋਨੋਂ ਹੀ, ਆਪਣੇ ਆਰਥਕ ਮਸਲਿਆਂ ਨੂੰ ਭੁਲਕੇ 'ਸਿਖ ਇਕ ਵਖਰੀ ਕੌਮ' 'ਧਰਮ ਯੁੱਧ' ਅਤੇ ਅਕਾਲੀ ਮੋਰਚੇ ਬਾਰੇ ਵਧ ਸੋਚਣ ਲਗ ਪਏ ਹਨ। ਇਥੇ ਸਾਡੀਆਂ ਅਖਬਾਰਾਂ ਦਾ ਨਾਂਹ ਪੱਖੀ ਰੋਲ ਵੀ ਸਾਡੇ ਸਾਹਮਣੇ ਹੈ—ਜਦੋਂ ਅਖਬਾਰ ਦੇ ਪਹਿਲੇ ਸਫੇ ਤੇ ਮੋਟੇ ਸ਼ਬਦਾਂ ਵਿਚ ਇਹ ਲਿਖਿਆ ਹੁੰਦਾ ਹੈ—'ਕੇਂਦਰ ਅਤੇ ਅਕਾਲੀਆਂ ਵਿਚਕਾਰ ਗਲਬਾਤ ਟੁਟ ਗਈ' ਤਾਂ ਅਖਬਾਰ ਦੇ ਬਿਲਕੁਲ ਹੇਠਾਂ ਇਹ ਲਿਖਿਆ ਹੁੰਦਾ ਹੈ ਕਿ ਬਿਜਲੀ ਦੀਆਂ ਮੋਟਰਾਂ ਦੀ ਸੀਕਿਉਰਿਟੀ 500 ਰੁ: ਤੋਂ ਵਧਾਕੇ ਤਿੰਨ ਹਜ਼ਾਰ ਕਰ ਦਿਤੀ ਗਈ ਹੈ। ਪੰਜਾਬ ਦਾ ਕਿਸਾਨ ਤਾਂ ਪਹਿਲਾਂ ਹੀ ਪਾਣੀ ਅਤੇ ਬਿਜਲੀ ਦੇ ਵਧੇ ਹੋਏ ਰੇਟ, ਖਾਦਾਂ ਦੇ ਵਧੇ ਹੋਏ ਰੇਟ ਅਤੇ ਹੋਰ ਟੈਕਸਾਂ ਦੇ ਬੋਝ ਹੇਠ ਕਰਾਹ ਰਿਹਾ ਹੈ। ਸਮਕਾਲੀ ਸਿਆਸੀ ਸਥਿਤੀ ਦਾ ਵਿਅੰਗ ਇਹ ਹੈ ਕਿ ਉਸਨੂੰ ਇਸ ਬੋਝ ਹੇਠੋਂ ਕਢਣ ਦੀ ਬਜਾਏ ਅਤੇ ਇਸ ਅੰਨ੍ਹੀ ਲੁਟ ਵਿਰੁਧ ਲੜਾਈ ਲਈ ਤਿਆਰ ਕਰਨ ਦੀ ਥਾਂ ਉਹਦੇ ਧਿਆਨ ਅਤੇ ਸ਼ਕਤੀ ਨੂੰ ਕੁਰਾਹੇ ਪਾ ਕੇ ਉਹਨੂੰ ਇਸ ਨਿਹੱਕੀ ਧਾਰਮਕ ਅਤੇ ਫਿਰਕੂ ਲੜਾਈ ਵਿਚ ਝੋਕਿਆ ਜਾ ਰਿਹਾ ਹੈ। ਇਵੇਂ ਸਾਧਾਰਣ ਕਿਸਾਨ ਆਪਣੇ ਹਿਤਾਂ ਨੂੰ ਮੁਠੀ ਭਰ ਸਿੱਖ ਜਗੀਰਦਾਰਾਂ ਦੇ ਹਿਤ ਸਮਝਣ ਲਗ ਪਏ ਹਨ। ਇਸ ਤਰ੍ਹਾਂ ਭਿੰਡਰਾਂ ਵਾਲੇ ਦਾ ਲੋਕਾਂ ਨੂੰ ਹਥਿਆਰਬੰਦ ਕਰਨ ਦਾ ਹੋਕਾ ਅਸਲ ਵਿਚ ਲੋਕਾਂ ਦੇ ਹੱਕੀ ਘੋਲਾਂ ਨੂੰ ਤਬਾਹ ਕਰਨ ਦਾ ਹੋਕਾ ਹੈ। ਲੁਟੇਰੀ ਜਮਾਤ ਦੀ ਮੰਤਵ ਸਿਧੀ ਕਰਨ ਵਾਲਾ ਇਹ ਨਾਅਰਾ ਸਿਰਫ ਮਸੰਦ ਹੀ ਦੇ ਸਕਦੇ ਹਨ।

**ਕੇਂਦਰ ਦਾ ਅਖੌਤੀ ਵਿਰੋਧ** : ਕੀ ਅਜੋਕੀਆਂ ਬੁਰਜੂਆ ਸਿਆਸੀ ਪਾਰਟੀਆਂ ਅਤੇ ਅਕਾਲੀ ਪਾਰਟੀ ਵਰਗੀਆਂ ਫਿਰਕੂ ਜਥੇਬੰਦੀਆਂ ਕੇਂਦਰ ਦਾ ਸਚਮੁਚ ਹੀ ਵਿਰੋਧ ਕਰ ਰਹੀਆਂ ਹਨ ਜਾਂ ਇਹ ਸਾਰਾ ਅਖੌਤੀ ਵਿਰੋਧ ਹੀ ਹੈ। ਅਸਲੀਅਤ ਇਹ ਹੈ ਕਿ ਇਹ ਫਿਰਕੂ ਤਾਕਤਾਂ ਜਾਂ ਜਥੇਬੰਦੀਆਂ ਕੇਂਦਰ ਦਾ ਝੂਠਾ ਵਿਰੋਧ ਕਰਕੇ ਆਪਣੇ ਸੌੜੇ ਸੁਆਰਥੀ ਹਿਤ ਹੀ ਪੂਰੇ ਕਰ ਰਹੀਆਂ ਹਨ ਅਤੇ ਦੂਸਰੇ ਪਾਸੇ ਹਾਕਮ ਜਮਾਤਾਂ (ਟਾਟੇ ਬਿਰਲਿਆਂ) ਦੀ ਉਮਰ ਲੰਬੀ ਕਰ ਰਹੀਆਂ ਹਨ। ਇਹਨਾਂ ਫਿਰਕੂ ਤਾਕਤਾਂ ਦਾ ਕੇਂਦਰ ਨਾਲ ਕੋਈ ਸਿਧਾ ਟਕਰਾਅ ਤਾਂ ਨਹੀਂ ਬਣਿਆ ਪਰ ਇਹ ਲੋਕਾਂ ਨੂੰ ਲੋਕਾਂ ਨਾਲ ਲੜਾ ਕੇ ਟਕਰਾਅ ਦੀ ਸਥਿਤੀ ਜ਼ਰੂਰ ਪੈਦਾ ਕਰ ਰਹੀਆਂ ਹਨ।

ਅਜ ਅਸੀਂ ਅਕਾਲੀ ਲੀਡਰਾਂ ਦੀਆਂ ਭੜਕਾਊ ਅਤੇ ਧੂਆਂਧਾਰ ਤਕਰੀਰਾਂ ਸੁਣਕੇ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਪੰਜਾਬ ਵਿਚ ਮਸਲਾ ਸਿਰਫ ਵਧੇਰੇ ਅਧਿਕਾਰਾਂ ਦਾ ਹੀ ਹੈ ਜਾਂ ਕੁਝ ਹੋਰ ਵੀ। ਅਜ ਕਿਵੇਂ ਇਨ੍ਹਾਂ ਲੀਡਰਾਂ ਵਲੋਂ ਪੰਜਾਬ ਵਿਚ ਵਧੇਰੇ ਅਧਿਕਾਰਾਂ ਦੇ ਨਾਂ ਤੇ ਇਹ ਬਹੁਤ ਵੱਡੇ ਝੂਠ ਨੂੰ ਸੱਚ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ ਅਤੇ ਸਾਧਾਰਣ ਸਿੱਖ ਕਿਸਾਨਾਂ ਦੇ ਧਾਰਮਕ ਜਜ਼ਬਾਤਾਂ ਨੂੰ ਭੜਕਾਕੇ ਉਨ੍ਹਾਂ ਨੂੰ ਵਰਗ-ਲਾਇਆ ਜਾ ਰਿਹਾ ਹੈ।

ਜੇ ਸਿਖ ਜਨੂੰਨੀਆਂ ਨੇ ਪੰਜਾਬ ਦੇ ਫਿਰਕੂ ਮਹੌਲ ਨੂੰ ਭੜਕਾਉਣ ਵਿਚ ਘਟ ਨਹੀਂ ਕੀਤੀ ਤਾਂ ਹਿੰਦੂ ਜਨੂੰਨੀਆਂ ਨੇ ਵੀ ਆਪਣੇ ਹੀ ਢੰਗ ਨਾਲ ਇਸ ਮਹੌਲ ਨੂੰ ਖਰਾਬ ਕਰਨ ਵਿਚ ਘਟ ਹਿੱਸਾ ਨਹੀਂ ਪਾਇਆ। ਪਿੱਛੇ ਜਿਹੇ ਅਮ੍ਰਿਤਸਰ ਵਿਚ ਹੋਏ ਵਿਸ਼ਵ ਹਿੰਦੂ ਸੰਮੇਲਨ ਵਿਚ—ਹਿੰਦੂ ਮਹੰਤਾਂ ਅਤੇ ਲੀਡਰਾਂ ਨੇ ਵੀ ਹਿੰਦੂਆਂ ਨੂੰ ਜਨੇਊ ਪਹਿਨਣ ਅਤੇ ਆਪਣੀ ਸੁਰਖਿਆ ਲਈ ਤ੍ਰਿਸ਼ੂਲ ਰਖਣ ਦੀਆਂ ਹਦਾਇਤਾਂ ਕੀਤੀਆਂ ਹਨ। ਉਨ੍ਹਾਂ ਨੇ ਵੀ ਧਾਰਮਕ ਸਹਿਣਸ਼ੀਲਤਾ ਦਾ ਨਹੀਂ ਸਗੋਂ ਹਿੰਦੂਆਂ ਅਤੇ ਗੈਰ ਹਿੰਦੂਆਂ ਵਿਚਕਾਰ ਟਕਰਾਅ ਦੀ ਸਥਿਤੀ ਪੈਦਾ ਕਰਨ ਲਈ ਭੜਕਾਊ ਤਕਰੀਰਾਂ ਹੀ ਕੀਤੀਆਂ ਹਨ। ਇਹ ਤਾਂ ਠੀਕ ਹੈ ਕਿ ਜੇ ਸਿਖ ਜਨੂੰਨੀ ਅਜੇਹਾ ਫਿਰਕਾਪ੍ਰਸਤੀ ਦਾ ਪ੍ਰਚਾਰ ਨਾ ਕਰਦੇ ਤਾਂ ਹਿੰਦੂ ਵੀ ਅਜੇਹਾ ਨਾ ਕਰਦੇ ਕਿਉਂਕਿ ਕਿਸੇ ਵੀ ਵਧੀਕੀ ਦਾ ਪ੍ਰਤੀਕਰਮ ਤਾਂ ਹੋਣਾ ਹੀ ਹੁੰਦਾ ਹੈ। ਫਿਰ ਵੀ ਹਿੰਦੂਆਂ ਨੂੰ ਅਜੇਹੇ ਪਿਛਾਂਹਖਿਚੂ ਪ੍ਰਚਾਰ ਤੋਂ ਬਚਣਾ ਹੀ ਚਾਹੀਦਾ ਹੈ ਨਹੀਂ ਤਾਂ ਮਹੌਲ ਹੋਰ ਵੀ ਖਰਾਬ ਹੋ ਜਾਵੇਗਾ।

**ਧਰਮ ਦੇ ਨਾਂ ਤੇ ਸਥਾਪਤ ਹੋਏ ਰਾਜਾਂ ਦਾ ਹਸ਼ਰ** : ਸੰਸਾਰ ਵਿਚ ਜਿਹੜੇ ਵੀ ਰਾਜ ਧਰਮ ਜਾਂ ਮਜ਼ਬ ਦੇ ਨਾਂ ਤੇ ਹੋਂਦ ਵਿਚ ਆਏ ਜਾਂ ਸਥਾਪਤ ਹੋਏ—ਉਨ੍ਹਾਂ ਦਾ ਕੀ ਹਸ਼ਰ ਹੋਇਆ ਸਥਿਤੀ ਸਾਡੇ ਸਾਹਮਣੇ ਸਪਸ਼ਟ ਹੈ। ਸਾਡੇ ਗੁਆਂਢ ਵਿਚ ਪਾਕਿਸਤਾਨ ਅਤੇ ਮਧ ਪੂਰਬ ਵਿਚ ਈਰਾਨ ਵਰਗੇ ਦੇਸ਼ ਧਰਮ ਦੇ ਨਾਂ ਤੇ ਹੀ ਸਥਾਪਤ ਹੋਏ ਹਨ। ਪਾਕਿਸਤਾਨ ਵਿਚ ਫੌਜੀ ਤਾਨਾਸ਼ਾਹਾਂ ਨੇ ਬੁਰਜੂਆ ਜਮਹੂਰੀਅਤ ਨੂੰ ਖਤਮ ਕਰਕੇ—ਲੋਕ ਸਭਾ ਤੇ ਰਾਜ ਸਭਾ ਭੰਗ ਕਰਕੇ ਇਸਲਾਮੀ ਵਿਧਾਨ ਲਾਗੂ ਕੀਤਾ—ਪਾਰਲੀਮਾਨੀ ਢਾਂਚੇ ਵਾਲੀਆਂ ਅਦਾਲਤਾਂ ਖਤਮ ਕਰਕੇ ਇਸਲਾਮੀ ਅਦਾਲਤਾਂ ਕਾਇਮ ਕਰਕੇ ਮਧ ਕਾਲ ਦੀਆਂ ਸਜ਼ਾਵਾਂ ਅਪਰਾਧੀਆਂ ਲਈ ਲਾਗੂ ਕੀਤੀਆਂ। ਉਥੇ ਅਪਰਾਧੀਆਂ ਉਤੇ ਕੇਸ ਚਲਾਕੇ ਅਦਾਲਤਾਂ ਫੈਸਲਾ ਸੁਣਾਕੇ ਯੋਗ ਸਜ਼ਾ ਨਹੀਂ ਦਿੰਦੀਆਂ

ਸਗੋਂ ਕੋਰੜਿਆਂ ਨਾਲ ਉਹਨਾਂ ਨੂੰ ਸਰੀਰਕ ਤੌਰ ਤੇ ਸਦਾ ਲਈ ਨਕਾਰਾ ਕਰ ਦਿਤਾ ਜਾਂਦਾ ਹੈ। ਜਿਹੜੀ ਔਰਤ ਸਦੀਆਂ ਤੋਂ ਸਮਾਜ ਅਤੇ ਮਰਦ ਦੀ ਗੁਲਾਮ ਰਹੀ ਸੀ ਅਤੇ ਬੁਰਜੂਆ ਜਮਹੂਰੀਅਤ ਦੀ ਹਵਾ ਲਗਣ ਤੇ ਜਿਸਨੂੰ ਥੋੜੀ ਜਿਹੀ ਘਰੋਂ ਬਾਹਰ ਆਉਣ ਦੀ ਅਜ਼ਾਦੀ ਮਿਲੀ ਸੀ—ਉਸਨੂੰ ਮੁੜ 'ਪਰਦੇ ਦੀ ਅਧਿਕਾਰੀ' ਬਣਾ ਦਿਤਾ ਗਿਆ। ਈਰਾਨ ਵਿਚ ਦੇਖੋ, ਕਿਵੇਂ ਖੋਮੀਨੀ ਨੇ ਬੁਰਜੂਆ ਜਮਹੂਰੀਅਤ ਦੀਆਂ ਸਾਰੀਆਂ ਅਜ਼ਾਦੀਆਂ ਨੂੰ ਕੁਚਲਕੇ ਅਜੇਹੀ ਫਿਰਕੂ ਹਨੇਰੀ ਚਲਾਈ ਕਿ ਸਾਰੇ ਇਨਸਾਫਪਸੰਦ ਵਿਅਕਤੀਆਂ ਦਾ ਕਤਲੇਆਮ ਸ਼ੁਰੂ ਕਰ ਦਿਤਾ। ਇਸਲਾਮ ਦੀ ਮਧਕਾਲ ਦੀ ਸ਼ਰ੍ਹਾ ਲੋਕਾਂ ਉਤੇ ਮੁੜ ਠੋਸ ਦਿਤੀ ਗਈ—ਔਰਤ ਨੂੰ ਚਾਰ ਦੀਵਾਰੀ ਦੀ ਮੁੜ ਗੁਲਾਮ ਬਣਾ ਦਿਤਾ ਗਿਆ। ਇਸ ਲਈ ਜੇ ਇਥੇ ਵੀ ਧਰਮ ਦੇ ਨਾਂ ਤੇ ਖਾਲਸਤਾਨ ਕਾਇਮ ਕਰ ਦਿਤਾ ਗਿਆ, ਇਹ ਇਕ ਤਲਖ ਹਕੀਕਤ ਹੈ ਕਿ ਇਥੇ ਵੀ ਸੰਤ ਭਿੰਡਰਾਂ ਵਾਲਾ ਜਾਂ ਉਹਦੇ ਪੈਰੋਕਾਰ ਓਹੀ ਕੁਝ ਕਰਨਗੇ ਜੋ ਕੁਝ ਈਰਾਨ ਵਿਚ ਅਜ ਖੋਮੀਨੀ ਕਰ ਕਰ ਰਿਹਾ ਹੈ। ਪੰਜਾਬ ਵਿਚ ਖਾਲਿਸਤਾਨ ਦੀ ਉਤਪਤੀ ਜਾਂ ਸਥਾਪਨਾ ਦਾ ਅਰਥ ਹੋਵੇਗਾ ਇਥੇ ਪੰਜਾਬ ਦੀ ਹਿੰਦੂਆਂ ਸਿਖਾਂ ਦੀ ਸਾਂਝੀ ਧਰਤੀ ਉਤੇ ਇਕ ਹੋਰ ਪਾਕਿਸਤਾਨ ਦੀ ਸਥਾਪਨਾ ਕਰਨਾ ਅਤੇ ਫਿਰਕੂ ਦੰਗੇ ਕਰਵਾਕੇ 1947 ਦੇ ਖੂਨੀ ਕਾਂਡ ਨੂੰ ਦੁਹਰਾਣਾ। ਜਿਹੜੇ ਲੋਕ ਹਿੰਦੂਆਂ **ਸਿਖਾਂ ਦੀ ਲਾਸ਼ ਉਤੇ 'ਖਾਲਿਸਤਾਨ' ਦੀ ਸਥਾਪਨਾ ਕਰਨਾ ਚਾਹੁੰਦੇ ਹਨ—ਉਹ ਸਮੁਚੀ ਮਾਨਵਤਾ ਦੇ ਪੈਗੰਬਰ** ਗੁਰੂ ਨਾਨਕ ਦੇ ਪੈਰੋਕਾਰ ਨਹੀਂ ਹੋ ਸਕਦੇ, ਔਰੰਗਜ਼ੇਬੀ ਜ਼ੁਲਮ ਨਾਲ ਟੱਕਰ ਲੈਣ ਵਾਲੇ ਮਹਾਨ ਗੁਰੂ ਗੋਬਿੰਦ ਸਿੰਘ ਦੇ ਸਿੰਘ ਨਹੀਂ ਹੋ ਸਕਦੇ। ਗੁਰੂ ਨਾਨਕ ਵਰਗੇ ਮਹਾਨ ਪੈਗੰਬਰ—ਜਿਸਨੇ ਹਿੰਦੂ ਮੁਸਲਮਾਨਾਂ ਦੇ ਸਾਂਝੇ ਭਾਈਚਾਰੇ ਲਈ ਆਪਣੇ ਆਖਰੀ ਦਮ ਤਕ ਸੰਦੇਸ਼ ਦਿਤਾ। ਜੇ ਉਹਦੇ ਅਖੌਤੀ ਪੈਰੋਕਾਰ ਉਹਦਾ ਨਾਂ ਲੈ ਕੇ ਅੱਜ ਅਮਲ ਔਰੰਗਜ਼ੇਬ ਵਾਲਾ ਕਰ ਰਹੇ ਹੋਣ ਤਾਂ ਸਾਨੂੰ ਇਹ ਕੀ ਅਰਥ ਲੈਣੇ ਚਾਹੀਦੇ ਹਨ? ਇਹ ਪ੍ਰਸ਼ਨ ਅਜ ਸਾਡੇ ਸਾਰਿਆਂ ਦੇ ਸਾਹਮਣੇ ਮੂੰਹ ਅੱਡੀ ਖੜਾ ਹੈ। 'ਸਿਖ ਇਕ ਅਲਗ ਕੌਮ' ਦਾ ਭੂਤ ਪਤਾ ਨਹੀਂ ਸਾਡੇ ਸਿਖ ਭਰਾਵਾਂ ਦੇ ਦਿਮਾਗ ਵਿਚ ਕਿਥੋਂ ਘੁਸ ਗਿਆ ਹੈ—ਅਜੇ ਕਲ੍ਹ ਹੀ ਅਸੀਂ ਸਿਖੀ ਅਤੇ ਹਿੰਦੂ ਧਰਮ ਵਿਚ ਆਈਆਂ ਬੁਰਾਈਆਂ ਨੂੰ ਸ਼ਰੇਆਮ ਭੰਡ ਸਕਦੇ ਸਾਂ—ਕਲ੍ਹ ਜਿਹੜੇ ਸਾਡੇ ਦੋਸਤ ਸਨ ਅਜ ਓਹੀ ਲੋਕ ਸਾਡੇ ਦੁਸ਼ਮਣ ਬਣਦੇ ਜਾ ਰਹੇ ਹਨ। ਇਹ ਸਾਰਾ ਕੁਝ ਕਿਉਂ? ਸਾਨੂੰ ਇਹ ਸਭ ਕੁਝ ਸੋਚਦੇ ਹੀ ਅਕਾਲੀਆਂ ਦੇ ਇਸ ਪਿਛਾਂਹ ਖਿਚੂ ਅੰਦੋਲਨ ਦਾ ਸਮਰਥਕ ਜਾਂ ਵਿਰੋਧ ਕਰਨਾ ਚਾਹੀਦਾ ਹੈ।

ਸਿੱਟਾ: ਪੰਜਾਬ ਵਿਚ ਸਿਖ ਜਨੂੰਨੀਆਂ ਵਲੋਂ ਚਲਾਈ ਗਈ ਇਸ ਫਿਰਕੂ ਲਹਿਰ ਦਾ ਵਿਰੋਧ ਕਰਨ ਲਈ ਇਥੋਂ ਦੀਆਂ ਜਮਹੂਰੀ ਸ਼ਕਤੀਆਂ ਨੂੰਹੀ ਅੱਗੇ ਆਉਣਾ ਪੈਣਾ ਹੈ। ਅਜ ਪੰਜਾਬ ਦੀਆਂ ਜਮਹੂਰੀ ਤਾਕਤਾਂ ਅਤੇ ਬੁਧੀਜੀਵੀ ਆਗੂਆਂ ਸਾਹਮਣੇ ਵਧੇਰੇ ਅਧਿਕਾਰਾਂ ਦੇ ਮਸਲੇ ਤੋਂ ਵੀ ਵੱਡਾ ਮਸਲਾ ਪੰਜਾਬ ਦੇ ਫਿਰਕੂ ਮਹੌਲ ਨੂੰ ਸ਼ਾਂਤ ਕਰਨਾ ਅਤੇ ਮਿਹਨਤਕਸ਼ ਹਿੰਦੂਆਂ ਸਿਖਾਂ ਨੂੰ ਸਹੀ ਸੇਧ ਦੇਣਾ ਹੋਣਾ ਚਾਹੀਦਾ ਹੈ। ਇਤਿਹਾਸ ਦੇ ਪਹੀਏ ਨੂੰ ਅਗਾਂਹ ਤੋਰਨ ਲਈ ਜਮਹੂਰੀ ਸ਼ਕਤੀ ਨੂੰ ਇਸ ਪਿਛਾਂਹ ਖਿਚੂ ਲਹਿਰ ਦਾ ਡਟਕੇ ਮੁਕਾਬਲਾ ਕਰਨਾ ਚਾਹੀਦਾ ਹੈ—ਅਤੇ ਪਿਛਾਂਹਖਿਚੂਵਾਦ ਦਾ ਹਰ ਪੱਧਰ ਤੇ ਵਿਰੋਧ ਕਰਦਿਆਂ ਲੋਕਾਂ ਨੂੰ ਆਰਥਕ ਘੋਲਾਂ ਵਿਚ ਪਾਉਣ ਲਈ ਰਾਹ ਸਾਫ ਕਰਨਾ ਚਾਹੀਦਾ ਹੈ।

**ਗੁਰਬਖਸ਼ ਜੱਸ**

---

## 2 ਅਨੰਦਪੁਰ ਰੇਜ਼ੂਲੇਸ਼ਨ ਸੰਬੰਧੀ ਵਿਵਾਦ

ਡੂੰਘੀ ਨਜ਼ਰ ਨਾਲ ਦੇਖਿਆ ਜਾਏ ਤਾਂ ਅੱਜ ਜੋ ਅਨੰਦਪੁਰ ਦੇ ਮਤੇ ਨੂੰ ਲੈ ਕੇ ਘੋਲ ਵਿੱਢਿਆ ਹੈ; ਉਹ ਕਿਰਤ ਕਰਦੇ ਹਰ ਵਰਗ ਦੇ ਕਿਰਤੀ ਲੋਕਾਂ ਦੇ ਹੱਕ ਵਿਚ ਨਹੀਂ ਹੈ। ਏਸ ਘੋਲ ਨੂੰ ਅਸੀਂ ਲੋਕ-ਪੱਖੀ ਨਹੀਂ ਕਹਿ ਸਕਦੇ—ਕੁਝ ਖੁਦਗਰਜ਼ ਧਨ-ਕੁਬੇਰਾਂ ਲਈ ਕੁਰਸੀ-ਘੋਲ ਜ਼ਰੂਰ ਕਹਿ ਸਕਦੇ ਹਾਂ, ਏਸ ਗੱਲ ਲਈ ਵਿਰਸਾ ਫਰੋਲਣ ਦੀ ਲੋੜ ਹੈ। ਮੇਰੀ ਅਕਾਲੀਆਂ ਨਾਲ ਕੋਈ ਕਿਸੇ ਕਿਸਮ ਦੀ ਨਿੱਜੀ ਦੁਸ਼ਮਣੀ ਨਹੀਂ ਹੈ, ਮੈਂ ਤਾਂ ਕਿਰਤ ਦੇ ਧਨੀ ਐਪਰ ਰਿਜ਼ਕ ਦੇ ਹੀਣੇ, ਹਰ ਵਰਗ ਦੇ ਲੁੱਟੇ ਪੁੱਟੇ ਜਾਣ ਵਾਲੇ ਲੋਕਾਂ ਦੇ ਪਲੇਟ-ਫਾਰਮ ਤੋਂ ਗੱਲ ਕਰ ਰਿਹਾ ਹਾਂ। ਹਾਕਮ ਜਮਾਤ ਕੋਈ ਸਾਡੇ ਮਾਮੇ ਦੀ ਧੀ ਨਹੀਂ (ਸਮੁੱਚੇ ਖੁਦਗਰਜ਼ ਵੋਟਾਂ-ਵੋਟਰੂ ਟੋਲਿਆਂ ਬਾਰੇ ਹੀ ਗੱਲ ਕਰ ਰਿਹਾ ਹਾਂ)।

### 'ਅੰਨ੍ਹਾ ਕੀ ਜਾਣੇ ਬਸੰਤ ਦੀ ਬਾਹਰ'

ਅਮੀਰਜ਼ਾਦੇ ਕੀ ਜਾਣਦੇ ਐ ਕਿ ਗ਼ਰੀਬੀ ਕੀ ਚੀਜ਼ ਹੈ? ਅਨੰਦਪੁਰ ਦੇ ਮਤੇ ਦਾ ਬਹਾਨਾ ਬਣਾ ਕੇ ਇਹ ਧਨੀ-ਕਿਸਾਨ, ਜਗੀਰਦਾਰ, ਟਰਾਂਸਪੋਰਟਰ ਆਦਿ ਇਕੱਠੇ ਹੋ ਕੇ ਕੁਰਸੀ ਨੂੰ ਜੱਫਾ ਪਾਉਣਾ ਲੋਚਦੇ ਐ। ਜੇ ਨਹੀਂ ਤਾਂ ਪਿਛਲਾ ਇਤਿਹਾਸ ਫਰੋਲ ਕੇ ਦੇਖ ਲਵੋ? ਸ੍ਰੀ ਐਮ. ਸੀ. ਭਾਰਦਵਾਜ ਜੀ ਹੋਣਾ ਨੇ ਇਹ ਚੰਗੀ ਗੱਲ ਕੀਤੀ ਐ, ਜਿਹੜਾ ਅਨੰਦਪੁਰ ਬਾਰੇ 'ਸਮਤਾ' ਫਰਵਰੀ ਅੰਕ 1983 ਵਿਚ ਆਰਟੀਕਲ ਲਿਖ ਕੇ ਇਕ ਵਾਦ-ਵਿਵਾਦ ਖੜ੍ਹਾ ਕੀਤਾ ਹੈ!

ਮੇਰਾ ਖ਼ਿਆਲ ਐ ਕਿ ਵੱਧ ਅਧਿਕਾਰ ਤਾਂ ਕੀ ਪੂਰੇ ਅਧਿਕਾਰਾਂ ਦੇ ਹੀ, ਜਿਉਂਦੀ-ਜਾਗਦੀ ਜ਼ਮੀਰ ਵਾਲਾ ਮਨੁੱਖ ਕੋਈ ਵੀ ਖਿਲਾਫ਼ ਨਹੀਂ ਹੋਵੇਗਾ ? ਜੇ ਇਹ ਅਧਿਕਾਰ ਮਿਲ ਜਾਣ ਤਾਂ ?...ਪਰ...ਕੀਹਨੂੰ ?? "...ਕਿਰਤ ਦੇ ਧਨੀ ਐਪਰ ਰਿਜ਼ਕ ਦੇ ਹੀਣੇ ਹਰ ਵਰਗ ਦੇ ਲੁੱਟੇ-ਪੁੱਟੇ ਜਾਣ ਵਾਲੇ ਲੋਕਾਂ ਨੂੰ (ਮੁਲਾਜਮ, ਮਜ਼ਦੂਰ, ਕਿਸਾਨ ਆਦਿ) !" ਹਿੰਦੁਸਤਾਨ ਦਾ ਮੌਜੂਦਾ ਪ੍ਰਬੰਧਕੀ ਢਾਂਚਾ (ਸੰਵਿਧਾਨ) ਜੀਹਦੇ ਉੱਪਰ ਦਲਾਲ ਸਰਮਾਏਦਾਰੀ ਦਾ ਕਬਜ਼ਾ ਹੈ ਤੇ ਸਾਮਰਾਜ ਦੇ ਕਸੂਤੇ ਸ਼ਿਕੰਜੇ ਵਿਚ ਹੈ—ਇਹ (ਮੌਜੂਦਾ ਸੰਵਿਧਾਨ) ਏਥੋਂ ਦੇ ਹਰ ਵਰਗ ਦੇ ਮਿਹਨਤੀ ਤੇ ਦਰੜੇ ਕੁਚਲੇ ਜਾਂਦੇ ਲੋਕਾਂ ਨੂੰ ਨਿਆਂ ਤੇ ਅਧਿਕਾਰ ਨਹੀਂ ਦੇ ਸਕਦਾ। ਇਹ ਪ੍ਰਬੰਧਕੀ ਢਾਂਚਾ ਉਨ੍ਹਾਂ ਮੁੱਠੀ-ਭਰ ਧਨੀ-ਲੁਟੇਰਿਆਂ ਦੇ ਹੱਕ ਵਿਚ ਹੀ ਭੁਗਤਦਾ ਹੈ—ਭਾਵੇਂ ਉਹ ਗੱਦੀਆਂ ਤੇ ਕਾਬਜ ਹੋਣ ਤੇ ਭਾਵੇਂ ਵਿਰੋਧੀ ਸਫ਼ਾ ਅੰਦਰ—ਜਿਹੜੇ ਅੱਜ ਪੰਜਾਬ ਦੇ ਤਾਂ ਕੀ ? ਹਿੰਦੁਸਤਾਨ ਦੇ ਦਰੜੇ-ਕੁਚਲੇ ਜਾਂਦੇ ਹਰ—ਵਰਗ ਦੇ ਮਿਹਨਤੀ ਲੋਕਾਂ ਦੇ ਜਜ਼ਬਾਤਾਂ ਨੂੰ ਖਾਹ-ਮ-ਖਾਹ ਅੱਗ-ਭੰਬੂਕਾ ਬਣਾ ਰਹੇ ਨੇ—"ਕੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ-ਪੰਥ ਏਸੇ ਲਈ ਸਾਜਿਆ ਸੀ ਕਿ ਲੋਕਾਂ ਨਾਲ ਵਾਅਦੇ ਕਰ ਕਰ ਕੇ ਮੁੱਕਰ ਜਾਓ ? ਹੱਕ-ਮੰਗਦੇ ਲੋਕਾਂ, ਮਜ਼ਲੂਮਾਂ ਮੁਲਾਜ਼ਮਾਂ (ਹਰ ਵਰਗ ਦੇ) ਮਜ਼ਦੂਰਾਂ ਨੂੰ ਸ਼ਰ੍ਹੇਆਮ ਗੋਲੀਆਂ ਨਾਲ ਭੁੰਨ ਦਿਓ ਤਾਂ ਕੋਈ ਫਰਕ ਨਹੀਂ ? ਬਹੂ ਬੇਟੀਆਂ ਦੀ ਇੱਜ਼ਤ ਸ਼ਰ੍ਹੇ-ਬਾਜ਼ਾਰੀ ਲੁੱਟ ਲਓ ਤਾਂ ਕੋਈ ਫਰਕ ਨਹੀਂ ???! ਕੀ ਗੁਰੂ ਗੋਬਿੰਦ ਸਿੰਘ ਨੇ ਕੋਈ ਅਜਿਹਾ ਚੋਣ—ਮੈਨੀਫਿਸ਼ਟੋ ਵੀ ਤਿਆਰ ਕੀਤਾ ਸੀ ਕਿ—ਮਤਲਬ ਕੱਢ ਕੇ ਲੋਕਾਂ ਨੂੰ ਠੁੱਠ ਵਿਖਾਓ ??!

ਹੋਰ ਕੋਈ ਸਹਿਮਤ ਹੋਵੇ ਜਾਂ ਨਾ ਪਰ ਘੱਟੋ-ਘੱਟ ਸ੍ਰੀ ਐਮ. ਸੀ. ਭਾਰਦਵਾਜ ਜੀ ਦੇ ਏਸ ਖ਼ਿਆਲ ਨਾਲ ਮੈਂ ਤਾਂ ਬਿਲਕੁਲ ਹੀ ਸਹਿਮਤ ਨਹੀ ਹਾਂ ਤੇ ਨਾ ਹੀ ਹੋ ਸਕਦਾ ਕਿ—'ਅਕਾਲੀਆਂ ਦਾ ਇਹ ਮੋਰਚਾ ਵਧੇਰੇ ਅਧਿਕਾਰਾਂ ਲਈ ਹੈ'—ਏਸ ਨੂੰ ਕੁਰਸੀ-ਘੋਲ ਤਾਂ ਜ਼ਰੂਰ ਕਹਿ ਸਕਦੇ ਹਾਂ—ਸ: ਪ੍ਰਕਾਸ਼ ਸਿੰਘ ਬਾਦਲ ਹੋਣੀ ਕਦੇ ਦਿੱਲੀ ਵੱਲ ਨੂੰ ਭੱਜਦੇ ਐ ਤੇ ਕਦੇ ਕਿਵੇਂ ਤਰਲੋ-ਮੱਛੀ ਹੋ ਰਹੇ ਐ—ਕਿ ਪੰਜਾਬ ਵਿਚ ਕੁਲੀਸ਼ਨ ਸਰਕਾਰ ਬਣਨੀ ਚਾਹੀਦੀ ਐ—ਪੰਜਾਬ ਵਿਚ ਦਰਬਾਰਾ ਸਿੰਘ ਸਰਕਾਰ ਫੇਲ੍ਹ ਹੋ ਚੁੱਕੀ ਹੈ। ਇਸ ਗੱਲ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ—90% ਅਕਾਲੀ ਵੀਰਾਂ ਨੂੰ ਅਨੰਦਪੁਰ ਦੇ ਮਤੇ ਬਾਰੇ ਕੋਈ ਪਤਾ ਨਹੀਂ ਕਿ ਉਹਦੇ ਵਿਚ ਕੀ ਕੀ ਮੰਗਾਂ ਦਰਜ ਹਨ ? ਕਈ ਵਿਚਾਰੇ ਅਕਾਲੀ ਵਰਕਰ ਤਾਂ ਸਿਰਫ਼—ਗੁਰੂ ਗੋਬਿੰਦ ਸਿੰਘ ਦਾ ਨਾਂ ਸੁਣ ਕੇ ਹੀ ਕਿ ਉਨ੍ਹਾਂ ਨੇ ਖ਼ਾਲਸਾ-ਪੰਥ ਸਾਜਿਆ ਸੀ—ਉਹ ਵਿਚਾਰੇ ਏਸੇ ਕਰਕੇ ਹੀ ਅਕਾਲੀਆਂ ਨਾਲ ਤੁਰੇ ਆ ਰਹੇ ਹਾਂ—ਕਈ ਵਿਚਾਰੇ ਫਸੇ-ਫਸਾਏ—ਜੇ ਛੱਡਦੇ ਐ ਤਾਂ ਕੋਹੜੀ ਤੇ ਖਾਂਦੇ ਕਲੰਕੀ-ਵਾਲੀ ਗੱਲ ਐ—ਮੇਰੀ ਅਕਾਲੀ ਵੀਰਾਂ ਨਾਲ ਕੋਈ ਜ਼ਾਤੀ ਰੰਜਸ਼ ਨਹੀਂ ਹੈ ਕਿ ਮੈਂ ਇਹ ਗੱਲਾਂ ਏਸ ਲਈ ਕਹਿ ਰਿਹਾ ਹਾਂ—ਸਿੱਖੀ-ਸਿਦਕ ਨਾਲ ਹੁੰਦੀ ਐ ਤੇ ਇਹ ਸਿੱਖੀ ਮਾਦਾ, ਹਰ ਫਿਰਕੇ ਦੇ ਲੋਕਾਂ ਵਿਚ ਹੁੰਦੈ ਅਣਖ ਦੀ ਖ਼ਾਤਰ ਹਰ ਕੋਈ ਮਰ-ਮਿਟਣ ਲਈ ਤਿਆਰ ਹੁੰਦੈ—ਕਿਸੇ ਵੀ ਪਾਰਟੀ ਜਾਂ ਜੱਥੇਬੰਦੀ ਦਾ ਕੇਡਰ ਮਾੜਾ ਨਹੀਂ ਹੁੰਦਾ—ਹਮੇਸ਼ਾਂ ਲੀਡਰਸ਼ਿਪ ਮਾੜੀ ਹੁੰਦੀ ਐ !

ਸ੍ਰੀ ਐਮ. ਸੀ. ਭਾਰਦਵਾਜ ਜੀ ਦੇ ਏਸ ਖ਼ਿਆਲ ਨਾਲ ਵੀ ਸਹਿਮਤੀ ਨਹੀਂ ਪ੍ਰਗਟਾ ਸਕਦਾ ਕਿ—**"ਅਕਾਲੀ ਦਲ ਦਾ ਤਾਂ ਸਾਰਾ ਇਤਿਹਾਸ ਹੀ ਖਾੜਕੂ ਘੋਲਾਂ ਨਾਲ ਭਰਿਆ ਪਿਆ ਹੈ। ਏਸੇ ਪਾਰਟੀ ਵਲੋਂ ਅੰਗਰੇਜ਼ੀ ਸਾਮਰਾਜੀਆਂ ਵਿਰੁਧ ਲੜੇ ਗਏ ਘੋਲ, ਹਿੰਦੁਸਤਾਨ ਦੀ ਜੰਗੇ-ਆਜ਼ਾਦੀ ਦੇ ਇਤਿਹਾਸ ਵਿਚ ਸੁਨੈਹਰੀ ਚੈਪਟਰ ਵਜੋਂ ਜਾਣੇ ਜਾਇਆ ਕਰਨਗੇ ਬ-ਸ਼ਰਤ-ਏ ਜਦ ਵੀ ਕਦੇ ਨਿਰਪੱਖ ਇਤਿਹਾਸ ਲਿਖਿਆ ਗਿਆ !!!" (ਸਮਤਾ ਅੰਕ ਫਰਵਰੀ 1983, ਸਫ਼ਾ 5)**

ਸ੍ਰੀ ਭਰਦਵਾਜ ਹੋਣੀ ਜਾਂ ਤਾਂ ਜਾਣ ਬੁਝ ਕੇ ਹਕੀਕਤ ਨੂੰ ਛੁਪਾ ਰਹੇ ਐ ਤੇ ਜਾਂ ਫਿਰ ਇਹ ਵੀ ਇਕ ਭੇਦ ਵਾਲੀ ਗੱਲ ਐ—

13 ਅਪਰੈਲ 1919 ਨੂੰ ਜਿਸ ਜ਼ਾਲਮ ਓਡਵਾਇਰ ਨੇ ਜਲ੍ਹਿਆਂ ਵਾਲੇ ਬਾਗ ਵਿਚ ਹੱਕ ਮੰਗਦੇ ਨਿਹੱਥੇ ਪੰਜਾਬੀਆਂ ਨੂੰ ਗੋਲੀਆਂ ਨਾਲ ਭੁੰਨਿਆਂ ਸੀ। ਓਸੇ ਓਡਵਾਇਰ ਨੂੰ ਇਨ੍ਹਾਂ ਹੀ ਅਕਾਲੀਆਂ ਨੇ **'ਸਿਰੋਪਾ'** ਭੇਟ ਕੀਤਾ ਸੀ।" ਕੀ ਸ੍ਰੀ ਭਾਰਦਵਾਜ ਜੀ ਇਹ ਉਕਤ ਗੱਲ ਵੀ ਵਧ ਅਧਿਕਾਰਾਂ ਨਾਲ ਕੋਈ ਸੰਬੰਧ ਰਖਦੀ ਹੈ ਜਾਂ ਨਹੀਂ ? ਜੇ ਰਖਦੀ ਹੈ ਜਾਂ ਨਹੀਂ ਪਰ ਤੁਸੀਂ ਜੋ ਨਿਰਪਖ ਇਤਿਹਾਸ ਲਿਖਣਾ ਲੋਚਦੇ ਓ ਉਹਦੇ ਵਿਚ ਇਹ ਗੱਲ ਜ਼ਰੂਰੀ ਲਿਖਣੀ ਹੋਵੇਗੀ।

"ਨਨਕਾਣੇ ਸਾਹਿਬ ਗੁਰਦੁਆਰੇ ਵਿਚ ਕੀ ਉਹ ਨਰਾਇਣੂ ਇਨ੍ਹਾਂ ਦਾ ਹੀ ਸਿੱਖ ਭਾਈ ਨਹੀਂ ਸੀ ਜੀਹਨੇ ਆਪਣੀ ਐਸ਼-ਓ-ਇਸ਼ਰਤ ਖਾਤਰ (ਭਾਵ ਰੰਡੀ ਬਾਜ਼ੀ ਖਾਤਰ) ਪੰਜਾਬੀਆਂ ਦਾ ਕਤਲੇ-ਆਮ ਕਰਾਇਆ ? ਕੀ ਇਹ ਗੱਲ ਵੀ ਵਧ ਅਧਿਕਾਰਾਂ 'ਚ ਆਉਂਦੀ ਐ ??' ਆਉਂਦੀ ਹੋਵੇ ਭਾਵੇਂ ਨਾ ਪਰ ਭਾਰਦਵਾਜ ਜੀ ਤੁਸੀਂ

ਜੋ ਨਿਰਪੱਖ ਇਤਿਹਾਸ ਲਿਖਣਾ ਲੋਚਦੇ ਹੋ ਉਹਦੇ ਵਿਚ ਇਹ ਗੱਲਾਂ ਜ਼ਰੂਰ ਹੀ ਲਿਖ ਦੇਣੀਆਂ। ਏਥੇ ਹੀ ਬੱਸ ਨਹੀਂ--

1921-22 ਵਿਚ ਅੰਗਰੇਜ਼ ਸਾਮਰਾਜ ਦੇ ਖਿਲਾਫ ਜਦ "ਬੱਬਰ-ਅਕਾਲੀ ਲਹਿਰ ਉੱਠੀ ਤੇ ਜੀਹਨੇ ਅੰਗ-ਰੇਜ਼ੀ ਸਾਮਰਾਜ ਦੀ ਨੀਂਦ ਹਰਾਮ ਕਰ ਛਡੀ ਸੀ: ਅੰਗਰੇਜ਼ ਸਾਮਰਾਜ ਨੇ ਐਲਾਨ ਕਰ ਦਿਤਾ ਕਿ ਜਿਹੜਾ ਵੀ ਕੋਈ ਚਾਹ ਪਾਣੀ ਤਾਂ ਇਕ ਪਾਸੇ ਰਿਹਾ—ਸਤਿ ਸ੍ਰੀ ਅਕਾਲ ਬੁਲਾਉਂਦਾ ਵੀ ਸੁਣ ਵੇਖ ਲਿਆ ਤਾਂ ਉਹਦਾ ਘਰ-ਘਾਟ ਫੂਕ ਦਿਆਂਗੇ—ਉਸ ਵੇਲੇ ਸ਼ਰੋਮਣੀ ਕਮੇਟੀ ਹੋਂਦ ਵਿਚ ਆਈ, ਇਹਨੇ (ਸ਼ਰੋਮਣੀ ਕਮੇਟੀ ਨੇ) **'ਬੱਬਰ-ਅਕਾਲੀਆਂ'** ਦੇ ਖਿਲਾਫ਼ ਤੇ ਅੰਗਰੇਜ਼ ਸਰਕਾਰ ਦੇ ਹੱਕ ਵਿਚ ਮਤੇ ਪਾਸ ਕੀਤੇ—'ਅਸੀਂ ਸ਼ਰੋਮਣੀ ਕਮੇਟੀ, ਅਕਾਲੀ ਦਲ ਰਹਾਂਗੇ ਤੇ **'ਬੱਬਰ ਅਕਾਲੀਆਂ'** ਨੂੰ ਫੜਾਉਣ ਵਿਚ ਅੰਗਰੇਜ਼ ਸਾਮਰਾਜ ਦੀ ਮਦਦ ਕਰਾਂਗੇ (ਜੇਕਰ ਇਹਦੇ ਪ੍ਰਤੀ ਰੀਕਾਰਡ ਦੇਖਣ ਦੀ ਲੋੜ ਹੋਵੇ ਤਾਂ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਕੋਲ ਮੌਜੂਦ ਹੈ)।" ਤੇ ਇਹ ਕੁਝ ਸ਼ਰੋਮਣੀ ਕਮੇਟੀ ਦੇ ਅਕਾਲੀਆਂ ਨੇ ਕੀਤਾ ਵੀ।—ਸ੍ਰੀ ਭਾਰਦਵਾਜ ਜੀ ਕੀ ਇਹ ਗੱਲ ਵੀ ਤੁਸੀਂ ਅਕਾਲੀ ਦਲ ਦੇ ਨਿਰਪੱਖ ਇਤਿਹਾਸ ਵਿਚ ਦਰਜ ਕਰੋਗੇ? ਜਿਹੜਾ ਤੁਸੀਂ ਲਿਖਣਾ ਚਾਹੁੰਦੇ ਹੋ। ਏਥੇ ਹੀ ਬੱਸ ਨਹੀਂ—

"ਬੱਬਰ-ਅਕਾਲੀ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਅਨੰਦਪੁਰ (ਜਿਥੋਂ ਦੇ ਮਤੇ ਬਾਰੇ ਸ੍ਰੀ ਭਾਰਦਵਾਜ ਹੋਣੀ ਗੱਲ ਕਰਦੇ ਐ) ਵਿਖੇ ਇਕ ਸ਼ਹੀਦੀ ਬੁੰਗਾ ਬਣਿਆ ਹੋਇਆ ਸੀ ਕਿ–**'ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਬੁੰਗਾ'**। ਇਨ੍ਹਾਂ ਅਕਾਲੀਆਂ ਨੇ ਬੱਬਰ ਸ਼ਬਦ ਅੱਗੋਂ ਕੱਟ ਦਿਤਾ—ਹੋਲੇ ਮੁਹੱਲੇ ਵੇਲੇ ਉੱਥੇ ਇਕੱਠ ਹੁੰਦੈ ਤੇ 1945-46 ਵੇਲੇ ਜਦ ਉੱਥੇ ਇਕੱਠ ਹੋਇਆ ਤਾਂ ਰਹਿੰਦੇ-ਖੂੰਹਦੇ ਇਕੱੜ-ਦੁੱਕੜ **'ਬੱਬਰਾਂ'** ਨੇ ਓਸ ਵੇਲੇ ਦੀ ਉਥੋਂ ਦੀ ਕਮੇਟੀ ਕੋਲ ਇਤਰਾਜ਼ ਕੀਤਾ ਕਿ ਇਹ ਕਿਓਂ? ਤਾਂ ਇਨ੍ਹਾਂ ਅਕਾਲੀਆਂ ਨੇ ਓਥੇ ਉਨ੍ਹਾਂ ਬੱਬਰਾਂ ਕੋਲੋਂ ਮੁਆਫੀ ਮੰਗ ਕੇ ਆਪਣੀ ਜਾਨ ਛੁਡਾਈ ਤੇ ਓਸ **'ਸ਼ਹੀਦੀ ਬੁੰਗੇ'** ਉੱਪਰ **'ਬੱਬਰ'** ਸ਼ਬਦ ਦੁਬਾਰਾ ਲਿਖਿਆ। ਕੀ ਸ੍ਰੀ ਭਾਰਦਵਾਜ ਜੀ ਹੋਣੀ ਇਹ ਮੁਆਫੀਨਾਮਾ ਵੀ ਇਨ੍ਹਾਂ ਦੇ ਨਿਰਪੱਖ ਇਤਿਹਾਸ ਵਿਚ ਲਿਖਣਗੇ?"

"ਜੈਤੋ (ਗੰਗਸਰ) ਦੇ ਮੋਰਚੇ ਵੇਲੇ ਸ: ਪ੍ਰਕਾਸ਼ ਸਿੰਘ ਬਾਦਲ ਦੇ ਵਡੇਰਿਆਂ ਨੇ ਸਿੰਘਾਂ ਨਾਲ ਗ਼ੱਦਾਰੀ ਕਰਕੇ ਆਪ ਅੰਗਰੇਜ਼ਾਂ ਪਾਸੋਂ ਜਾਗੀਰਾਂ (ਜ਼ਮੀਨ ਦੇ ਮੁਰੱਬੇ) ਇਨਾਮ ਲਏ!" "ਸ੍ਰੀ ਭਾਰਦਵਾਜ ਜੀ ਦੀ ਅਕਾਲੀਆਂ ਦੇ ਨਿਰਪੱਖ ਇਤਿਹਾਸ ਵਿਚ ਇਹ ਸਭ ਗੱਲਾਂ ਸੁਨੈਹਰੀ ਇਤਿਹਾਸ ਨੂੰ ਚਾਰ ਚੰਨ ਲਾਉਣਗੀਆਂ?"

ਸਾਰੀਆਂ ਗੱਲਾਂ ਨੂੰ ਹੀ ਛੱਡਦੇ ਹੋਏ ਦੂਰ ਨਾ ਜਾਓ ਤੁਸੀਂ ਬੱਸ ਕਿਰਾਇਆ ਐਜੀਟੇਸ਼ਨ ਹੀ ਵੇਖ ਲਓ ਜੋ ਨਵੰਬਰ 1980 ਵਿਚ ਸ: ਦਰਬਾਰਾ ਸਿੰਘ ਮੁੱਖ ਮੰਤਰੀ ਦੀ ਸਰਕਾਰ ਵੇਲੇ ਹੀ ਇਨ੍ਹਾਂ ਅਕਾਲੀਆਂ ਨੇ ਹੀ ਰਲਕੇ ਬੱਸ ਕਿਰਾਇਆਂ ਦਾ ਵਿਰੋਧ ਕੀਤਾ ਤੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ **'ਲੋਕੋ ਆਓ ਇਨ੍ਹਾਂ ਕਿਰਾਇਆਂ ਦੇ ਖਿਲਾਫ਼ ਇਕੱਠੇ ਹੋ ਕੇ ਵਿਰੋਧ ਕਰੀਏ!'** ਜਦ ਪੰਜਾਬ ਦੇ ਬਹਾਦਰ ਲੋਕ ਸੱਚੀਓਂ ਇਕੱਠੇ ਹੋ ਕੇ ਇਨ੍ਹਾਂ ਬੱਸ ਕਿਰਾਇਆਂ ਦੇ ਖਿਲਾਫ਼ ਪਿੰਡਾਂ ਵਿਚੋਂ ਕਾਫਲੇ ਬੰਨ੍ਹ ਤੁਰੇ ਤਾਂ ਇਨ੍ਹਾਂ ਅਕਾਲੀਆਂ ਤੇ ਇਨ੍ਹਾਂ ਦੇ ਹਮਾਇਤੀ ਲੁਗ-ਲਾਣੇ ਨੇ ਪੰਜਾਬ ਦੇ ਅਣਖੀ ਤੇ ਸਿਰੜੀ ਲੋਕਾਂ ਨੇ ਪਿੱਠ ਵਿਚ ਛੁਰਾ ਮਾਰਿਆ। ਗ਼ੱਦਾਰੀ ਕਰਕੇ ਜੇਲ੍ਹਾਂ 'ਚੋਂ ਹੱਥ ਧੋਕੇ ਤੇ ਬਿਗੈਰ ਕਿਸੇ ਮੰਗ ਮੰਨਵਾਏ ਘਰਾਂ ਨੂੰ ਪਰਤੇ! "ਕੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਅਜਿਹਿਆਂ ਕਰਨ ਨੂੰ ਸਾਜਿਆ ਸੀ? ਇਹ ਤਾਂ ਗੁਰੂ ਗੋਬਿੰਦ ਸਿੰਘ ਦੇ ਉਨ੍ਹਾਂ ਮਸੰਦਾਂ ਨਾਲੋਂ ਵੀ ਭੈੜੇ ਐ ਜਿਨ੍ਹਾਂ ਨੂੰ ਉਨ੍ਹਾਂ ਨੇ ਤੇਲ ਦੇ ਉਬਲਦੇ ਕੜਾਹਿਆਂ ਵਿਚ ਸੁੱਟਕੇ ਸਾੜਿਆ ਸੀ।

'ਏਥੇ ਹੀ ਬੱਸ ਨਹੀਂ ਕੀ ਅੱਜ ਜੋ ਇਹ ਅਨੰਦਪੁਰ ਦੇ ਮਤੇ ਦਾ ਰੌਲਾ ਰੱਪਾ ਹੈ: ਇਹਦੇ ਵਿਚ ਬੇਰੁਜ਼ਗਾਰੀ ਪੂਰਨ ਤੌਰ ਤੇ ਖ਼ਤਮ ਕੀਤੇ ਜਾਣ ਦੀ ਕੋਈ ਧਾਰਾ ਹੈ? ਜਾਂ ਕਿਸਾਨ ਦੀ ਹਰ ਫਸਲ ਦਾ ਪੂਰਾ 2 ਮੁੱਲ ਮਿਲੇਗਾ? ਕੀ ਕਿਸਾਨ ਦੀ ਫਸਲ ਬੀਜਦਿਆਂ ਸਾਰ ਬੀਮਾ ਕੀਤਾ ਜਾਇਆ ਕਰੇਗਾ? ਕੀ ਧਨ-ਕੁਬੇਰਾਂ ਦਾ ਕੁੱਲ ਸਰਮਾਇਆ ਜਬਤ ਕਰਕੇ ਫੁੱਟ-ਪਾਥਾਂ ਤੇ ਸੌਂਦੇ ਲੋਕਾਂ ਤੇ ਹੱਡ-ਤੋੜਵੀਂ ਮਿਹਨਤ ਕਰਦੇ ਕਿਸਾਨ ਮਜ਼ਦੂਰਾਂ ਵਿਚ ਵੰਡਿਆ ਜਾਵੇਗਾ? ਕੀ ਉੱਚ-ਅਫ਼ਸਰਾਂ ਤੇ ਮੁਲਾਜ਼ਮਾਂ ਦੀ ਤਨਖਾਹ ਵਿਚ ਜ਼ਮੀਨ ਅਸਮਾਨ ਦੇ ਪਾੜੇ ਨੂੰ ਖਤਮ ਕਰ ਦਿੱਤਾ ਜਾਵੇਗਾ??! ਕੀ ਹਰ ਮਹਿਕਮੇ ਦੇ ਕੁਰੱਪਟ ਅਫ਼ਸਰਾਂ ਨੂੰ ਏਥੋਂ ਦੇ ਹਰ ਵਰਗ ਦੇ ਲੁੱਟੇ ਪੁੱਟੇ ਜਾਣ ਵਾਲੇ ਲੋਕ ਆਪਣੀ ਮਰਜ਼ੀ ਨਾਲ ਸਜ਼ਾਵਾਂ ਦੇ ਸਕਣਗੇ? ਕੀ ਪੁਲਸ ਸੱਚੀ-ਮੁੱਚੀਂ ਹੀ ਜਨ ਸਾਧਾਰਨ ਦੀ ਰਾਖੀ ਕਰੇਗੀ ਜਦ ਕਿ ਹੁਣ ਗੁੰਡਿਆਂ ਦੀ ਰਾਖੀ ਕਰਦੀ ਹੈ? ਕੀ ਫੌਜੀ ਭਰਾ ਸਰਹੱਦੀ ਮੁਲਕਾਂ ਨਾਲ ਜੰਗ (ਲੜਾਈਆਂ) ਕਰਨ ਤੋਂ ਸਦਾ ਲਈ ਮੁਕਤ ਹੋ ਜਾਣਗੇ?? ਕੀ ਸ: ਪ੍ਰਕਾਸ਼ ਸਿੰਘ ਬਾਦਲ ਤੇ ਇਹਦੇ ਹੋਰ ਭਾਈਵਾਲ ਸਾਰੇ ਹੀ ਆਪਣੀਆਂ ਜ਼ਮੀਨਾਂ ਜਾਇਦਾਦਾਂ ਆਦਿ ਕਿਰਤੀ

ਲੋਕਾਂ ਵਿੱਚ ਵੰਡਣਗੇ ? ਜੇ ਵੰਡਣਗੇ ਤਾਂ ਹੁਣ ਕਿਉਂ ਨਹੀਂ ? ਜੇ ਨਹੀਂ ਵੰਡਦੇ ਤਾਂ ਅਸੀਂ ਜੇ ਪੰਜਾਬ ਦੇ ਅਣਖੀ ਤੇ ਭੋਲੇ ਲੋਕ ਬਾਦਲ ਆਦਿ ਵਰਗਿਆਂ ਵਰਗਿਆਂ ਦੇ ਮਗਰ ਲੱਗ ਕੇ ਅੱਡੀਆਂ ਚੁੱਕ ਕੇ ਫਾਹਾ ਕਿਉਂ ਲੈਂਦੇ ਐ ?"

'ਜ਼ੇ ਅਜੇ ਵੀ ਕੋਈ ਕਸਰ ਹੈ ਤਾਂ ਸ੍ਰੀ ਭਾਰਦਵਾਜ ਜੀ ਤੁਸੀਂ ਹੀ ਇਹ ਗੱਲ ਦੱਸੋ ਕਿ—"ਕੀ ਚੋਣਾਂ ਇਕ ਮਖੌਲ ਤੋਂ ਸਿਵਾਏ ਹੋਰ ਕੁਝ ਨਹੀਂ, ਕਿਉਂ ਕਿ ਕਦੇ ਮੈਂਬਰ-ਪਾਰਲੀਮੈਂਟ ਤੇ ਕਦੇ ਐਮ. ਐਲ. ਏ. ਆਦਿ ਦੀਆਂ ਚੋਣਾਂ ਲੜਕੇ ਜਿਨ੍ਹਾਂ ਉੱਪਰ ਪੰਜਾਬ ਕੀ ਹਿੰਦੁਸਤਾਨ ਦੇ ਕ੍ਰੋੜਾਂ ਕਿਰਤ ਕਰਦੇ ਹੱਥਾਂ ਦੇ ਅੱਟਣ ਅਜੇ ਵੀ ਨਹੀਂ ਮਿਟੇ ਹੋਣਗੇ ਤੇ ਕਿਰਤੀਆਂ ਦੇ ਥਕੇਵੇਂ ਵੀ ਅਜੇ ਨਹੀਂ ਲੱਥੇ ਹੋਣਗੇ—ਕ੍ਰੋੜਾਂ ਅਰਬਾਂ ਰੁਪਿਆ ਇਨ੍ਹਾਂ ਚੋਣਾਂ ਤੇ ਖਰਚਾ ਆਉਂਦਾ ਹੈ ਜੋ ਇਹ ਲੀਡਰ ਜੋ ਚੌਧਰ ਦੇ ਭੁੱਖੇ ਹਨ ਅਪਣੀ ਮਰਜ਼ੀ ਨਾਲ ਹੀ ਆਪਣੇ ਅਹੁਦੇ ਤੋਂ ਅਸਤੀਫ਼ੇ ਦੇ ਦਿੰਦੇ ਹਨ 'ਕੀ ਇਹ ਲੋਕ ਰਾਜ ਹੈ ? ਜਾਂ ਫਿਰ ਮਖੌਲ ?' ਜੇ ਮਖੌਲ ਨਹੀਂ ਸਮਝਦੇ ਤਾਂ ਕੀ ਇਹ ਅਸਤੀਫ਼ੇ ਦੇਣ ਤੋਂ ਪਹਿਲਾਂ, ਜਿੰਨ੍ਹਾਂ ਲੋਕਾਂ ਨੇ ਇਨ੍ਹਾਂ ਭੜੂਆਂ ਨੂੰ ਆਪਣੀਆਂ ਕੀਮਤੀ ਵੋਟਾਂ ਪਾਈਆਂ ਤੇ ਸਮਾਂ-ਪੈਸਾ ਨਸ਼ਟ ਕੀਤਾ—ਉਨ੍ਹਾਂ ਦੀ ਰਾਇ ਲੈਣੀ ਨਹੀਂ ਬਣਦੀ ? ਇਹ ਕਿਥੋਂ ਦੇ ਡਿਕਟੇਟਰ ਐ ਜੋ ਆਪਣੀ ਮਰਜ਼ੀ ਨਾਲ ਹੀ ਜਦ ਚੌਧਰ ਦੀ ਕੁਰਸੀ ਨਾ ਮਿਲੇ ਤਾ ਅਸਤੀਫ਼ੇ ਦੇ ਦਿਓ ? ਇਹ ਵੋਟਾਂ-ਵਟੋਰੂ ਟੋਲੇ ਏਥੋਂ ਦੇ ਭੋਲੇ-ਭਾਲੇ ਲੋਕਾਂ ਨੂੰ ਬੇਵਕੂਫ ਨਹੀਂ ਬਣਾਉਂਦੇ ਤਾਂ ਹੋਰ ਕੀ ਐ ?'

ਏਸ ਲਈ ਇਹ ਵੱਧ ਅਧਿਕਾਰਾਂ (ਭਾਵ ਅਨੰਦਪੁਰ ਦਾ ਮਤਾ) ਵਾਲਾ ਇਕ ਸਟੰਟ ਹੈ—ਹੋਰ ਕੁਝ ਵੀ ਨਹੀਂ—"ਸੀਨੇ ਖਿੱਚ ਜਿੰਨ੍ਹਾਂ ਨੇ ਖਾਧੀ—ਉਹ ਕਰ ਆਰਾਮ ਨਹੀਂ ਬਹਿੰਦੇ...!' ਇਨ੍ਹਾਂ ਤੋਂ ਖੁੱਸੀ ਕੁਰਸੀ ਉਹ ਹਥਿਆਉਣਾ ਚਾਹੁੰਦੇ ਐ-ਕੁਰਸੀ ਹਥਿਆ ਕੇ ਭਲਾ ਇਹ ਕੀ ਕਰਨਗੇ ? ਕਰਨਗੇ ਓਹੀ ਕੁਝ ਜੋ ਅੱਗੇ ਕਰਦੇ ਆਏ ਐ—ਹੱਕ-ਮੰਗਦੇ ਲੋਕਾਂ ਤੇ ਗੋਲੀਆਂ ਚਲਾਉਣਗੇ ! ਜੇ ਨਹੀਂ ਤਾਂ ਕੀ ਪੁਲਿਸ-ਐਜੀਟੇਸ਼ਨ ਇਨ੍ਹਾਂ ਦੇ ਹੀ ਰਾਜ-ਕਾਲ ਵਿਚ ਹੋਈ ਕਿ ਨਹੀਂ ? ਬੇ-ਰੁਜ਼ਗਾਰ ਅਧਿਆਪਕ ਯੂਨੀਅਨ ਦਾ 85 ਦਿਨ ਲੰਬਾ ਘੋਲ ਇਨ੍ਹਾਂ ਦੇ ਹੀ ਰਾਜ-ਕਾਲ ਵਿਚ ਚੱਲਿਆ ਕਿ ਨਹੀਂ ? ਵਿਦਿਆਰਥੀਆਂ ਦੇ ਹੋਣਹਾਰ ਆਗੂ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਨੂੰ ਇਨ੍ਹਾਂ ਨੇ ਆਪਣੇ ਗੁੰਡਿਆਂ ਹੱਥੋਂ ਕਤਲ ਕਰਾਇਆ ਕਿ ਨਹੀਂ ? ਕੀ ਇਹ ਮੰਗ ਅਨੰਦ-ਪੁਰ ਦੇ ਮਤੇ ਦਰਜ ਐ ਕਿ ਸ਼ਹੀਦ **'ਪ੍ਰਿਥੀਪਾਲ ਰੰਧਾਵਾ'** ਐਜੀਟੇਸ਼ਨ ਦੌਰਾਨ ਵਿਦਿਆਰਥੀਆਂ—ਨੌਜਵਾਨਾਂ ਉੱਪਰ ਬਣਾਏ ਝੂਠੇ ਕੇਸ ਜੋ ਕਿ ਇਨ੍ਹਾਂ ਦੇ ਹੀ ਰਾਜ-ਕਾਲ ਵੇਲੇ ਬਣਾਏ ਗਏ ਸਨ—ਵਾਪਿਸ ਅਜੇ ਤੱਕ ਕਿਉਂ ਨਹੀਂ ਲਾਏ। ਜਦ ਕਿ **'ਰੰਧਾਵਾ'** ਦੇ ਕਾਤਿਲ ਬੜੀ ਸ਼ਾਨ-ਓ ਸ਼ੌਕਤ ਨਾਲ ਹਾਈਕੋਰਟ 'ਚੋਂ ਬਰੀ ਹੋ ਕੇ ਦੰਨ-ਦਨਾਂਦੇ ਫਿਰ ਰਹੇ ਹਨ।

ਕੀ ਇਹ ਵੀ ਮੰਗ ਅਨੰਦਪੁਰ ਦੇ ਮਤੇ ਵਿਚ ਕਿਤੇ ਦਰਜ ਹੈ ਕਿ **'ਬੱਸ ਕਿਰਾਇਆ ਐਜ਼ੀਟੇਸ਼ਨ'** ਸੰਬੰਧੀ ਪੰਜਾਬ ਦੀ ਜਾਬਰ ਕਾਂਗਰਸ ਸਰਕਾਰ ਨੇ ਵਿਦਿਆਰਥੀਆਂ—ਨੌਜਵਾਨਾਂ ਉੱਪਰ ਬਣਾਏ ਝੂਠੇ ਐਪਰ 307 ਵਰਗੇ ਸੰਗੀਨ ਕੇਸ ਅਜੇ ਤੱਕ ਵਾਪਿਸ ਕਿਉਂ ਨਹੀਂ ਲਏ ??!

ਕੀ ਇਸ ਗੱਲ ਵਿਚ ਵੀ ਕੋਈ ਝੂਠ ਹੈ ਕਿ ਅਕਾਲੀ-ਮੋਰਚੇ ਦੇ ਡਿਕਟੇਟਰ ਸ: ਹਰਚੰਦ ਸਿੰਘ ਲੌਂਗੋਵਾਲ ਵੱਲੋਂ ਵਾਰ ਵਾਰ ਐਲਾਨ ਕਰਨ ਤੇ ਕਿ **'ਹੁਣ ਤੋਂ ਬਾਅਦ ਕੇਂਦਰੀ ਸਰਕਾਰ ਨਾਲ ਕੋਈ ਗੱਲ ਨਹੀਂ ਹੋਵੇਗੀ ਤੇ ਫੇਰ ਥੁੱਕ ਕੇ ਚੱਟ ਲੈਣਾ ਤੇ ਅਗਲੇ ਗੇੜ ਦੀ ਗੱਲਬਾਤ ਲਈ ਫੇਰ ਰਜ਼ਾਮੰਦ ਹੋ ਕੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨੀ ?**

"ਕੀ ਇਹ ਗੱਲ ਵੀ ਵੱਧ ਅਧਿਕਾਰਾਂ ਨਾਲ ਹੀ ਸੰਬੰਧਿਤ ਹੈ ਕਿ ਅਸਤੀਫ਼ਿਆਂ ਨੂੰ ਖੇਡ ਬਣਾ ਲੈਣਾ ਤੇ ਵੋਟਰਾਂ ਦਾ ਮਖ਼ੌਲ ਉਡਾਈ ਜਾਣਾ ? ਜੇਕਰ ਸ੍ਰੀ ਭਾਰਦਵਾਜ ਜੀ ਅੱਜ ਹਿੰਦੁਸਤਾਨ ਨੂੰ ਤੁਸੀਂ ਲੋਕ-ਤੰਤਰੀ ਕਹਿੰਦੇ ਹੋ ਤਾਂ ਇਨ੍ਹਾਂ ਐਮ. ਐਲ. ਏਜ਼ ਵਗੈਰਾ ਨੂੰ ਕੀ ਅਖਤਿਆਰ ਹਨ ਕਿ ਵੋਟਰਾਂ ਦੀ ਮਰਜ਼ੀ ਤੋਂ ਬਿਨਾਂ ਹੀ ਅਸਤੀਫ਼ੇ ਦੇ ਦੇਣ ?? ਕੀ ਇਨ੍ਹਾਂ ਦੇ ਏਸ (ਅਸਤੀਫ਼ਿਆਂ ਦੀ ਭਰਮਾਰ ਨਾਲ) ਮਖ਼ੌਲਬਾਜ਼ੀ ਨਾਲ ਪੰਜਾਬ ਦੇ ਮਿਹਨਤੀ ਲੋਕ (ਹਰ ਵਰਗ ਮਿਹਨਤਕਸ਼-ਮੁਲਾਜ਼ਮ, ਮਜ਼ਦੂਰ ਤੇ ਕਿਸਾਨ ਆਦਿ) ਮਹਿੰਗਾਈ ਨੇ ਪਹਿਲਾਂ ਹੀ ਕੁੱਬੇ ਕੀਤੇ ਹੋਏ ਹਨ ?

ਅਸੀਂ ਇਨ੍ਹਾਂ ਸ਼ੋਸ਼ੇਬਾਜ਼ਾਂ ਦੇ ਕੇਂਦਰੀ-ਤੇ-ਕੌਮਾਂਤਰੀ-ਵਾਦ ਦੀ ਗੱਲ ਨੂੰ ਛੱਡ ਕੇ ਕਿਉਂ ਨਾ ਲੁੱਟੇ-ਪੁੱਟੇ ਜਾਣ ਵਾਲੇ ਹਰ ਵਰਗ ਦੇ ਲੋਕਾਂ, ਪੁਲਿਸ ਤੇ ਫ਼ੌਜ ਨੂੰ ਕੌਮਾਂਤਰੀ-ਪੱਧਰ ਤੇ ਹੀ ਸਾਂਝਾ-ਮੁਹਾਜ਼ ਬਣਾਉਣ ਦਾ ਸੱਦਾ ਦੇਦੀਏ ਤੇ ਸਰਹੱਦਾਂ ਤੇ ਹੁੰਦੀਆਂ ਭਰਮਾਰ (ਇਕ ਦੂਜੇ ਮੁਲਕ ਦੀਆਂ ਲੜਾਈਆਂ) ਜੰਗਾਂ ਤੇ ਕੌਮੀ ਪੱਧਰ ਤੇ ਹੁੰਦੇ ਖ਼ੂਨ-ਖ਼ੁਰਾਬੇ ਦਾ ਵਿਰੋਧ ਕਰਦੇ ਹੋਏ ਪ੍ਰੋਲੇਤਾਰੀਏ ਦੀ ਡਿਕਟੇਟਰੀ ਦਾ ਝੰਡੇ-ਬਰਦਾਰ ਬਣੀਏ ? ਕਿਉਂ ਨਾ ਮਿਹਨਤ ਕਰਦੇ ਹਰ-ਵਰਗ ਦੇ ਮੁਲਾਜ਼ਮਾਂ-ਮਜ਼ਦੂਰਾਂ ਆਦਿ ਨੂੰ ਆਪਣੀ ਹੋਣੀ ਦੇ ਮਾਲਕ ਆਪ ਬਣਨ ਦੀ ਯੁਕਤੀ ਦੱਸੀਏ ?

**ਨਛੱਤਰ ਸਿੰਘ 'ਪ੍ਰੇਮੀ'**
**ਨਾਥੇਵਾਲਾ**

—'ਸਮਤਾ–ਫਰਵਰੀ–83' ਅੰਕ ਵਿੱਚ ਪ੍ਰੋਫੈਸਰ ਐਮ, ਸੀ. ਭਾਰਦਵਾਜ ਜੀ ਵੱਲੋਂ "ਮਤਾ ਅਨੰਦਪੁਰ ਦਾ" ਪੜ੍ਹਨ ਨੂੰ ਮਿਲਿਆ ਖ਼ੁਸ਼ੀ ਹੋਈ। ਇਹ ਸੋਚਦੇ ਕਿ ਆਖਰ ਬਿੱਲੀ ਥੈਲੇ 'ਚੋਂ ਬਾਹਰ ਆ ਹੀ ਗਈ। ਬਾਰਾਂ ਬਾਰਾਂ ਸਵਾਲੀਆਂ ਚਿੰਨ ਲਾ ਕੇ ਹੱਲ ਕੀਤੇ ਸਵਾਲਾਂ ਨੂੰ "ਮੌਜੂਦਾ ਅਕਾਲੀ ਦਲ ਦੇ ਹਾਲੀਆ ਪਿਛੋਕੜ ਦੇ ਸੰਦਰਭ ਵਿਚ" ਰੱਖ ਕੇ ਜਾਨਣ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਪ੍ਰੋਫੈਸਰ ਸਾਹਿਬ ਨੇ "ਖ਼ਾਲਸੇ ਦੇ ਬੋਲਬਾਲੇ" ਵਾਲੇ ਮਤੇ ਨੂੰ ਚੋਰਾਂ ਦੇ ਵਕੀਲਾਂ ਵਾਂਗ' ਦਲੀਲਾਂ ਦੇ ਕੇ 'ਸਰਬੱਤ ਦੇ ਭਲੇ' ਵਾਲਾ ਮਤਾ ਬਣਾ ਧਰਿਆ ਹੈ। ਪ੍ਰੋਫੈਸਰ ਜੀ 'ਅਜਿਹੇ ਲੋਕਾਂ ਦੇ ਧਰਮ ਦੀ' ਵਕਾਲਤ ਲੱਖ ਵਾਰੀ ਕਰਨ, ਕਿਸੇ ਨੂੰ ਕੋਈ ਇਤਰਾਜ ਨਹੀਂ, ਪਰ ਆਪੂੰ ਸਜੇ ਲੋਕ-ਪੱਖੀ ਹੋਣ ਦਾ ਲੇਬਲ ਉਤਾਰ ਲੈਣਾ।

ਪ੍ਰੋਫੈਸਰ ਜੀ, ਜ਼ਰਾ ਦੱਸਣਾ ਕਿ 'ਅਨੰਦਪੁਰ ਦਾ ਮਤਾ' ਬਨਾਉਣ ਵਾਲੇ, ਸਿੱਖਾਂ ਨੂੰ 'ਅੱਡਰੀ ਕੌਮ' ਕਹਿਣ ਵਾਲੇ...ਕੌਣ ਨੇ ??...ਕੀ...

1. ਕੀ ਅੰਮ੍ਰਿਤਸਰ ਵਿੱਚ ਸ਼ਰੇਆਮ 'ਬੰਬ, ਬੰਦੂਕਾਂ, ਬਰਛੇ! ਲੈ ਕੇ "ਸੰਤ ਜੀ" ਵੱਲੋਂ ਜਲੂਸ...! ਸਰਬੱਤ ਦੇ ਭਲੇ ਲਈ...?
2. 'ਸੰਤ ਜੀ' ਦੀ ਮਹਿਤਾ ਚੌਂਕ ਗ੍ਰਿਫ਼ਤਾਰੀ ਸਮੇਂ ਫਿਰਕੂ ਭਾਸਣਾਂ ਤੋਂ ਪਿੱਛੋਂ ਕਈ ਬੇਗੁਨਾਹ ਮਾਸੂਮਾਂ ਦੀ ਮੌਤ...! ਕੀ ਸਰਬ...??
3. 'ਧਰਮ-ਯੁੱਧ' ਵਿੱਚ ਸਿੱਖਾਂ ਦੇ ਧਾਰਮਿਕ ਜਜ਼ਬੇ ਭੜਕਾ ਕੇ ਹਿੰਦੂ-ਸਿੱਖ' ਦੰਗੇ ਕਰਾਉਣ ਲਈ ਤਰਨ ਤਾਰਨ ਰੇਲਵੇ ਫ਼ਾਟਕ ਤੇ 'ਚੋਰ-ਕੁੱਤੇ' ਦੀ ਮਿਲੀ ਭੁਗਤ ਨਾਲ ਬੱਸ ਦੁਰਘਟਨਾਂ...! ਕਿਸ ਸਰਬ...?
4. ਹੋਰ ਤੇ ਹੋਰ ਸ੍ਰੀ ਸਹਿਬ ਟੌਹੜਾ' ਵੱਲੋਂ ਚੋਰ ਵਜਾ ਕੇ ਬਿਆਨ ਕਿ ਗ਼ੈਰ ਪੰਜਾਬੀ ਬੋਲਦੇ ਪੰਜਾਬ ਵਾਸੀਆਂ ਨੂੰ ਸਭ ਅਧਿਕਾਰਾਂ ਤੋਂ ਵਾਂਝਿਆਂ ਕੀਤਾ ਜਾਵੇ...? ਕਿਸ ਸਰੱਬ...??

...ਕੀ ਇਹ ਸਭ ਕਾਰਨਾਮੇ ਸਰਬੱਤ ਦੇ ਭਲੇ ਲਈ ਹੀ ਹੈ ?? ਪ੍ਰੋਫੈਸਰ ਜੀ ਦੀ ਨਜ਼ਰੇ ਤਾਂ ਇੰਜ ਹੋ ਸਕਦਾ ਹੈ ਪਰ ਲੋਕ ਕਹਿੰਦੇ ਨੇ ਕਿ ਇਹ ਸਭ ਕੇਵਲ ਤੇ ਕੇਵਲ "ਕੁਰਸੀ-ਕੋਠੀ-ਕਾਰ ਤੇ ਕਾਰਖ਼ਾਨੇ" ਲਈ ਹੀ ਹੈ !! ਬਸ !

ਕੀ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਅੰਦਰ ਇੰਨਾਂ 'ਰੱਬ ਦੇ ਵਾਰਸਾਂ' ਵੱਲੋਂ ਕੀਤੀ ਗਈ ਕਤਲੋਗਾਰਤ ਵਿੱਚ ਇੰਨਾਂ ਬੀਬੇ ਆਗੂਆਂ ਦਾ ਕੋਈ ਦੂਰੋਂ ਨੇੜਿਓਂ ਵੀ ਮਰਿਆ ? ਜੇ ਕੋਈ ਮਰਿਆ ਹੋਵੇ ਤਾਂ ਦੱਸਣਾ ਕਿ ਕਦ ਕੌਣ...ਤੇ ਕਿਉਂ ???

ਤੇ ਪ੍ਰੋਫੈਸਰ ਸਹਿਬ ਜ਼ਰਾ ਫੁਰਮਾਉਣਾ ਕਿ

1 ਪਹਿਲੇ ਨੌਂ ਗੁਰੂ ਕਿਸ ਧਰਮ ਨਾਲ ਸੰਬੰਧ ਰੱਖਦੇ ਸਨ ?
2. ਗੁਰੂ ਤੇਗ ਬਹਾਦੁਰ ਜੀ ਨੂੰ ਸ਼ਹੀਦ ਕਿਉਂ ਤੇ ਕਿੰਨਾਂ ਲਈ...?
3. ਗੁਰੂ ਗੋਬਿੰਦ ਸਿੰਘ ਜੀ ਨੂੰ 'ਉੱਚ ਦਾ ਪੀਰ' ਬਣਾ ਕੇ ਦੁਸ਼ਮਣ ਦੇ ਘੇਰੇ ਵਿੱਚੋਂ ਕੱਢਣ ਵਾਲੇ ਕੌਣ ਸਨ...??
4. ਆਖਰ ਗੁਰੂ ਗੋਬਿੰਦ ਸਿੰਘ ਜੀ ਨੂੰ 'ਸਿੱਖ ਫ਼ੌਜ' ਸਾਜਣ ਦੀ ਲੋੜ ਕਿਉਂ ਪਈ...??
5. ਮਸੰਦਾਂ ਨੂੰ ਤੇਲ ਦੇ ਕੜਾਹਿਆਂ ਵਿੱਚ ਕਿਉਂ ਸਾੜਿਆ ਗਿਆ...??
6. ਆਖਰ ਬੰਦੇ ਬਹਾਦੁਰ ਦੀ ਮੌਤ ਕਿਉਂ ਹੋਈ...???

ਤੇ ਦੱਸਣਾ ਕਿ 'ਖ਼ਾਲਸਾ' ਸ਼ਬਦ ਦੇ ਕੀ ਅਰਥ ਨੇ ? ਤੇ ਜਿੰਨਾਂ ਅਕਾਲੀਆਂ ਵਿਚੋਂ ਕਿਹੜਾ ਇੰਨਾਂ ਅਸੂਲਾਂ ਤੇ ਪੂਰਾ ਉੱਤਰਦਾ ਹੈ ??

ਤੇ ਕੀ ਮਤਾ ਪਾਸ ਹੋਣ ਤੋਂ ਬਾਦ ਪੰਜਾਬ ਅੰਦਰ ਜੇ ਅਕਾਲੀ ਵਜ਼ਾਰਤ ਨਹੀਂ ਬਣੀ ! ਤਦ ਧਰਮ-ਯੁੱਧ ਉਦੋਂ ? ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਜੇ ਅੱਜ ਹੀ ਪੰਜਾਬ ਵਜ਼ਾਰਤ ਭੰਗ ਕਰਕੇ ਚੋਣਾਂ...!... ਤਾਂ ਫਿਰ ਇਹ ਲੋਟੂ ਟੋਲੀ ਰਲ ਕੇ ਸਿਰਫ਼ ਦੋ ਟੈਮ !!! ਰੋਟੀ ਮੰਗਦੇ ਲੋਕਾਂ ਨੂੰ 'ਲਾਠੀ-ਗੋਲੀ-ਜੇਲ-ਦੇਣ ਦਾ ਧਰਮ-ਯੁੱਧ ਸ਼ੁਰੂ ਕਰ ਦੇਣਗੇ !! ਕੀ ਪਹਿਲਾਂ ਕਦੇ ਇੰਜ ਨਹੀਂ ਹੋਇਆ ??

ਪ੍ਰੋਫੈਸਰ ਸਹਿਬ ਜਾਂ ਤਾਂ ਇੰਨ੍ਹਾਂ ਲੋਕਾਂ ਦੇ 'ਧਰਮ' ਦੇ ਅਰਥ ਨਹੀਂ ਜਾਣਦੇ, ਜਾਂ ਫਿਰ ਜਾਣ ਬੁੱਝ ਕੇ ਅਜਿਹੀ ਗੁਸਤਾਖੀ ਕਰ ਰਹੇ ਨੇ !

ਜ਼ਿਆਦਾ ਨਹੀਂ, ਭਰੋਵਾਲ ਜੀ ਵੱਲੋਂ—'ਸਮਤਾ-ਮਾਰਚ-83' ਵਿੱਚ ਪੁੱਛੇ ਚਾਰ ਸਵਾਲਾਂ ਦਾ ਜੁਵਾ...!!

ਦੇਖਿਆ ਜਾਵੇ ਤਾਂ ਭਾਰਦਵਾਜ ਜੀ—ਇਸ ਮਤੇ ਨਾਲੋਂ 'ਸੀ. ਪੀ. ਆਈ. ਤੇ ਐਮ' ਦੇ ਮਤੇ ਸੌ ਵਿਸਵੇ ਚੰਗੇ ਜੇ ! ਘੱਟੋ ਘੱਟ ਉਹ ਕਿਸੇ ਫਿਰਕੇ ਵਿਸ਼ੇਸ਼ ਨਾਲ ਤਾਂ ਨਹੀਂ ਜੁੜੇ ਹੋਏ ! ਉਂਜ ਭਾਵੇਂ...!!

ਤੇ ਕੀ ਹਿੰਦੂ ਮਜ਼ਦੂਰ 'ਦੀਪਾ' ਤੇ ਮੁਸਲਮਾਨ ਮਜ਼ਦੂਰ 'ਅਫ਼ਜ਼ਲ' ਕੋਈ ਹੱਕ ਨਹੀਂ ਰੱਖਦੇ !! ਕੀ ਉਨ੍ਹਾਂ ਨੂੰ ਮਹਿਜ਼ ਇਸ ਲਈ ਛੱਡ ਦਿੱਤਾ ਜਾਵੇ ਕਿ ਉਨ੍ਹਾਂ ਦੀ ਦਾੜ੍ਹੀ...ਪੱਗ...?? ਨਹੀਂ ਪ੍ਰੋਫੈਸਰ ਸਹਿਬ ਹਰ ਮਨੁੱਖ ਚਾਹੇ ਉਹ ਹਿੰਦੂ-ਮੁਸਲਮਾਨ-ਈਸਾਈ ਜਾਂ ਸਿੱਖ ਹੈ ਬਰਾਬਰ ਜਿਊਣ ਦਾ ਹੱਕ ਰੱਖਦਾ ਹੈ। ਇਹ 'ਮਤੇ' ਇਹ 'ਧਰਮ-ਯੁੱਧ' ਮਹਿਜ਼ ਗੱਦੀਆਂ ਤੱਕ ਸੀਮਤ

ਨੇ !! ਇੰਨ੍ਹਾਂ ਨਾਲ ਕਿਸੇ ਗ਼ਰੀਬ ਨੂੰ ਕੋਈ ਫਾਇਦਾ ਨਹੀਂ ਹੋਣ ਲੱਗਾ ! ਮਸਲਾ ਤਾਂ 'ੳ' ਤੋਂ 'ੜ' ਤੱਕ ਸਭਨਾਂ ਨੂੰ ਬਰਾਬਰ ਕਰਨ ਦਾ ਹੈ—ਤੇ ਇਸ ਲਈ ਜੋ 'ਯੁੱਧ' ਕਰਨਾ ਚਾਹੀਦਾ ਹੈ—ਉਸਦੀ ਅਗਵਾਈ ਵੀ ਖ਼ੁਦ ਮਜ਼ਦੂਰ ਦੇ ਹੱਥੋਂ ਹੀ ਹੋਵੇਗੀ ! ਵਰਨਾਂ...!

ਥੋੜ੍ਹੇ ਸ਼ਬਦਾਂ ਵਿੱਚ ਮੈਂ ਸਮਤਾ ਦੇ ਸਮੂੰਹ ਪਾਠਕਾਂ ਨੂੰ ਇਹੀ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਵੇਖਣਾ ! ਸੰਭਲਣਾ ! ਪ੍ਰੋਫ਼ੈਸਰ ਸਹਿਬ ਆਪਣੀ ਮਾਂਜੀ ਲਿਸ਼ਕਾਈ ਲੇਖਣੀ ਨਾਲ ਆਪ ਪੱਧਰ ਦੇ ਪਾਠਕ ਨੂੰ ਝੱਟ 'ਯੈੱਸ' ਤੋਂ 'ਨੋ' ਅਖਵਾ ਸਕਣ ਵਿੱਚ ਮਾਹਿਰ ਜੇ ! ਸੂਰਜ ਨੂੰ ਸੂਰਜ ਹੀ ਆਖਿਓ, ਕਿਤੇ ਬੱਦਲਾਂ ਦੇ ਅੱਗੇ ਆ ਜਾਣ ਨਾਲ ਕੁਝ ਹੋਰ ਹੀ ਨਾਂ ਸਮਝ ਬੈਠਿਓ !

ਪ੍ਰੋਫ਼ੈਸਰ ਜੀ ਵੱਲੋਂ ਅਤਿ ਕੋਝੀ ਹਰਕਤ ਦਾ ਸਹੀ ਜੁਵਾਬ ਤਾਂ 'ਭਵਿੱਖ ਤੇ ਉਸ ਦੇ ਅਸਲੀ ਵਾਰਸ' ਹੀ ਦੇਣਗੇ। ਪਰ ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਤਿਹਾਸ ਦੇ ਪਹੀਏ ਅੱਗੇ ਅੱਟਾਂ ਲਾਉਣ ਵਾਲੇ ਸਮੇਂ ਦੀ ਧੂੜ ਵਿੱਚ ਗੁੰਮ ਹੋ ਜਾਇਆ ਕਰਦੇ ਨੇ !!!

ਸਦਾ ਇਨਕਲਾਬੀ ਸ਼ੁਭ ਇਛਾਵਾਂ ਨਾਲ
'ਸਰਬਜੀਤ ਸਿੰਘ ਤਲਾਵਾਂ'

---

—ਭਾਰਦਵਾਜ ਜੀ ਨੇ ਪੰਜਾਬੀਆਂ ਦੀਆਂ ਮੰਗਾਂ ਅਤੇ ਅਕਾਲੀਆਂ ਦੇ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਸਪਸ਼ਟੀਕਰਣ ਦਿੱਤਾ। ਇਸ ਤੋਂ ਕੋਈ ਭੀ ਇੰਨਸਾਫ ਪਸੰਦ ਪੰਜਾਬੀ ਮੁਨਕਰ ਨਹੀਂ ਹੋ ਸਕਦਾ, ਪਰ ਕੇਂਦਰ ਸ਼ੁਰੂ ਤੋਂ ਹੀ ਪੰਜਾਬ ਤਾਂ ਕੀ ਸਾਰੇ ਭਾਰਤ ਦੇ ਸੂਬਿਆਂ ਨਾਲ ਵਿਤਕਰਾ ਕਰਦਾ ਆ ਰਿਹਾ ਹੈ। ਇਸ ਸੰਬੰਧ ਵਿਚ ਏਥੇ ਇਹ ਲਿਖਣਾ ਉਚਿਤ ਹੋਵੇਗਾ ਕਿ ਕੇਂਦਰ ਲੁਟੇਰੀ-ਜਮਾਤ ਦੀ ਦਲਾਲ ਬਣ ਕੇ ਸੇਵਾ ਕਰ ਰਿਹਾ ਹੈ ਜੋ ਸਾਰੇ ਦੇਸ਼ ਦੇ ਪੈਦਾਵਾਰੀ ਵਸੀਲਿਆਂ ਉੱਤੇ ਕਾਬਜ਼ ਹੈ। ਜਿੱਥੇ ਫਿਰਕਾਪ੍ਰਸਤੀ ਚਲਦੀ ਹੈ ਉਥੇ ਫਿਰਕਾਪ੍ਰਸਤੀ ਨੂੰ ਹੱਲਾ-ਸ਼ੇਰੀ ਦਿੰਦਾ ਹੈ। ਜਿਥੇ ਇਲਾਕਾ-ਪ੍ਰਸਤੀ ਦੀ ਚਾਲ ਚਲਦੀ ਹੈ ਉਥੇ ਇਲਾਕਾ-ਪ੍ਰਸਤੀ ਨੂੰ ਸ਼ਹਿ ਦਿੰਦਾ ਹੈ, ਜਿਥੇ ਗੈਰ-ਕਾਂਗਰਸੀ ਵਜ਼ਾਰਤਾਂ ਹਨ ਉਥੇ ਵਖ-ਵਾਦ ਦੀ ਦੁਹਾਈ ਦਿੰਦਾ ਹੈ, ਗੱਲ ਕੀ ਹਰ ਹੱਥ ਕੰਡਾ ਵਰਤ ਰਿਹਾ ਹੈ। ਏਥੇ ਮਾਮਲਾ ਪੰਜਾਬ ਦਾ ਤੇ ਪੰਜਾਬੀਆਂ ਦਾ ਹੈ, ਇਸ ਲਈ ਇਸ ਸੰਬੰਧ ਵਿਚ ਹੀ ਵਿਚਾਰ ਹੋਣਾ ਚਾਹੀਦਾ ਹੈ। ਪੰਜਾਬ ਵਿਚ ਕੇਂਦਰੀ ਸਰਕਾਰ ਇਕ ਚਾਲ ਚਲਕੇ ਬਹੁ-ਪੱਖੀ ਲਾਭ ਹਾਸਲ ਕਰਦੀ ਹੈ। ਜਿਵੇਂ ਦਲ ਖ਼ਾਲਸਾ ਪੈਦਾ ਕਰ ਕੇ ਵੱਖ-ਵਾਦ ਨੂੰ ਹੱਲਾ-ਸ਼ੇਰੀ ਦੇਣੀ, ਜਿਸ ਦੇ ਸਿੱਟੇ ਵਜੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨੀ। ਦੂਸਰੇ ਫਿਰਕਾਪ੍ਰਸਤੀ ਪੈਦਾ ਕਰਕੇ ਹਿੰਦੂ-ਸਿੱਖਾਂ ਨੂੰ ਲੜਾਉਣਾ ਤੇ ਨਤੀਜੇ ਵਜੋਂ ਅਖੌਤੀ ਚੋਣਾਂ ਵਿਚ ਘੱਟ ਵੋਟ ਲੈ ਕੇ ਭੀ ਸਤੱਾਂ ਤੇ ਕਾਬਜ਼ ਰਹਿਣਾ। ਤੀਸਰੇ, ਪੰਜਾਬੀਆਂ ਦੀ ਕਣਕ-ਚਾਵਲ, ਨਰਮਾ-ਗੰਨੇ ਵਿਚ ਲਗਭਗ 700 ਕਰੋੜ ਰੁਪਏ ਲੁੱਟ ਕਰਨੀ ਜਾਂ ਕਰਵਾਉਣੀ ਤੇ ਆਖਰ ਵਿਚ ਮਸ਼ੀਨਰੀ, ਖਾਦ, ਡੀਜ਼ਲ ਤੇ ਬਿਜਲੀ ਦੇ ਥਰਮਲ ਪਲਾਂਟ ਲਗਾ ਕੇ ਪੰਜਾਬੀਆਂ ਨੂੰ ਰੱਗੜਾ ਲਾਉਣਾ।

ਭਾਵੇਂ ਅਕਾਲੀਆਂ ਵਲੋਂ ਅਸੀਂ ਪੰਜਾਬੀਆਂ ਦੀਆਂ ਮੰਗਾਂ ਬਾਰੇ ਸੰਘਰਸ਼ ਕਰਨਾ, ਪੰਜਾਬੀਆਂ ਦਾ ਇਕ ਹਿੱਸਾ ਮੰਨਦੇ ਹਾਂ ਤਾਂ ਵੀ ਅਕਾਲੀ ਲੀਡਰਸ਼ਿਪ ਤੇ ਭੀ ਕਿੰਤੂ ਕਰਦੇ ਹਾਂ ਕਿ ਇਸ ਨੂੰ ਪੰਜਾਬੀਆਂ ਨਾਲ ਬਹੁਤਾ ਪਿਆਰ ਨਹੀਂ ਹੈ ਤੇ ਇਸ ਦੇ ਸੰਬੰਧ ਲੁਟੇਰੀ ਜਮਾਤ ਨਾਲ ਗੂੜ੍ਹੇ ਹਨ ਜੋ ਅਸੀਂ ਅਮਲ ਤੋਂ ਦੇਖ ਸਕਦੇ ਹਾਂ ਤੇ ਅਮਲ ਹੀ ਸੱਚਾਈ ਦਸਦਾ ਹੈ।

1. ਅਕਾਲੀ ਲੀਡਰਸ਼ਿਪ ਬੱਸ ਕਰਾਇਆ ਘੋਲ ਵੇਲੇ ਗੱਦਾਰੀ ਕਰ ਗਈ ਜਦ ਕਿ ਅਕਾਲੀ ਵਰਕਰ ਸਾਰੇ ਪੰਜਾਬੀਆਂ ਨਾਲ ਮਿਲ ਕੇ ਹਰ ਤਰ੍ਹਾਂ ਦੀ ਕੁਰਬਾਨੀ ਵਾਸਤੇ ਤਿਆਰ ਸਨ।

2. ਸਾਰੇ ਪੰਜਾਬੀਆਂ ਨੂੰ ਇਸ ਮੋਰਚੇ ਵਿਚ ਸੱਦਾ ਕਿਉਂ ਨਾ ਦਿੱਤਾ ? ਸਾਰੇ ਪੰਜਾਬੀਆਂ ਨੂੰ ਨਾਲ ਲੈ ਕੇ, ਅਸੀਂ ਤਾਂ ਇਹ ਕਹਾਂਗੇ ਵਧ ਅਧਿਕਾਰਾਂ ਖ਼ਾਤਰ ਸਾਰੇ ਭਾਰਤ ਦੇ ਸੂਬਿਆਂ ਨੂੰ ਹੋਕਾ ਦਿੱਤਾ ਜਾਂਦਾ ਕਿ ਸੰਘਰਸ਼ ਕਰੀਏ।

3. ਇਕੱਲੇ ਤੌਰ ਤੇ ਸਮੁੱਚੇ ਪੰਜਾਬੀਆਂ ਦੇ ਮਸਲਿਆਂ ਬਾਰੇ ਮੋਰਚਾ ਲਾਉਣਾ ਤਾਂ ਪੰਜਾਬੀਆਂ ਵਿਚ ਫੁਟ ਪੈਦਾ ਕਰਨਾ ਹੈ। ਜੋ ਲੁਟੇਰੀ-ਜਮਾਤ ਦੇ ਪੱਖ ਵਿਚ ਜਾਂਦਾ ਹੈ।

4. ਜੋ ਦਲ ਖ਼ਾਲਸਾ ਪੈਦਾ ਕਰਦੇ ਹਨ ਉਨ੍ਹਾਂ ਨੂੰ ਹੀ ਲਿਬਾਸ ਦੇਖ ਕੇ ਰਾਸ਼ਟਰਪਤੀ ਚੋਣ ਸਮੇਂ ਸਹਾਇਤਾ ਕਰਨੀ ਤਾਂ ਪੰਜਾਬੀਆਂ ਦੇ ਹਿੱਤਾਂ ਖਿਲਾਫ਼ ਹੈ। ਉਨ੍ਹਾਂ ਨੇ ਹੀ ਤਾਂ ਪੰਜਾਬ ਨੂੰ ਲੁਟਵਾਇਆ ਹੈ।

ਸੋ ਸਾਡੀ ਰਾਇ ਵਿਚ ਤਾਂ ਪੰਜਾਬ ਦੇ ਮਸਲਿਆਂ ਬਾਰੇ ਤੇ ਮੰਗਾਂ ਬਾਰੇ ਸਾਰੇ ਪੰਜਾਬੀਆਂ ਨੂੰ ਸਾਂਝਾ ਸੰਘਰਸ਼ ਕਰਨਾ ਚਾਹੀਦਾ ਹੈ ਜਿਸ ਵਿਚ ਅਕਾਲੀ ਭੀ ਸ਼ਾਮਲ ਹੋਣ ਤੇ ਦੂਸਰੇ ਭੀ ਵੱਧ ਅਧਿਕਾਰਾਂ ਵਾਸਤੇ ਸਾਂਝਾ ਸੰਘਰਸ਼ ਕਰਨ। ਏਥੇ ਤਾਂ ਪਹਿਲਾਂ ਹੀ ਲੁਟੇਰੀ ਜਮਾਤ ਵਲੋਂ 43% ਅਨਭੋਲ ਹਿੰਦੂਆਂ ਨੂੰ ਉਕਸਾਇਆ ਗਿਆ ਸੀ ਕਿ ਉਹਨਾਂ ਦੀ ਮਾਂ-ਬੋਲੀ ਪੰਜਾਬੀ ਨਹੀਂ ਹੈ।

ਚੰਡੀਗੜ੍ਹ ਦੀ ਮੰਗ ਨਾਲੋਂ ਥੀਨ ਡੈਮ ਦੀ ਮੰਗ ਉੱਪਰ ਪਹਿਲ ਬਣਦੀ ਹੈ। ਚੰਡੀਗੜ੍ਹ ਦੀ ਵਿਸ਼ੇਸ਼ਤਾ

ਹਰਿਆਣਾ ਬਣਨ ਤੋਂ ਪਹਿਲਾਂ ਸੀ। ਹੁਣ ਕਿਸੇ ਨੂੰ ਭੀ ਮਿਲੇ ਇਹ ਸਫੇਦ ਹਾਥੀ ਤੋਂ ਵਧ ਕੁਝ ਨਹੀਂ। ਆਮ ਪੰਜਾਬੀਆਂ ਦਾ ਜਾਂ ਹਰਿਆਣੇ ਦੇ ਲੋਕਾਂ ਦਾ ਇਸ ਨਾਲ ਸਬੰਧ ਨਹੀਂ ਹੈ ਕਿਉਂਕਿ ਇਹ ਨੁਕਰ ਵਿਚ ਹੈ। ਜੇ ਦੋਨੋ ਸੂਬੇ ਇਸ ਨੂੰ ਛੱਡ ਦੇਣ ਤਾਂ ਦੋਵਾਂ ਦੇ ਲੋਕ ਸੁਖੀ ਰਹਿਣਗੇ।

—ਸੁਖਦੇਵ ਸਿੰਘ

## 5. ਪ੍ਰੋ: ਭਾਰਦਵਾਜ ਦੇ ਲੇਖ ਵਾਲੀ ਗੈਰ ਵਿਗਿਆਨਕ ਪਹੁੰਚ ਬਾਰੇ

ਸਭ ਤੋਂ ਪਹਿਲਾਂ ਇਹ ਸਪਸ਼ਟ ਕਰਨਾ ਜ਼ਰੂਰੀ ਹੈ, ਕਿ ਕਿਉਂਕਿ ਲੇਖ ਵਿਚ ਪ੍ਰੋ: ਸਾਹਿਬ ਨੇ 'ਆਨੰਦਪੁਰ ਦੇ ਮਤੇ' ਅਤੇ 'ਧਰਮ-ਯੁੱਧ' ਬਾਰੇ ਵਿਗਿਆਨਕ ਨਜ਼ਰੀਆ ਅਖਤਿਆਰ ਕਰਨ ਦੀ ਮੰਗ ਕੀਤੀ ਹੈ। ਇਸ ਲਈ ਮੈਂ ਵੀ ਇਸ ਲੇਖ ਦੀ ਪੜਚੋਲ ਵਿਗਿਆਨਿਕ ਨਜ਼ਰੀਏ ਤੋਂ ਹੀ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਲੇਖ ਵਿਚ ਪ੍ਰੋ: ਸਾਹਿਬ ਨੇ. ਸਭ ਤੋਂ ਵੱਧ ਜ਼ੋਰ ਤੇ ਥਾਂ ਇਹ ਸਮਝਾਉਣ ਨੂੰ ਦਿੱਤਾ ਹੈ ਕਿ "ਵੱਧ ਅਧਿਕਾਰ ਮਿਲਣ ਨਾਲ ਸੂਬਿਆਂ ਨੂੰ ਕੀ ਕੀ ਅਹਿਮ ਲਾਭ ਹੋ ਸਕਦੇ ਹਨ।" ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਮੰਗ ਜ਼ਾਇਜ਼ ਹੈ ਤੇ ਕੋਈ ਵੀ ਸੂਝਵਾਨ ਇਨਸਾਨ ਇਸ ਤੋਂ ਮੁਨਕਰ ਨਹੀਂ ਹੋ ਸਕਦਾ। ਪਰ ਇਸ ਮੰਗ ਦੇ ਸਮਰਥਨ ਸਬੰਧੀ ਪ੍ਰੋ: ਸਾਹਿਬ ਦਾ ਨਜ਼ਰੀਆ ਹੈ, "ਇਹ ਨਾ ਵੇਖੋ ਕੌਣ ਕਹਿੰਦਾ ਹੈ, ਇਹ ਦੇਖੋ ਕੀ ਕਹਿੰਦਾ ਹੈ ?" ਜਦੋਂ ਕਿ ਵਿਗਿਆਨਿਕ ਨਜ਼ਰੀਆਂ ਮੰਗ ਕਰਦਾ ਹੈ ਕਿ, ' ਸਿਰਫ਼ ਏਹੀ ਨਾ ਵੇਖੋ ਕਿ ਕੌਣ ਕਹਿੰਦਾ ਹੈ ਤੇ ਕੀ ਕਹਿੰਦਾ ਹੈ,ਸਗੋਂ ਇਹ ਵੀ ਦੇਖੋ ਕਿ ਕਿਉਂ ਕਹਿੰਦਾ ਹੈ ?"

ਇਸ ਤੋਂ ਬਿਨਾਂ ਹੋਰ ਵੀ ਥਾਂ ਥਾਂ ਤੇ ਗੈਰ-ਵਿਗਿਆਨਿਕ ਪਹੁੰਚ ਦੀਆਂ ਸਪਸ਼ਟ ਮਿਸਾਲਾਂ ਮਿਲਦੀਆਂ ਹਨ। ਜਿਨ੍ਹਾਂ ਨੂੰ ਸਿਲਸਿਲੇਵਾਰ ਲੈਣ ਦਾ ਯਤਨ ਕੀਤਾ ਗਿਆ ਹੈ—

ਸਫ਼ਾ 3 ਉਤੇ "ਇਕ ਬੇਨਤੀ" ਸਿਰਲੇਖ ਹੇਠ ਲਿਖਿਆ ਹੈ, "ਇਸ ਸੰਘਰਸ਼ ਨੂੰ...ਇਹ ਪਹੁੰਚ ਵੀ ਸਾਇੰਟੀਫਿਕ ਪਹੁੰਚ ਨਹੀਂ ਹੋਵੇਗੀ।" ਪਤਾ ਨਹੀਂ ਇਹ ਲਿਖ ਕੇ ਪ੍ਰੋ:ਸਾਹਿਬ ਕੀ ਕਹਿਣਾ ਚਾਹੁੰਦੇ ਹਨ ? ਕਿਉਂਕਿ "ਸਾਇੰਟੀਫਿਕ ਪਹੁੰਚ" ਰੱਖਣ ਦਾ ਦਾਵਾਕਰਨ ਵਾਲਿਆਂ ਲਈ ਤਾਂ ' ਜ਼ਾਤੇ-ਬਿਰਾਦਰੀ" ਜਾਂ "ਮਜ਼ਹਬ" ਦਾ ਸੁਆਲ ਹੀ ਪੈਦਾ ਨਹੀਂ ਹੁੰਦਾ. ਤੇ ਨਾ ਹੀ ਕਿਸੇ ਕਮਿਊਨਿਸਟ ਪਾਰਟੀ ਜਾਂ ਗਰੁਪ ਨੇ ਇਸ ਆਧਾਰ ਤੇ "ਧਰਮ-ਯੁੱਧ" ਦੀ ਵਿਰੋਧਤਾ ਕੀਤੀ ਹੀ ਹੈ। ਹਾਂ ਜੋ ਸਿਆਸੀ ਪਾਰਟੀਆਂ ਜਾਂ ਜਥੇਬੰਦੀਆਂ (ਬੀ. ਜੇ. ਪੀ. ਜਾਂ ਹਿੰਦੂ ਰਖਿਆ ਸੰਮਤੀ ਆਈ), "ਜਾਤ-ਬਿਰਾਦਰੀ" ਜਾਂ "ਮਜ਼ਹਬ" ਦੇ ਆਧਾਰ ਤੇ ਵਿਰੋਧਤਾ ਕਰ ਰਹੀਆਂ ਹਨ, ਕੀ ਉਨ੍ਹਾਂ ਦੀ "ਸਾਇੰਟੀਫਿਕ-ਪਹੁੰਚ" ਬਾਰੇ ਵੀ ਕਿਸੇ ਨੂੰ ਕੋਈ ਭਰਮ ਹੈ ?

ਸਫ਼ਾ 4 ਤੇ ਪਹਿਲਾ ਪਹਿਰਾ, "ਐਹੋ ਜਿਹੇ ਬੇ-ਗੈਰਤ...ਸਾਥ ਦੇਣ ਬਣਦਾ ਹੈ ਕਿ ਨਹੀਂ...??? ਹਾਂ ਸਾਥ ਦੇਣਾ ਬਣਦਾ ਹੈ, ਪਰ ਅੱਖਾਂ ਬੰਦ ਕਰਕੇ ਨਹੀਂ ! ਸਗੋਂ ਅੱਖਾਂ ਖੋਲ੍ਹ ਕੇ। ਕਿਉਂਕਿ ਸਾਥ ਦੇਣ ਤੋਂ ਪਹਿਲਾਂ, ਸਾਨੂੰ ਲਾਜ਼ਮੀ ਹੀ ਇਹ ਵੇਖਣਾ ਪਵੇਗਾ ਕਿ ਐਸਾ ਐਲਾਨ ਕਰਨ ਵਾਲੇ ਦਾ ਆਪਣਾ ਰੁੱਖ ਜਾਂ ਨਜ਼ਰੀਆ ਕੀ ਹੈ ? ਕੀ ਉਹ ਅਪਣੇ ਹਿਤਾਂ ਲਈ, ਜਨਤਾ ਨੂੰ ਇਸ ਤੋਂ ਵੀ ਭੈੜੀ ਹਾਲਤ ਵਿਚ ਤਾਂ ਨਹੀਂ ਸੁੱਟ ਦੇਵੇਗਾ ? ਵੈਸੇ ਵੀ ਜਦੋਂ ਸਿਆਸਤ, ਧਰਮ ਦੀ ਕਮਾਂਡ ਹੇਠ ਚਲਦੀ ਹੋਵੇ (ਪਾਕਿਸਤਾਨ ਤੇ ਈਰਾਨ ਵਾਂਗ), ਉਦੋਂ ਜਮਹੂਰੀਅਤ ਅਤੇ ਮੁੱਢਲੇ ਮਨੁੱਖੀ ਅਧਿਕਾਰਾਂ ਦਾ ਕੀ ਹਸ਼ਰ ਹੁੰਦਾ ਹੈ ? ਕਿਸੇ ਤੋਂ ਸ਼ਾਇਦ ਹੀ ਗੁੱਝਾ ਹੋਵੇਗਾ।

ਸਫ਼ਾ 5 ਕਾਲਮ 2 ਲਾਈਨ 13, "ਇਥੇ ਇਹ ਗੱਲ ਵੀ ਸਾਨੂੰ .....ਨਿਰਪੱਖ ਇਤਿਹਾਸ ਲਿਖਿਆ ਗਿਆ !!! ਇਹ ਬਿਲਕੁਲ ਦਰੁਸਤ ਹੈ ਕਿ ਅਕਾਲੀ-ਦਲ ਦਾ ਪੁਰਾਣਾ ਇਤਿਹਾਸ, ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਬੜੇ ਸ਼ਾਨਦਾਰ ਘੋਲਾਂ ਨਾਲ ਭਰਿਆ ਪਿਆ ਹੈ। ਪਰ ਪ੍ਰੋ: ਸਾਹਿਬ ਨੂੰ ਚਾਹੀਦਾ ਹੈ ਕਿ ਉਹ ਦੇਸ਼ ਦੇ ਬਦਲੇ ਹੋਏ ਆਰਥਿਕ, ਰਾਜਨੀਤਕ ਤੇ ਸਮਾਜਿਕ ਹਾਲਾਤ ਨੂੰ ਧਿਆਨ ਵਿੱਚ ਰੱਖਣ ? ਕਿਉਂਕਿ ਕੌਮੀ-ਮੁਕਤੀ ਘੋਲ ਦੌਰਾਨ, ਹਾਂ-ਪੱਖੀ ਕਿਰਦਾਰ ਵਾਲੀਆਂ ਵਧੇਰੇ ਪਾਰਟੀਆਂ "ਨਵ-ਜਮਹੂਰੀਅਤ" ਅਤੇ ਸਮਾਜਵਾਦ ਲਈ ਘੋਲ ਦੇ ਮੌਜੂਦਾ ਪੜਾਅ ਵਿਚ, ਆਪਣੇ ਜਮਾਤੀ ਹਿੱਤਾਂ ਕਾਰਨ ਤੇ ਵਿਗਿਆਨਕ ਨਜ਼ਰੀਆ ਨਾ ਹੋਣ ਕਾਰਨ; ਲੋਕ-ਵਿਰੋਧੀ ਤੇ ਪਿਛੇ-ਖਿੜੂ ਖਾਸਾ ਅਖਤਿਆਰ ਕਰ ਗਈਆਂ ਹਨ। ਸੋ ਕੋਈ ਕਾਰਨ ਨਹੀਂ ਕਿ ਅਸੀਂ ਹੁਣ ਵੀ ਅੱਖਾਂ ਮੀਟ ਕੇ ਅਕਾਲੀ-ਦਲ ਦੇ "ਇਨਕਲਾਬੀ" ਹੋਣ ਦਾ ਗੁਣ-ਗਾਨ ਕਰੀ ਜਾਈਏ ?

ਸਫ਼ਾ 6 ਕਾਲਮ 2 ਲਾਈਨ 9, "ਹਾਂ ਇਕ ਦੋ ਜਗ੍ਹਾ ਬੇਸ਼ਕ ਆਵਾਜ ਉਠਾਉਣ ਵਾਲੇ ਆਗੂ ਸਹੀ ਮਾਇਨਿਆਂ ਵਿਚ ਲੋਕ-ਪੱਖੀ ਨਹੀਂ ਹਨ (ਜਿਵੇਂ ਆਸਾਮ ਤੇ ਨਾਗਾਲੈਂਡ)" ਇਹ ਲਿਖ ਕੇ ਲੇਖਕ ਨੇ ਅਸਿੱਧੇ ਤੌਰ ਤੇ ਬਾਕੀ ਥਾਵਾਂ ਤੇ ਵੱਧ ਅਧਿਕਾਰਾਂ ਦੀ ਮੰਗ ਕਰਨ ਵਾਲੇ ਆਗੂਆਂ ਨੂੰ "ਸਹੀ ਮਾਇਨਿਆਂ ਵਿਚ,"ਲੋਕ-ਪੱਖੀ" ਕਰਾਰ ਦਿੱਤਾ ਹੈ। ਕੀ ਇਹ ਮੰਨਣ-ਯੋਗ ਹੈ ? ਜੇ ਆਸਾਮ ਅੰਦੋਲਨ ਦੇ ਆਗੂ, ਵੱਧ

ਅਧਿਕਾਰਾਂ ਦੀ ਮੰਗ ਦੇ ਨਾਲ ਨਾਲ, ਸ਼ਰਨਾਰਥੀਆਂ ਤੇ ਬੰਗਲਾ ਦੇਸ਼ੀਆਂ ਨੂੰ ਉਥੋਂ ਕੱਢਣ ਦੀ ਮੰਗ ਕਰਨ ਕਾਰਨ, ਲੋਕ-ਵਿਰੋਧੀ ਹਹੈ, ਤਾਂ ਜੰਮੂ-ਕਸ਼ਮੀਰ ਵਿਚ ਮੁਸਲਿਮ ਤਬਕੇ ਨੂੰ ਨਜ਼ਾਇਜ ਸ਼ਹਿ ਦੇਣ ਵਾਲੀ ਤੇ ਅੱਜ ਤੀਕ ਤਬਕੇ ਨੂੰ ਨਜਾਇਜ਼ ਸ਼ਹਿ ਦੇਣ ਵਾਲੀ ਤੇ ਅੱਜ ਤੀਕ ਸੂਬੇ ਵਿਚਲੇ ਰਿਫ਼ੂਜੀਆਂ ਨੂੰ ਨਾਗਰਿਕ ਅਧਿਕਾਰ ਨਾ ਦੇਣ ਵਾਲੀ ਨੈਸ਼ਨਲ ਕਾਨਫਰੰਸ, ਕਿਵੇਂ ਲੋਕ-ਪੱਖੀ ਹੋਈ? ਨਾਲੇ ਜੇ ਨਾਗਾਲੈਂਡ ਦੇ ਗੁਰੀਲਾ ਗਰੁਪ [ਜੋ ਕਈ ਦਹਾਕਿਆਂ ਤੋਂ ਖੁਦ-ਮੁਖਤਿਆਰੀ ਲਈ ਕੇਂਦਰ ਨਾਲ ਸਿੱਧੀ ਹਥਿਆਰਬੰਦ ਟੱਕਰ ਲੈ ਰਹੇ ਹਨ] ਲੋਕ-ਵਿਰੋਧੀ ਹਨ ਤਾਂ ਪੰਜਾਬ ਵਿਚ "ਖਾਲਸੇ ਦੇ ਬੋਲਬਾਲੇ" ਦੀ ਮੰਗ ਕਰਨ ਵਾਲਾ ਅਕਾਲੀ-ਦਲ [ਜੋ ਵੱਖਵਾਦੀਆਂ ਦੀ ਅਤੇ ਜਨੂੰਨੀ ਫਿਰਕਾਪ੍ਰਸਤਾਂ ਦੀ; ਜਿਹੜੇ ਲੰਮੇ ਸਮੇਂ ਤੋਂ ਨਿਰੰਕਾਰੀਆਂ, ਹਿੰਦੂਆਂ (ਤੇ ਇਥੋਂ ਤੱਕ ਕਿ ਕਮਿਊਨਿਸ਼ਟਾਂ)ਨੂੰ; ਕਤਲਾਂ ਕਤਲਾਨਾ ਹਮਲਿਆਂ ਬੰਬ-ਧਮਾਕਿਆਂ ਜਾਂ ਗਊਆਂ ਦੇ ਸਿਰ ਵੱਢਣ ਵਰਗੀਆਂ ਕਰਤੂਤਾਂ ਰਾਹੀਂ ਭੜਕਾ ਕੇ—ਫਿਰਕੂ ਫ਼ਸਾਦ ਕਰਵਾਉਣ ਦੀਆਂ ਕੋਸ਼ਿਸ਼ਾਂ ਵਿਚ ਰੁਝੇ ਹੋਏ ਹਨ] ਸਿੱਧੀ ਅਤੇ ਅਸਿੱਧੀ ਹਮਾਇਤ ਕਰ ਰਿਹਾ ਹੈ] ਲੋਕ-ਪੱਖੀ ਕਿਵੇਂ ਹੋਇਆ? ਲੇਖਕ ਇਹ ਦੂਹਰੇ ਮਿਆਰ ਕਿਉਂ ਵਰਤ ਰਿਹਾ ਹੈ?

ਉਹੀ ਸਫ਼ਾ ਲਾਈਨ 13, "ਉਹ ਸੂਬੇ ਵੀ ਇੰਦਰਾ-ਕੁਣਬੇ' ਤੋਂ ਮੁਕਤੀ ਨਹੀਂ ਲੋਚ ਰਹੇ।" ਕੀ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਮੰਗ ਕੇਵਲ 'ਇੰਦਰਾ-ਕੁਣਬੇ' ਤੋਂ ਮੁਕਤੀ ਲੋਚਣ ਤੱਕ ਹੀ ਸੀਮਿਤ ਹੈ? ਤਾਂ ਫੇਰ ਜਨਤਾ-ਰਾਜ ਦੌਰਾਨ, ਸੂਬਿਆਂ ਨੂੰ ਵੱਧ ਅਧਿਕਾਰ ਮਿਲ ਹੀ ਗਏ ਹੋਣਗੇ? ਕੀ ਕੇਵਲ ਇੰਦਰਾ ਨੂੰ ਹੀ ਨਿਸ਼ਾਨਾ ਬਣਾ ਕੇ ਲੇਖਕ, ਇਸ ਲੋਕ-ਵਿਰੋਧੀ ਸਰਮਾਏਦਾਰਾ-ਜਾਗੀਰਦਾਰ ਢਾਂਚੇ ਦੀਆਂ ਹਿਮਾਇਤੀ ਬਾਕੀ ਸਿਆਸੀ ਪਾਰਟੀਆਂ ਦਾ ਲੋਕ-ਦੋਖੀ ਖਾਸਾ ਲੁਕਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ?

ਸਫ਼ਾ 38 ਕਾਲਮ ਇਕ ਪਹਿਰਾ ਤੀਜਾ, "ਅਗਰ ਜੇ ਚੰਦ ਪਾਨ-ਬੀੜੀ ਵਾਲਿਆਂ ਨੂੰ ਕੈਂਪਾ ਕੋਲਾ ਜਾਂ ਫੈਂਟਾ ਵੇਚਣਾ ਪੈ ਜਾਊ, ਤਾਂ ਕੀ ਆਸਮਾਨ ਡਿਗ ਪਵੇਗਾ?" ਬਿਲਕੁਲ ਨਹੀਂ, ਕੋਈ ਆਸਮਾਨ ਨਹੀਂ ਡਿੱਗਣ ਲੱਗਾ! ਪਰ ਅੰਮ੍ਰਿਤਸਰ ਵਿਚਲੇ, ਤੰਬਾਕੂ ਦੇ ਆਦੀ ਹੋ ਚੁੱਕੇ ਹਜ਼ਾਰਾਂ ਨਾਗਰਿਕਾਂ ਬਾਰੇ ਕੀ ਖ਼ਿਆਲ ਹੈ? ਕੀ ਸਰਕਾਰ ਵਲੋਂ ਸ਼ਹਿਰ ਨੂੰ "ਪਵਿੱਤਰ ਕਰਾਰ ਦੇਣ ਰਹਿੰਦੇ, ਅਕਾਲੀ ਸ਼ਹਿਰ ਨੂੰ "ਪਵਿੱਤਰ" ਕਿਵੇਂ ਮੰਨ ਸਕਦੇ ਨੇ? ਤੇ ਕੀ ਲੇਖਕ ਇਸ ਗੱਲ ਦੀ ਗਾਰੰਟੀ ਲੈ ਸਕਦਾ ਹੈ, ਕਿ ਕਾਨੂੰਨ ਨੂੰ ਵੀ ਅਪਣੇ ਹੱਕ ਵਿਚ ਕਰਨ ਮਗਰੋਂ, ਸਿੱਖ ਜਨੂੰਨੀ ਤੇ ਫਿਰਕਾਪ੍ਰਸਤ; ਤੰਬਾਕੂ ਵਰਤਣ ਵਾਲਿਆਂ ਨੂੰ ਕੁੱਟ-ਮਾਰ ਜਾਂ ਡਰਾ-ਧਮਕਾ ਕੇ, ਸ਼ਹਿਰੋਂ ਭਜਾਉਣ 'ਤੇ ਸ਼ਹਿਰ ਨੂੰ "ਮੁਕੰਮਲ" ਤੌਰ ਤੇ ਪਵਿੱਤਰ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨਗੇ? ਤੇ ਨਵੇਂ ਫ਼ਸਾਦ ਨਹੀਂ ਭੜਕਣਗੇ?

ਉਹੀ ਪਹਿਰਾ, "ਕੀ ਇਹ ਤੁਸੀਂ ਹੀ ਨਹੀਂ ਹੋ... ਦੋਸ਼ੀ ਕਿਸ ਨੂੰ ਕਹਾਂਗੇ।" ਕੀ ਪ੍ਰੋ: ਸਾਹਿਬ ਦਾ ਵਿਗਿਆਨਕ ਨਜ਼ਰੀਆ ਇਹੋ ਹੀ ਹੈ? ਕੀ ਲੋਕ-ਪੱਖੀ ਤੇ ਜਮ੍ਹੂਹਰੀ ਸ਼ਕਤੀਆਂ ਨੂੰ, ਉਹ ਨੀਹਾਂ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜੋ ਲੋਕ-ਵਿਰੋਧੀ ਹਾਮਕ-ਜਮਾਤਾਂ, ਫਿਰਕੂ ਲੋਕਾਂ ਨੂੰ ਪਾੜਨ ਅਤੇ ਆਪਸ ਵਿਚ ਲੜਾਉਣ ਖਾਤਿਰ ਪਹਿਲਾਂ ਹੀ ਭਰ ਚੁੱਕੀਆਂ ਹਨ? ਜਾਂ ਫਿਰ ਉਨ੍ਹਾਂ ਨੂੰ ਹੋਰ ਮਜ਼ਬੂਤ ਕਰਨ ਦੀ?

ਉਹੀ ਪਹਿਰਾ, "ਕੀ ਤੁਹਾਡੇ ਦਿੱਲੀ ਵਿਚ ਹੀ ਅਨੇਕਾਂ ਹੋਟਲਾਂ ਵਿਚ ਨੰਗੇ ਡਾਨਸ...ਬਸ ਤਕਲੀਫ਼ ਤੋਂ ਤੁਹਾਨੂੰ ਹਰੀ-ਮੰਦਰ ਸਾਹਿਬ ਤੋਂ ਇਕ ਘੰਟਾ ਸ਼ਬਦ ਕੀਰਤਨ ਲੱਗ ਜਾਣ ਤੇ ਹੁੰਦੀ ਹੈ।" ਸਾਨੂੰ [ਜੇ ਅਸੀਂ ਅਪਣੇ ਆਪ ਨੂੰ ਵਿਗਿਆਨਕ ਨਜ਼ਰੀਏ ਦੇ ਹਾਮੀ ਕਹਾਉਂਦੇ ਹਾਂ[ ਹਾਕਮ-ਜਮਾਤਾਂ ਵਲੋਂ ਅਪਣੇ ਜਮਾਤੀ ਹਿੱਤਾਂ ਦੀ ਸੁਰਖਿਆ ਲਈ; ਜਨ-ਸਧਾਰਨ ਨੂੰ ਗੁੰਮਰਾਹ ਕਰਨ, ਭ੍ਰਿਸ਼ਟ ਕਰਨ ਤੇ ਨੈਤਿਕ ਪਤਨ ਵੱਲ ਧੱਕਣ ਦਾ [ਲਚਰ ਸਾਹਿਤ, ਗੰਦੇ ਗੀਤਾਂ, ਘਟੀਆਂ ਫ਼ਿਲਮਾਂ, ਨੰਗੇ ਨਾਚਾਂ ਅਤੇ ਨਸ਼ਿਆਂ ਰਾਹੀਂ] ਸਖ਼ਤ ਵਿਰੋਧ ਕਰਨਾ ਚਾਹੀਦਾ ਹੈ (ਤੇ ਸਮਰੱਥਾ ਮੁਤਾਬਿਕ ਕੀਤਾ ਵੀ ਜਾ ਰਿਹਾ ਹੈ) ਨਾ ਕਿ ਹੋਰ ਵੀ ਸੁਧਰੇ ਢੰਗਾਂ ਤੇ ਲੁਕਵੇਂ ਨਸ਼ਿਆਂ ਰਾਹੀਂ (ਅਖੌਤੀ ਸ਼ਬਦ-ਕੀਰਤਨ ਅਤੇ ਧਾਰਮਿਕ ਜਨੂੰਨ ਦਾ ਨਸ਼ਾ) ਉਨ੍ਹਾਂ ਨੂੰ ਹੋਰ ਵਧੇਰੇ ਗੁੰਮਰਾਹ ਕਰਨ ਦੀ ਮੰਗ ਜਾਂ ਮੰਗ ਦੀ ਹਿਮਾਇਤ ਕਰਨੀ ਚਾਹੀਦੀ ਹੈ। ਧਰਮ-ਨਿਰਪੱਖਤਾ ਦਾ ਅਰਥ, ਸਭ ਧਰਮਾਂ ਤੋਂ ਨਿਰਪੱਖ ਰਹਿ ਕੇ, ਧਰਮ ਨੂੰ ਇਕ ਵਿਅਕਤੀਗਤ ਮਸਲਾ ਮੰਨਣਾ ਹੈ ਨਾ ਕਿ ਸਭ ਧਰਮਾਂ ਨੂੰ ਇਕਸਾਰ ਵਧੇਰੇ ਉਤਸ਼ਾਹ ਦੇਣਾ।

**ਅਨੰਦਪੁਰ ਦੇ ਮਤੇ ਸੰਬੰਧੀ** :—ਕਿਸੇ ਵੀ ਮਸਲੇ ਵਿਚ ਅਸਲੀ ਮਹੱਤਤਾ ਕੇਵਲ ਕਾਗਜ਼ ਤੇ ਲਿਖੇ ਸ਼ਬਦਾਂ ਦੀ ਨਹੀਂ ਹੁੰਦੀ; ਸਗੋਂ ਇਸ ਦੀ ਹੁੰਦੀ ਹੈ ਕਿ ਉਨ੍ਹਾਂ ਤੇ ਅਮਲ ਕਿਵੇਂ ਕੀਤਾ ਜਾਂਦਾ ਹੈ। ਜਾਵੇਗਾ। ਪਰ ਇਸ ਨਜ਼ਰ ਨਾਲ ਪਰਖਣ ਦੀ ਥਾਂ, ਲੇਖਕ ਇਸ ਤਰ੍ਹਾਂ ਪੇਸ਼ ਕਰ ਰਿਹਾ ਹੈ, ਜਿਵੇਂ ਕੇਵਲ ਅਨੰਦ-ਪੁਰ ਦਾ ਮਤਾ ਮੰਨ ਲੈਣ ਨਾਲ ਹੀ ਦੇਸ਼/ਸੂਬੇ ਦੇ ਲੋਕਾਂ ਦੇ ਸਾਰੇ ਦੁੱਖਾਂ ਦਰਦਾਂ ਦਾ ਇਲਾਜ਼ ਹੋ ਜਾਵੇਗਾ।

ਜੇ ਕੋਈ ਇਹ ਸੋਚਦਾ ਹੈ, ਆਨੰਦਪੁਰ ਦਾ ਮਤਾ ਮੰਨਵਾਉਣ ਤੋਂ ਬਾਦ ਸੱਤਾ ਵਿਚ ਆ ਕੇ ਅਕਾਲੀ-ਦਲ ਇਸ ਨੂੰ ਸਰਮਾਏਦਾਰਾਂ ਉੱਪਰ ਉਸੇ ਤਰ੍ਹਾਂ ਲਾਗੂ ਕਰੇਗਾ; ਜਿਵੇਂ ਪ੍ਰੋ. ਸਾਹਿਬ ਨੇ ਪੇਸ਼ ਕੀਤਾ ਹੈ, ਤਾਂ ਉਹ ਮੂਰਖਾਂ ਦੇ ਸਵਰਗ ਵਿਚ ਰਹਿ ਰਿਹਾ ਹੈ।

ਅਸਲ ਵਿਚ ਇਹ ਮਤਾ ਜਾਂ "ਧਰਮ-ਯੁੱਧ", ਲੋਕਾਂ ਦੀ ਦਿਨ-ਬ-ਦਿਨ ਵਿਗੜ ਰਹੀ ਆਰਥਿਕ ਹਾਲਤ ਕਰਨ, ਪੈਦਾ ਹੋ ਰਹੇ ਰੋਹ ਤੇ ਨਫ਼ਰਤ ਨੂੰ ਅਸਲੀ ਨਿਸ਼ਾਨੇ ਤੋਂ ਭਟਕਾਉਣ ਦੀ ਅਤੇ ਇਸ ਨੂੰ ਆਪਣੇ ਹੱਕ ਵਿਚ ਵਰਤ ਕੇ ਸੱਤਾ ਤੇ ਕਾਬਿਜ਼ ਹੋ ਸਕਣ ਦੀ ਅਕਾਲੀ-ਦਲ ਦੀ ਮੌਜੂਦਾ ਯੁੱਧ-ਨੀਤੀ ਦੀ ਇਕ ਮਾਹਿਰ ਚਾਲ ਹੈ। ਚਾਲ, ਜਿਹੜੀ ਇਸ ਲੋਕ-ਦੋਖੀ ਆਰਥਿਕ—ਰਾਜਨੀਤਿਕ ਢਾਂਚੇ ਨੂੰ ਲੋਕ-ਰੋਹ ਤੋਂ ਬਚਾਉਣ ਲਈ, ਇਕ ਸੇਫ਼ਟੀ-ਵਾਲਵ ਦਾ ਵੀ ਕੰਮ ਕਰ ਰਹੀ ਹੈ।

ਜਿੱਥੋਂ ਤੱਕ ਅਕਾਲੀ-ਦਲ ਵੱਲੋਂ ਖ਼ਾਲਿਸਤਾਨ ਦੀ ਮੰਗ ਹਿਮਾਇਤ ਦਾ ਸੁਆਲ ਹੈ, ਇਸ ਵਲੋਂ ਵੀ ਅਕਾਲੀ-ਦਲ ਨੇ ਆਪਣੇ ਦਰਵਾਜ਼ੇ ਪੂਰੀ ਤਰ੍ਹਾਂ ਕਦੇ ਵੀ ਬੰਦ ਨਹੀਂ ਕੀਤੇ। ਦੇਸ਼ ਵਿਚਲੀਆਂ ਹਾਲਤਾਂ ਹੋਰ ਵੀ ਕਿਤੇ ਵਧੇਰੇ ਵਿਗੜ ਜਾਣ ਉੱਤੇ ਅਤੇ ਲੋਕਾਂ ਅੰਦਰ ਸਮਾਜਵਾਦੀ ਢਾਚੇ ਵੱਲ ਜ਼ੋਰਦਾਰ ਰੁੱਚੀ ਤੇ ਝੁਕਾਅ ਪੈਦਾ ਹੋਣ ਦੀ ਹਾਲਤ ਵਿਚ; ਆਮ ਸਿੱਖ-ਜਨਤਾ ਨੂੰ ਉਧਰੋਂ ਮੋੜਨ ਤੇ ਭੁਲੇਖੇ ਵਿਚ ਪਾਉਣ ਖਾਤਰ, ਅਕਾਲੀ-ਦਲ ਭਵਿਖ ਵਿਚ ਕਦੇ ਵੀ ਇਕ ਖੁਦ-ਮੁਖਤਿਆਰ ਦੇਸ਼ ਜਾਂ ਖ਼ਾਲਿਸਤਾਨ ਦੀ ਮੰਗ ਨੂੰ; ਲੋਕਾਂ ਦੇ ਸਾਰੇ ਦੁੱਖ-ਦਰਦਾਂ ਦੇ ਅੰਤਮ ਇਲਾਜ ਵਜੋਂ ਸਾਹਮਣੇ ਲਿਆ ਸਕਦਾ ਹੈ। ਇਸ ਲਈ ਅਜਿਹੇ ਨਿਰੋਲ ਆਰਥਿਕ ਰਾਜਨੀਤਿਕ ਮਾਮਲਿਆਂ ਦੇ ਸੰਦਰਭ ਵਿਚ ਪ੍ਰੋ: ਸਾਹਿਬ ਦੀਆਂ, "ਸਰਬੱਤ ਦਾ ਭਲਾ ਮੰਗਣ", ਵਰਗੀਆਂ ਜਜ਼ਬਾਤੀ ਦਲੀਲਾਂ ਦਾ ਕੋਈ ਮੁੱਲ ਨਹੀਂ।

ਨਾਲੇ ਪ੍ਰੋ: ਸਾਹਿਬ ਇਸ ਲੇਖ ਵਿਚ ਅਕਾਲੀ-ਦਲ ਵੱਲੋਂ ਜ਼ੋਰ-ਸ਼ੋਰ ਨਾਲ ਚੁੱਕੇ ਜਾ ਰਹੇ, "ਸਿੱਖ ਇਕ ਵੱਖ ਕੌਮ ਹਨ", ਵਰਗੇ ਗ਼ੈਰ-ਵਿਗਿਆਨਕ ਨਾਹਰੇ ਸੰਬੰਧੀ ਬਿਲਕੁਲ ਖ਼ਾਮੋਸ਼ ਕਿਉਂ ਹਨ? ਕੀ ਉਹ ਧਰਮ ਦੇ ਆਧਾਰ ਉੱਤੇ ਕੌਮ ਦੀ ਹੋਂਦ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਦਰੁੱਸਤ ਸਮਝਦੇ ਹਨ? ਜੇ ਨਹੀਂ, ਤਾਂ ਉਨ੍ਹਾਂ ਨੇ ਆਪਣੇ ਦ੍ਰਿਸ਼ਟੀਕੋਣ ਮੁਤਾਬਿਕ ਇਸ ਦੀ ਆਲੋਚਨਾ ਜਾਂ ਸਹੀ ਵਿਆਖਿਆ ਕਰਨੀ ਜ਼ਰੂਰੀ ਕਿਉਂ ਨਹੀਂ ਸਮਝੀ? ਜਦੋਂ ਕਿ "ਧਰਮ-ਯੁੱਧ" ਨਾਲ ਸੰਬੰਧਿਤ ਇਹ ਇਕ ਸਭ ਤੋਂ ਵਧੇਰੇ ਵਾਦ-ਵਿਵਾਦ ਵਾਲਾ ਵਿਸ਼ਾ ਹੈ। ਕੀ ਆਉਣ ਵਾਲੇ ਸਮੇਂ ਵਿਚ, ਆਪਣੇ ਸਿਆਸੀ ਹਿੱਤਾਂ ਨੂੰ ਮੱਦੇ-ਨਜ਼ਰ ਰੱਖਦਿਆਂ, ਅਕਾਲੀ-ਦਲ ਇਸੇ ਨਾਹਰੇ ਦੀ ਆੜ ਹੇਠ ਕੌਮੀ ਖੁਦ-ਮੁਖਤਿਆਰੀ ਦੀ ਮੰਗ ਨਹੀਂ ਕਰੇਗਾ? ਜੇ ਨਹੀਂ, ਤਾਂ ਫਿਰ ਉਸ ਨੂੰ ਬੇ-ਮਤਲੱਬ ਹੀ ਇਹ ਨਾਹਰਾ ਚੁੱਕਣ ਦੀ ਜ਼ਰੂਰਤ ਹੀ ਕਿਉਂ ਪਈ?

ਹੋਰ ਮੰਗਾਂ ਵਿਚ ਜਿਹੜੀ, "ਅੰਮ੍ਰਿਤਧਾਰੀ ਸਿੰਘਾਂ ਉੱਤੇ ਪੁਲਸ ਜ਼ੁਲਮਾਂ" ਨਾਲ ਸੰਬੰਧਿਤ ਹੈ, ਉਸ ਬਾਰੇ ਵੀ ਸੋਚਣਾ ਬਣਦਾ ਹੈ। ਸੂਬੇ ਦੇ ਸਾਰੇ ਅਗਾਂਹ-ਵਧੂ, ਜਮਹੂਰੀ ਹਲਕਿਆਂ ਵਲੋਂ ਸਦਾ ਹੀ ਕਿਸੇ ਵੀ ਨਾਗਰਿਕ (ਬਿਨਾਂ ਕਿਸੇ ਭੇਦ-ਭਾਵ ਤੋਂ) ਨੂੰ, ਪੁਲਸ ਵਲੋਂ ਬਿਨਾਂ ਮੁਕੱਦਮਾ ਚਲਾਏ ਕਤਲ ਕਰਨ ਜਾਂ ਤੰਗ ਕਰਨ ਦੀ ਡੱਟਵੀ ਨਿਖੇਧੀ ਤੇ ਵਿਰੋਧ ਕੀਤਾ ਗਿਆ ਹੈ। ਪਰ ਅਕਾਲੀ-ਦਲ ਵਲੋਂ ਕੇਵਲ, "ਸਿੱਖੀ-ਬਾਣੇ ਵਾਲੇ ਬੇ-ਗੁਨਾਹ ਸਿੰਘਾਂ", ਉੱਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਰੋਕਣ ਦੀ ਮੰਗ ਕਰਕੇ, ਆਪਣੀ ਫਿਰਕੂ ਸੋਚ ਦਾ ਖੁੱਲ੍ਹਾ ਪ੍ਰਗਟਾਵਾ ਕੀਤਾ ਹੈ। ਕੀ ਵਰਤਮਾਨ ਸਮੇਂ ਵਿਚ ਪੁਲਸ ਜ਼ੁਲਮ ਕੇਵਲ, 'ਸਿੰਘਾਂ' ਉੱਤੇ ਹੀ ਹੋ ਰਹੇ ਹਨ? ਜੇ ਨਹੀਂ, ਤਾਂ ਫੇਰ ਸਮੁੱਚੇ ਨਾਗਰਿਕਾਂ ਲਈ ਐਸੀ ਇਕਸਾਰ ਸੁਰੱਖਿਆ ਦੀ ਮੰਗ ਕਿਉਂ ਨਹੀਂ? ਇਸ ਮਸਲੇ ਸੰਬੰਧੀ, ਖੁਦ ਅਕਾਲੀ-ਦਲ ਸਾਬਕਾ ਸੂਬਾ-ਸਰਕਾਰਾਂ ਦਾ ਰਿਕਾਰਡ ਕੀ ਰਿਹਾ ਹੈ? ਕੀ ਇਹ ਬਾਦਲ—ਸਰਕਾਰ ਹੀ ਨਹੀਂ ਸੀ, ਜਿਸ ਦੀ ਛੱਤਰ-ਛਾਇਆ ਹੇਠ ਸੂਬੇ ਵਿਚ ਦਰਜਨਾਂ ਦੀ ਗਿਣਤੀ ਵਿਚ ਲੋਕਾਂ ਨੂੰ (ਸਮੇਤ ਸਿੱਖਾਂ ਦੇ), ਬਿਨਾਂ ਮੁਕੱਦਮਾ ਚਲਾਏ, ਪੁਲਸ ਵਲੋਂ ਨਕਸਲੀ ਕਹਿ ਕੇ ਦਿਨ-ਦਿਹਾੜੇ ਗੋਲੀਆਂ ਨਾਲ ਨਹੀਂ ਉਡਾਇਆ ਗਿਆ?

ਤੇ ਕੀ ਇਨ੍ਹਾਂ "ਸਰਬੱਤ ਦਾ ਭਲਾ" ਮੰਗਣ ਵਾਲਿਆਂ ਦੇ ਧਾਰਮਿਕ-ਮੁੱਖੀ ਜਥੇਦਾਰ ਟੌਹੜੇ ਵਲੋਂ ਹੁਣੇ ਹੁਣੇ ਹੀ, ਜਾਇਦਾਦ—ਹੀਣ ਨਾਗਰਿਕਾਂ ਤੋਂ ਵੋਟ ਦਾ ਹੱਕ ਖੋਹਣ ਦੀ ਮੰਗ ਨਹੀਂ ਕੀਤੀ ਗਈ?

ਮਾਮਲਾ ਦਿਨ ਦੇ ਚਾਨਣ ਵਾਂਗ ਸਪਸ਼ੱਟ ਹੈ। ਪਰ ਪ੍ਰੋ: ਐਮ. ਸੀ ਭਾਰਦਵਾਜ ਵਰਗੇ ਸੁਲਝੇ ਹੋਏ ਬੁੱਧੀਜੀਵੀ ਵਲੋਂ ਅਜਿਹਾ ਗ਼ੈਰ-ਵਿਗਿਆਨਿਕ ਸਟੈਂਡ ਲੈਣ ਨਾਲ, ਜ਼ਰੂਰ ਕੁਝ ਸ਼ੱਕ ਤੇ ਹੈਰਾਨੀ ਹੁੰਦੀ ਹੈ। ਅਜਿਹਾ ਹੋਣਾ ਸਾਰੀਆਂ ਅਫਿਰਕੂ ਅਤੇ ਜਮਹੂਰੀ ਸ਼ਕਤੀਆਂ ਲਈ ਵੀ ਇਕ ਤਕੜਾ ਚੇਲਿੰਜ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਘੱਟੋ-ਘੱਟ ਪ੍ਰੋਗਰਾਮ ਦੇ ਆਧਾਰ ਤੇ ਸਾਂਝੇ ਫਰੰਟ ਬਣਾ ਕੇ, ਅਜਿਹੇ ਸੁਆਲਾਂ ਨੂੰ ਆਪਣੇ ਹੱਥ ਵਿਚ ਲੈ ਕੇ ਘੋਲ ਕਰਨ; ਤਾ ਕਿ ਪ੍ਰੋ: ਸਾਹਿਬ ਵਰਗੇ ਵਿਦਵਾਨ ਸੱਜਣਾਂ ਨੂੰ (ਇਮਾਨਦਾਰ ਹੋਣ ਦੀ ਸੂਰਤ ਵਿਚ) ਅਕਾਲੀ-ਦਲ ਵਰਗੀ ਫਿਰਕੂ ਤੇ ਪਿਛਾਂਹ-ਖਿੱਚੂ ਪਾਰਟੀ ਦਾ ਝੰਡਾ ਚੁੱਕਣ ਦੀ ਜ਼ਰੂਰਤ ਮਹਿਸੂਸ ਨਾ ਹੋਵੇ।

**ਦਰਸ਼ਨ ਸਿੰਘ 'ਨੱਤ'**
**ਤਲਵਾੜਾ**

# ਅਨੰਦਪੁਰ ਦਾ ਮਤਾ ਤੇ ਪ੍ਰੋਫੈਸਰ ਐਮ. ਸੀ. ਭਾਰਦਵਾਜ

ਅਕਾਲੀਆਂ ਦੇ ਅੰਦੋਲਨ ਤੇ ਅਨੰਦਪੁਰ ਦੇ ਮਤੇ ਬਾਰੇ ਪ੍ਰੋ: ਐਮ. ਸੀ. ਭਾਰਦਵਾਜ ਦੇ ਵਿਚਾਰ ਪੜ੍ਹੇ—ਪਹਿਲਾਂ 'ਸਮਤਾ' ਵਿਚ ਤੇ ਫੇਰ ਉਨ੍ਹਾਂ ਵਲੋਂ ਛਾਪੇ ਕਿਤਾਬਚੇ ਵਿਚ—ਜਿਸ ਦਾ ਮੁੱਖ ਬੰਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਲਿਖਿਆ ਹੈ ਤੇ ਜਿਸ ਨੂੰ ਛਾਪਣ ਲਈ ਸ਼੍ਰੋਮਣੀ ਅਕਾਲੀ-ਦਲ ਨੇ ਪ੍ਰੋਫੈਸਰ ਸਾਹਿਬ ਨੂੰ ਪੰਜ ਹਜ਼ਾਰ ਰੁਪਏ ਦਿੱਤੇ ਹਨ। ਹਿੰਦੀ ਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਕਈ ਭਾਸ਼ਾਵਾਂ ਵਿਚ ਛਪਾਉਣ ਦਾ ਜ਼ਿੰਮਾ ਵੀ ਅਕਾਲੀ ਦਲ ਨੇ ਲਿਆ ਹੈ।

ਪ੍ਰੋਫੈਸਰ ਸਾਹਿਬ ਦੇ ਵਿਚਾਰਾਂ ਨੂੰ ਐਨੀ ਮਹੱਤਤਾ ਦੇਣ ਦੀ ਲੋੜ ਸ਼ਾਇਦ ਨਾਂ ਪੈਂਦੀ ਜੇਕਰ ਪ੍ਰੋਫੈਸਰ ਸਾਹਿਬ ਦਾ ਵਕਾਰ ਪੰਜਾਬ ਦੇ ਅਗਾਂਹ ਵਧੂ ਲੋਕਾਂ ਤੇ ਖਾਸ ਕਰਕੇ 'ਸਮਤਾ' 'ਲੋਕ-ਲਹਿਰ' ਦੇ ਪਾਠਕਾਂ ਵਿਚ ਮਾਰਕਸਵਾਦੀ ਚਿੰਤਕ ਦਾ ਨਾਂ ਬਣਿਆ ਹੁੰਦਾ। ਪ੍ਰੋਫੈਸਰ ਸਾਹਿਬ ਦੇ ਇਨ੍ਹਾਂ ਵਿਚਾਰਾਂ ਨਾਲ ਕਾਫ਼ੀ ਰੌਲ-ਘਚੋਲਾ ਪੈ ਗਿਆ ਹੈ—ਜਿਸ ਕਰਕੇ ਇਨ੍ਹਾਂ ਨੂੰ ਗੰਭੀਰਤਾ ਨਾਲ ਲੈਣਾ ਜ਼ਰੂਰੀ ਬਣ ਗਿਆ ਹੈ।

ਪ੍ਰੋਫੈਸਰ ਸਾਹਿਬ ਨੇ ਆਪਣੇ ਕਿਤਾਬਚੇ ਦਾ ਸਿਰਲੇਖ ਰੱਖਿਆ ਹੈ "ਸਰਬੱਤ ਦਾ ਭਲਾ—ਸੂਬਿਆਂ ਲਈ ਵਧੇਰੇ ਅਧਿਕਾਰ ਬਨਾਮ ਮਤਾ ਅਨੰਦਪੁਰ ਦਾ...!" ਪਰ ਪ੍ਰੋਫੈਸਰ ਸਾਹਿਬ ! 'ਸਰਬੱਤ ਦਾ ਭਲਾ' ਦਾ ਥੀਸਸ ਸਰਮਾਏਦਾਰੀ ਸਮਾਜ ਵਿਚ ਬਿਲਕੁਲ ਲਾਗੂ ਨਹੀਂ ਹੁੰਦਾ। ਜਮਾਤੀ ਸਮਾਜ ਵਿਚ ਸਰਬੱਤ ਦਾ ਭਲਾ ਕਿਵੇਂ ਹੋ ਸਕਦਾ ਹੈ ? ਪਰਸਪਰ ਵਿਰੋਧੀ ਜਮਾਤਾਂ ਵਿਚ ਵੰਡੇ ਸਮਾਜ ਵਿਚ ਇਕ ਜਮਾਤ ਦਾ ਭਲਾ ਕੁਦਰਤੀ ਤੌਰ ਤੇ ਦੂਜੀ ਜਮਾਤ ਦਾ ਬੁਰਾ ਹੋਵੇਗਾ। ਸਾਡੇ ਵਰਗੇ ਦੇਸ਼ਾਂ ਵਿਚ ਜਿਥੇ ਸਰਮਾਏਦਾਰੀ ਲੋਕਾਂ ਦਾ ਖ਼ੂਨ ਚੂਸ ਚੂਸ ਕੇ ਵੱਧ ਫੁਲ ਰਹੀ ਹੈ ਉੱਥੇ ਸਰਬੱਤ ਦੇ ਭਲੇ ਦੀ ਗੱਲ ਕਰਨਾ ਸਰਾਸਰ ਗ਼ੈਰ-ਮਾਰਕਸੀ ਹੈ। ਕੀ ਅਕਾਲੀ ਸਰਬਤ ਦਾ ਭਲਾ ਮੰਗ ਸਕਦੇ ਹਨ ? ਜੇ ਮੰਗ ਸਕਦੇ ਹਨ ਤਾਂ ਫਿਰ ਕੇਂਦਰ ਦਾ ਤੇ ਕਾਂਗਰਸੀਆਂ ਦਾ ਵੀ ਭਲਾ ਮੰਗਣ। ਪ੍ਰੋਫੈਸਰ ਸਾਹਿਬ ! ਤੁਹਾਨੂੰ ਆਪਣੀਆਂ ਨੀਲੀਆਂ ਐਨਕਾਂ ਵਿਚੋਂ ਗੁਰਬਾਣੀ ਦੀ ਇਹ ਤੁਕ ਸ਼ਾਇਦ ਮਾਰਕਸਵਾਦ ਤੋਂ ਵੀ ਉਪਰੋਂ ਦੀ ਜਾਪੀ ਲੱਗਦੀ ਹੈ।

ਪ੍ਰੋਫੈਸਰ ਸਾਹਿਬ ਦੀਆਂ ਪੜਚੋਲਵੀਆਂ ਨਜ਼ਰਾਂ ਨੂੰ ਅਨੰਦਪੁਰ ਦੇ ਮਤੇ ਉਸ ਤੇ ਅਧਾਰਿਤ ਅੰਦੋਲਨ ਅਤੇ ਉਸ ਨੂੰ ਚਲਾਉਣ ਵਾਲੇ ਲੀਡਰਾਂ ਵਿਚ ਵੀ ਕਮੀ ਨਹੀਂ ਲਭੀ—ਤਦੇ ਤਾਂ ਉਨ੍ਹਾਂ ਨੇ ਸਭ ਦੀ ਤਾਰੀਫ ਦੇ ਵੱਡੇ ਵੱਡੇ ਪੁਲ ਬੰਨ੍ਹੇ ਹਨ। ਪ੍ਰੋਫੈਸਰ ਸਾਹਿਬ ਕਹਿੰਦੇ ਹਨ ਕਿ ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ। ਪਰ ਮਾਰਕਸਵਾਦ ਵਿਚਾਰਾਂ ਨੂੰ ਨਿੱਜੀ ਮੰਨਣ ਤੋਂ ਇਨਕਾਰੀ ਹੈ। ਵਿਚਾਰ ਹਮੇਸ਼ਾਂ ਜਮਾਤੀ ਹੁੰਦੇ ਹਨ। ਉਨ੍ਹਾਂ ਨੂੰ ਰੱਖਣ ਤੇ ਪ੍ਰਚਾਰਣ ਵਾਲਾ ਉਸ ਜਮਾਤ ਦਾ ਨੁਮਾਇੰਦਾ ਹੈ। ਪ੍ਰੋਫੈਸਰ ਭਾਰਦਵਾਜ ਦੇ ਵਿਚਾਰ ਅਕਾਲੀ ਲੀਡਰਾਂ ਨੂੰ ਏਸ ਹੱਦ ਤੱਕ ਜਚ ਗਏ ਹਨ ਕਿ ਉਹ ਹੁਣ ਨਾਂ ਸਿਰਫ ਪ੍ਰੋਫੈਸਰ ਸਾਹਿਬ ਨੂੰ ਆਪਣੀਆਂ ਸਟੇਜਾਂ ਤੋਂ ਭਾਸ਼ਣ ਕਰਵਾਉਂਦੇ ਹਨ, ਸਗੋਂ ਉਹਨਾਂ ਨੇ ਗੁਰਦੁਆਰਾ ਪਟਿਆਲਾ ਵਿਖੇ ਦੱਸ-ਪੰਦਰਾਂ ਹਜ਼ਾਰ ਸਿੱਖ ਸੰਗਤਾਂ ਦੀ ਹਾਜਰੀ ਵਿਚ ਪ੍ਰੋਫੈਸਰ ਸਾਹਿਬ ਨੂੰ ਸਿਰੋਪਾ ਭੇਟ ਕੀਤਾ ਹੈ। ਇਸ ਦੇ ਸਿਰਫ ਦੋ ਹੀ ਮਤਲਬ ਹੋ ਸਕਦੇ ਹਨ—ਇਕ ਤਾਂ ਇਹ ਕਿ ਅਕਾਲੀਆਂ ਦੀ ਵਿਚਾਰਧਾਰਾ, ਮਜ਼ਦੂਰ ਜਮਾਤ ਦੀ ਵਿਚਾਰਧਾਰਾ ਹੈ ਯਨੀ ਕਿ ਮਾਰਕਸਵਾਦ ਹੈ। ਦੂਜਾ ਇਹ ਕਿ ਪ੍ਰੋਫੈਸਰ ਭਾਰਦਵਾਜ ਮੁਤਾਬਿਕ ਕੋਈ ਵਿਚਾਰਧਾਰਾ ਨਿਰਪੱਖ ਨਹੀਂ ਹੋ ਸਕਦੀ—ਇਸ ਲਈ ਮਾਰਕਸਵਾਦ ਵਿਰੋਧੀ ਹੈ—ਇਸ ਲਈ ਮਜ਼ਦੂਰ ਜਮਾਤ ਵਿਰੋਧੀ ਹੈ ਯਨੀ ਕਿ ਲੋਟੂ ਜਮਾਤਾਂ ਦੀ ਸੇਵਾ ਹਿੱਤ ਹੈ। ਸਾਡੇ ਵਿਚਾਰ ਅਨੁਸਾਰ ਦੂਜੀ ਗੱਲ ਠੀਕ ਹੈ। ਜਿਸ ਢੰਗ ਨਾਲ ਪ੍ਰੋ: ਭਾਰਦਵਾਜ ਨੇ ਸਾਰੇ ਮਸਲੇ ਨੂੰ ਪੇਸ਼ ਕੀਤਾ ਹੈ, ਉਹ ਪੂਰੀ ਤਰ੍ਹਾਂ ਗ਼ੈਰ-ਵਿਗਿਆਨਕ ਤੇ ਗ਼ੈਰ-ਮਾਰਕਸੀ ਹੈ। ਆਓ ਕੁਝ ਉਦਾਹਰਣਾ ਲੈ ਕੇ ਨੇੜਿਉਂ ਤਕੀਏ—

ਪ੍ਰੋਫੈਸਰ ਸਾਹਿਬ ਆਪਣੇ ਕਿਤਾਬਚੇ ਦੇ ਸਫਾ ਸੱਤ ਤੇ ਲਿਖਦੇ ਹਨ, "...ਇਹ ਸਭ ਨਾਂ-ਅਹਿਲ, ਖ਼ੁਦਗਰਜ਼, ਦੇਸ਼-ਧਰੋਹੀ ਕੇਂਦਰ ਦੀ ਵਜ੍ਹਾ ਕਰਕੇ ਹੋ ਰਿਹਾ ਹੋਵੇ, ਉਸ ਵਕਤ, ਐਹੋ ਜਿਹੇ ਬੇਗੈਰਤ, ਕੁਣਬਾ-ਪ੍ਰਵਰ, ਅਕ੍ਰਿਤਘਣ, ਹੋਏ, ਆਪ-ਹੁਦਰੇ ਤੇ ਡਿਕਟੇਟਰ ਕੇਂਦਰ ਵਿਰੁਧ ਜੋ ਵੀ ਕੋਈ ਨਰ-ਨਾਰੀ, ਪੰਛੀ-ਜਨੌਰ, ਕੀੜਾ-ਮਕੌੜਾ, ਦੋਸਤ ਜਾਂ ਦੁਸ਼ਮਣ, ਸਿੱਖ ਜਾਂ ਮੁਸਲ-ਮਾਨ, ਕਮਿਊਨਿਸਟ ਜਾਂ ਸਰਮਾਏਦਾਰ ਦੇਸੀ ਜਾਂ ਵਿਦੇਸ਼ੀ—ਬਗ਼ਾਵਤ ਦਾ ਐਲਾਨ ਕਰੇ, ਉਸ ਸ਼ਖਸ ਜਾਂ ਸੰਸਥਾ ਦਾ ਤਨੋ-ਮਨੋ ਸਾਥ ਦੇਣਾ ਹਰ ਚੇਤੰਨ ਹਿੰਦੁਸਤਾਨੀ ਦਾ ਪਰਮੋ-ਧਰਮ ਬਣਦਾ ਹੈ।" ਇਹ ਹਨ ਇਕ 'ਮਾਰਕਸੀ ਚਿੰਤਕ' ਦੇ ਵਿਚਾਰ ਜੋ ਕਿ ਮਾਰਕਸਵਾਦ ਨੂੰ ਨੇੜਿਉਂ ਛੂੰਹਦੇ ਵੀ ਨਹੀਂ। ਇਹ ਅੰਨ੍ਹਾ ਕੇਂਦਰ ਵਿਰੋਧ ਜਾਂ ਕੱਟੜ ਕਾਂਗਰਸ ਵਿਰੋਧ ਤਾਂ ਹੋ ਸਕਦਾ ਹੈ ਮਾਰਕਸਵਾਦ ਹਰਗਿਜ਼ ਨਹੀਂ। ਇਸ ਤਰ੍ਹਾਂ ਦੀ ਕਟੜ ਪੰਥੀ ਮਾਰਕਸਵਾਦ ਦੇ ਦਾਇਰੇ ਤੋਂ ਕੋਹਾਂ ਦੂਰ ਹੈ।

ਮਾਰਕਸਵਾਦ ਤਾਂ ਜਮਾਤੀ ਨਜ਼ਰੀਏ ਤੋਂ ਹਰ ਮਸਲੇ ਦਾ ਠੋਸ ਨਿਰਣਾ ਕਰਦਾ ਹੈ। ਮਜ਼ਦੂਰ ਜਮਾਤ ਤੇ ਉਸ ਦੀਆਂ ਦੋਸਤ ਜਮਾਤਾਂ ਦਾ ਦੁਸ਼ਮਣ ਇਕਲਾ ਸੈਂਟਰ ਹੀ ਨਹੀਂ ਹੋਰ ਵੀ ਹਨ। ਕੀ ਸਾਮਰਾਜੀ ਤਾਕਤਾਂ ਜੋ ਸਾਡੇ ਜਾਂ ਹੋਰ ਦੇਸ਼ਾਂ ਦੇ ਲੋਕਾਂ ਵਿਰੁਧ ਬੇਹੱਦ ਕੋਝੀਆਂ ਚਾਲਾਂ ਚੱਲ ਰਹੀਆਂ ਹਨ—ਨੂੰ ਵੀ ਅੰਨ੍ਹੇ ਕੇਂਦਰ ਵਿਰੋਧ ਵਿਚ ਆਪਣਾ ਸਾਥੀ ਬਣਾ ਲਈਏ ਜਿਹਾ ਕਿ ਅਕਾਲੀਆਂ ਦਾ ਇਕ ਹਿੱਸਾ (ਖਾਲਸਤਾਨੀ) ਕਰ ਰਿਹਾ ਰਿਹਾ ਹੈ। ਕੀ ਸਾਮਰਾਜ ਦੁਨੀਆਂ ਭਰ ਦਾ ਅਮਨ ਤਬਾਹ ਕਰਨ ਲਈ ਜੋ ਕੁਝ ਕਰ ਰਿਹਾ ਹੈ—ਜੇ ਸਾਡਾ ਸੈਂਟਰ ਉਸ ਵਿਰੁਧ ਅਵਾਜ਼ ਉਠਾਉਂਦਾ ਹੈ ਤਾਂ ਅਸੀਂ ਆਪਣੇ ਅੰਨੇ ਸੈਂਟਰ ਵਿਰੋਧ ਵਿਚ ਇਸ ਗੱਲ ਦੀ ਵੀ ਮੁਖਾਲਫਤ ਕਰਾਂਗੇ ? ਕੀ ਅਸੀਂ ਇਸ ਸੈਂਟਰ ਵਿਰੋਧ ਦਾ ਸ਼ਿਕਾਰ ਹੁੰਦੇ ਹੋਈ ਅਸਾਮ ਦੇ ਅੰਦੋਲਨਕਾਰੀਆਂ ਦੇ ਅੱਨੇ ਹਮਾਇਤੀ ਬਣ ਜਾਵਾਂਗੇ ? ਭਾਵ ਕਹਿਣ ਤੋਂ ਇਹ ਹੈ ਕਿ ਕੋਈ ਵੀ ਮਾਰਕਸਵਾਦੀ ਵਿਅਕਤੀ ਜਾਂ ਪਾਰਟੀ ਠੋਸ ਹਾਲਤਾਂ ਦਾ ਠੋਸ ਨਿਰਣਾਂ ਕਰਕੇ ਮਜ਼ਦੂਰ ਜਮਾਤ ਦੇ ਨਜ਼ਰੀਏ ਤੋਂ ਹੀ ਸਟੈਂਡ ਲਵੇਗਾ—ਪ੍ਰੋਫੈਸਰ ਸਾਹਿਬ ਵਾਂਗੂ ਕਟੜਪੰਥੀ ਤੇ ਉਲਾਰਵਾਦ ਦਾ ਸ਼ਿਕਾਰ ਹੋ ਕੇ ਨਹੀਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਕਾਲੀਆਂ ਦੇ ਅੰਦੋਲਨ ਨੇ ਕੇਂਦਰ ਵਲੋਂ ਪੰਜਾਬ ਨਾਲ ਹੋ ਰਹੀਆਂ ਬੇਇਨਸਾਫੀਆਂ ਅਤੇ ਪੰਜਾਬੀਆਂ ਦੀਆਂ ਕਈ ਜ਼ਰੂਰੀ ਸਮਸਿਆਵਾਂ ਨੂੰ ਫੋਕਸ ਕੀਤਾ ਹੈ। ਪਰ ਕੀ ਇਹ ਕਿਸੇ ਮਾਰਕਸਵਾਦੀ ਚਿੰਤਕ ਲਈ ਜਾਇਜ਼ ਹੈ ਕਿ ਉਹ ਕਿਸੇ ਅੰਦੋਲਨ ਦੇ ਚੰਗੇ ਪੱਖਾਂ ਦੀ ਤਾਰੀਫ ਕਰਦਾ ਕਰਦਾ ਐਨਾ ਉਲਾਰਵਾਦੀ ਹੋ ਜਾਵੇ ਕਿ ਉਸ ਨੂੰ ਮਾੜੇ ਪੱਖ ਨਜ਼ਰ ਹੀ ਨਾ ਆਉਣ ਜਾਂ ਉਹ ਉਹਨਾਂ ਨੂੰ ਜਾਣ ਬੁਝ ਕੇ ਅਖੋਂ ਪਰੋਖੇ ਕਰ ਦੇਵੇ। ਸਾਇਦ ਪ੍ਰੋਫੈਸਰ ਸਾਹਿਬ ਇਹ ਸੋਚਦੇ ਹਨ ਕਿ ਕਿਸੇ ਜਥੇਬੰਦੀ ਜਾਂ ਅੰਦੋਲਨ ਦੇ ਮਾੜੇ ਪੱਖਾਂ ਬਾਰੇ ਆਲੋਚਨਾ ਕਰਨ ਨਾਲ ਉਸ ਜਥੇਬੰਦੀ ਨੂੰ ਸਿਰਫ ਨੁਕਸਾਨ ਹੀ ਹੋਵੇਗਾ। ਪਰ ਮਾਰਕਸਵਾਦ ਐਸਾ ਨਹੀਂ ਮੰਨਦਾ। ਮਾਰਕਸਵਾਦ ਅਲੋਚਨਾਂ ਨੂੰ ਹੀ ਹਾਂ-ਪਖੀ ਮੰਨਦਾ ਹੈ। ਅਗਰ ਤੁਸੀਂ ਕਿਸੇ ਵਿਅਕਤੀ ਜਥੇਬੰਦੀ ਜਾਂ ਵਿਚਾਰਧਾਰਾ ਦੀਆਂ ਕਮਜ਼ੋਰੀਆਂ ਜਾਂ ਨਾਂਹ-ਪੱਖੀ ਪਹਿਲੂਆਂ ਦੀ ਆਲੋਚਨਾ ਨਹੀਂ ਕਰਦੇ ਤਾਂ ਉਸ ਵਿਅਕਤੀ, ਜਥੇਬੰਦੀ ਜਾਂ ਵਿਚਾਰਧਾਰਾ ਨਾਲ ਇਸ ਤੋਂ ਵੱਡੀ ਦੁਸ਼ਮਣੀ ਹੋਰ ਕੋਈ ਨਹੀਂ ਹੋ ਸਕਦੀ। ਇਸ ਮਾਰਕਸੀ ਨੁਕਤੇ ਨੂੰ ਧਿਆਨ ਵਿਚ ਰਖਦੇ ਹੋਏ ਪ੍ਰੋਫੈਸਰ ਸਾਹਿਬ ਨੂੰ ਅਨੰਦਪੁਰ ਦੇ ਮਤੇ ਅਤੇ ਅਕਾਲੀਆਂ ਦੇ ਅੰਦੋਲਨ ਦੇ ਹਾਂ-ਪੱਖੀ ਪਹਿਲੂਆਂ ਦੀ ਤਰੀਫ ਕਰਨ ਦੇ ਨਾਲ 2 ਨਾਂਹ-ਪੱਖੀ ਪਹਿਲੂਆਂ ਨੂੰ ਵੀ ਅਲੋਚਨਾਤਮਕ ਨਜ਼ਰ ਨਾਲ ਦੇਖਣਾ ਚਾਹੀਦਾ ਸੀ। ਇਸ ਨਾਲ ਦੋ ਫਾਇਦੇ ਹੁੰਦੇ—ਇਕ ਤਾਂ ਜੋ ਨੁਕਸਾਨ ਨਾਂਹ-ਪੱਖੀ ਪਹਿਲੂਆਂ ਕਰਕੇ ਲੋਕਾਂ ਦੇ ਕਾਜ਼ ਨੂੰ ਹੋ ਰਿਹਾ ਹੈ ਉਸ ਨੂੰ ਘਟਾਉਣ ਵਿਕ ਮਦਦ ਮਿਲਦੀ ਤੇ ਦੂਸਰੇ ਇਹ ਅਕਾਲੀ ਆਗੂਆਂ ਲਈ ਚੇਤਾਵਨੀ ਹੁੰਦੀ ਤਾਂ ਕਿ ਉਹ ਇਨ੍ਹਾਂ ਨਾਂਹ-ਪਖੀ ਪਹਿਲੂਆਂ ਕਰਕੇ ਜੋ ਲੋਕਾਂ ਵਿਚੋਂ ਨਿਖੜ ਰਹੇ ਹਨ—ਉਸ ਤੋਂ ਕੁਝ ਬਚ ਸਕਦੇ। ਪਰ ਕਮਾਲ ਤਾਂ ਇਹ ਹੈ ਕਿ ਪ੍ਰੋਫੈਸਰ ਸਾਹਿਬ ਨੂੰ ਨਾਂਹ-ਪਖੀ ਤਾਂ ਕੁਝ ਦਿਖਿਆ ਹੀ ਨਹੀਂ।

ਪ੍ਰੋਫੈਸਰ ਸਾਹਿਬ ਸਭ ਨੂੰ, ਸਭ ਕੁਝ ਭੁਲ ਕੇ ਅਕਾਲੀਆਂ ਦਾ ਸਾਥ ਦੇਣ ਦਾ ਸੱਦਾ ਦੇਂਦੇ ਹਨ ਪਰ ਪ੍ਰੋਫੈਸਰ ਸਾਹਿਬ ! ਸਾਂਝ ਸੰਘਰਸ਼ਾਂ ਬਾਰੇ ਮਾਰਕਸਵਾਦ ਦੀ ਬੜੀ ਸਪਸ਼ਟ ਪਹੁੰਚ ਹੈ। ਤੁਸੀਂ ਤਾਂ ਦੋ ਗੱਲਾਂ ਨੂੰ ਬਿਲਕੁਲ ਹੀ ਰਲ-ਗੱਡ ਕਰ ਦਿਤਾ। ਸਾਂਝੇ ਸੰਘਰਸ਼-ਸਾਂਝੀਆਂ ਮੰਗਾਂ ਤੇ ਹੁੰਦੇ ਹਨ—ਆਪਣੀ ਵਿਚਾਰਧਾਰਾ, ਆਪਣੀ ਜਮਾਤ ਦਾ ਫ਼ਲਸਫਾ ਭੁਲਕੇ ਨਹੀਂ—ਸਗੋਂ ਸਾਂਝੇ ਘੋਲ ਹੁੰਦੇ ਨੇ-ਆਪਣੀ ਵਿਚਾਰਧਾਰਾ—ਆਪਣੀ ਜਮਾਤ ਦੇ ਫਲਸਫੇ ਮੁਤਾਬਿਕ। ਪਰ ਤੁਸੀਂ ਸਾਂਝੀ ਮੰਗਾਂ ਤੇ ਸਾਂਝੇ ਘੋਲ ਦਾ ਸੱਦਾ ਦੇਂਦੇ-2 ਵਿਚਾਰਧਾਰਾ ਦਾ ਦੀ ਸਮਝੌਤਾ ਕਰ ਗਏ। ਜਿਸ ਜਮਾਤ ਦੇ ਬੁਲਾਰੇ ਹੋਣ ਦਾ ਦਾਅਵਾ ਤੁਸੀਂ ਕਰਦੇ ਹੋ ਉਸ ਦਾ ਫਲਸਫਾ ਵੀ ਛੱਡ ਗਏ।

ਅਨੰਦਪੁਰ ਦੇ ਮਤੇ ਵਿਚ ਆਪਣੇ ਮੁਖ ਨਿਸ਼ਾਨੇ ਦਸਦੇ ਹੋਏ ਅਕਾਲੀ ਦਲ ਨੇ ਲਿਖਿਆ ਹੈ—

**"The Shiromini Akali Dal shall ever strive to achieve the following aims :**

**1. Propagation of Sikhism and its code of conduct, denouncation of atheism."**

ਪ੍ਰੋਫੈਸਰ ਸਾਹਿਬ ਜੋ ਕਿ ਖੁਦ ਨਾਸਤਕ ਹਨ ਤੇ ਨਾਸਤਕਤਾ ਦਾ ਪ੍ਰਚਾਰ ਕਰਦੇ ਹਨ—ਨੂੰ ਅਕਾਲੀ ਦਲ ਦੇ ਪਹਿਲੇ ਨਿਸ਼ਾਨੇ ਵਿਚ ਹੀ ਨਾਸਤਕਤਾ ਨੂੰ ਭੰਡਣ ਤੇ ਕੋਈ ਇਤਰਾਜ਼ ਨਹੀਂ !

ਸ਼ਰੋਮਣੀ ਅਕਾਲੀ ਦਲ ਬੜੀ ਖੁਸ਼ੀ ਨਾਲ ਸਿੱਖੀ ਦਾ ਪ੍ਰਚਾਰ ਕਰੇ—ਇਹ ਉਨ੍ਹਾਂ ਦਾ ਮੁਢਲਾ ਹੱਕ ਹੈ। ਪਰ ਨਾਸਤਕਤਾ ਜਾਂ ਨਾਸਤਕਾਂ ਨੂੰ ਭੰਡਣ ਦਾ ਉਨ੍ਹਾਂ ਨੂੰ ਕੋਈ ਹੱਕ ਨਹੀਂ। ਨਾਸਤਕ ਨੂੰ ਨਾਸਤਕ ਹੋਣ ਦਾ ਉਨ੍ਹਾ ਹੀ ਹੱਕ ਹੈ ਜਿੰਨਾ ਸਿੱਖ ਨੂੰ ਸਿੱਖ ਹੋਣ ਦਾ।

ਕੀ ਅਕਾਲੀ ਦਲ ਜਾਂ ਪ੍ਰੋਫੈਸਰ ਸਾਹਿਬ ਜੋ ਕਿ ਅਨੰਦਪੁਰ ਮਤੇ ਦੇ ਸਿਰਤੋੜ ਹਮਾਇਤੀ ਹਨ ਭਗਤ ਸਿੰਘ

ਨੂੰ ਭੰਡਣ ਦੀ ਹਿੰਮਤ ਕਰਨਗੇ ਕਿਉਂਕਿ ਭਗਤ ਸਿੰਘ ਨੇ ਤਾਂ ਖੁਲੇਆਮ ਐਲਾਨ ਕੀਤਾ ਸੀ ਉਹ ਨਾਸਤਕ ਹੈ। ਆਪਣੇ ਲੇਖ 'Why I am an Atheist' ਵਿਚ ਭਗਤ ਸਿੰਘ ਲਿਖਦਾ ਹੈ–"I deny the very existence of that Almighty Supreme".

ਪ੍ਰੋਫੈਸਰ ਸਾਹਿਬ ! ਵਿਚਾਰਾਂ ਦਾ ਇਸ ਹੱਦ ਤਕ ਸਮਝੌਤਾ ਤੁਹਾਨੂੰ ਲੈ ਡੁਬੇਗਾ।

ਅੱਜ ਪੰਜਾਬ ਵਿਚ ਜੋ ਹਾਲਤ ਹੈ ਉਹ ਕਿਸੇ ਤੋਂ ਗੁੱਝੀ ਨਹੀਂ। ਫਿਰਕਾਪ੍ਰਸਤੀ ਆਪਣਾ ਸਿਰ ਚੁਕ ਰਹੀ ਹੈ। ਹਿੰਦੂ-ਸਿਖਾਂ ਵਿਚ ਇਕ ਦਰਾੜ—ਜੋ ਕਿ ਅੱਜ ਤੱਕ ਨਹੀਂ ਸੀ ਪੈਦਾ ਹੋਈ—ਖੜੀ ਕੀਤੀ ਜਾ ਰਹੀ ਹੈ। ਡਰ ਅਤੇ ਬੇਵਿਸ਼ਵਾਸ਼ੀ ਦਾ ਮਹੌਲ ਪੈਦਾ ਕਰ ਦਿਤਾ ਗਿਆ ਹੈ, ਜਿਸ ਨੂੰ ਜੇ ਏਵੇਂ ਹੀ ਵਧਣ-ਫੁਲਣ ਦਿਤਾ ਤਾਂ ਇਕ ਦਿਨ ਖ਼ਤਰਨਾਕ ਰੂਪ ਲੈ ਸਕਦਾ ਹੈ। ਧਾਰਮਕ ਜਨੂਨ ਵਧ ਰਿਹਾ ਹੈ, ਹਿੰਸਾ ਵਧ ਰਹੀ ਹੈ, ਕਤਲ ਹੋ ਰਹੇ ਹਨ, ਫਿਰਕਾਪ੍ਰਸਤ ਲੀਹਾਂ ਤੇ ਲੋਕਾਂ ਨੂੰ ਵੰਡਿਆ ਜਾ ਰਿਹਾ ਹੈ। ਨਤੀਜਾ ਇਹ ਹੈ ਕਿ ਲੋਕਾਂ ਦੀਆਂ ਆਰਥਕ ਅਤੇ ਹੋਰ ਮੰਗਾਂ ਬਾਰੇ ਘੋਲ ਜੋ ਕਿ ਸਮੇਂ ਦੀ ਪ੍ਰਮੁਖ ਮੰਗ ਹੈ, ਅਗੇ ਨਹੀਂ ਵਧ ਰਹੇ। ਅਜੇਹੇ ਸੰਘਰਸ਼ਾਂ ਵਿਚ ਇਕ ਖੜੋਤ ਆ ਗਈ ਹੈ ਅਤੇ ਅਜੇਹੇ ਮਹੌਲ ਵਿਚ ਇਹ ਹੋਣਾ ਕੁਦਰਤੀ ਹੈ। ਪਰ ਇਸ ਮਹੌਲ ਨੂੰ ਪੈਦਾ ਕਰਨ ਦਾ ਜੰਮੇਵਾਰ ਕੌਣ ਹੈ ? ਪ੍ਰੋਫੈਸਰ ਸਾਹਿਬ ਅਨੁਸਾਰ ਅਕਾਲੀ ਇਸ ਲਈ ਬਿਲਕੁਲ ਹੀ ਜ਼ੁੰਮੇਵਾਰ ਨਹੀਂ। ਇਸ ਲਈ ਤਾਂ ਕੇਂਦਰ ਜ਼ੁੰਮੇਵਾਰ ਹੈ ਜਾਂ ਹਿੰਦੂ ਫਿਰਕਾਪ੍ਰਸਤ। ਪਰ ਸਾਡੇ ਵਿਚਾਰ ਅਨੁਸਾਰ ਇਸ ਮਹੌਲ ਨੂੰ ਪੈਦਾ ਕਰਨ ਲਈ ਚਾਰ ਮੁਖ ਸ਼ਕਤੀਆਂ ਅੱਡ-ਅੱਡ ਤਰੀਕਿਆਂ ਨਾਲ ਜ਼ੁੰਮੇਵਾਰ ਹਨ।

## 1. ਸ਼ਰੋਮਣੀ ਅਕਾਲੀ ਦਲ—

ਪੰਜਾਬ ਵਿਚ ਮਾਹੌਲ ਖਰਾਬ ਕਰਨ ਦੀ ਜਿਮੇਵਾਰੀ ਤੋਂ ਅਕਾਲੀ ਦਲ ਨੂੰ ਸੁਰਖੁਰੂ ਨਹੀਂ ਕੀਤਾ ਜਾ ਸਕਦਾ ਜਿਵੇਂ ਕਿ ਪ੍ਰੋਫੈਸਰ ਸਾਹਿਬ ਨੇ ਕੋਸ਼ਸ਼ ਕੀਤੀ ਹੈ। ਅਨੰਦਪੁਰ ਦੇ ਮਤੇ ਵਿਚ ਹਰ ਚੌਥੀ ਲਾਈਨ ਵਿਚ ਸਿਖ ਲਫਜ਼ ਆ ਜਾਂਦਾ ਹੈ। ਸਿੱਖ ਇਕ ਵਖਰੀ ਕੌਮ ਹੈ—ਕਿਸ ਦੀ ਕਾਢ ਹੈ ? ਦੋ ਕੌਮਾਂ ਦਾ ਸਿਧਾਂਤ ਕੌਣ ਦੇ ਰਿਹਾ ਹੈ ? ਅਕਾਲੀ ਦਲ ਦੇ 'The Draft of the New Policy Programme of the Shiromini Akali Dal" ਜਿਸ ਨੂੰ ਕਿ ਅਨੰਦਪੁਰ ਦੇ ਮਤੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੇ ਸਫ਼ੇ 16 ਉਪਰ, ਅਕਾਲੀ ਦਲ ਦੇ ਪਹਿਲੇ ਮੂਲ ਸਿਧਾਂਤ ਵਿਚ ਸਿਖਾਂ ਨੂੰ ਇਕ ਵਖਰੀ ਕੌਮ ਦਸਿਆ ਗਿਆ ਹੈ।

"The Shiromini Akali Dal is the very embodiment of the hopes ahd aspirations of the Sikh Nation and as such is fully entitled to its represntation" ਨਿਸਚੇ ਹੀ ਸਿੱਖ ਇਕ ਵਖਰੀ ਕੌਮ ਹੈ ਦਾ ਸਿਧਾਂਤ ਅਕਾਲੀ ਦਲ ਆਪਣੇ ਅਨੰਦਪੁਰ ਦੇ ਮਤੇ ਰਾਹੀਂ ਹੀ ਦੇ ਰਿਹਾ ਹੈ—ਜਿਸ ਨਾਲ ਕਿ ਖਾਲਸਤਾਨੀਆਂ ਤੇ ਸਿਖ ਧਾਰਮਕ ਜਨੂੰਨੀਆਂ ਨੂੰ ਸ਼ਹਿ ਮਿਲਦੀ ਹੈ।

ਪ੍ਰੋਫੈਸਰ ਸਾਹਿਬ ਨੇ ਤਾਂ ਇਸ ਥੀਊਰੀ ਨੂੰ ਠੀਕ ਸਿਧ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਅਨੰਦਪੁਰ ਦਾ ਮਤਾ ਸ਼ਾਇਦ ਪ੍ਰੋਫੈਸਰ ਸਾਹਿਬ ਨੂੰ ਐਨਾਂ ਹੀ ਪਸੰਦ ਆ ਗਿਆ ਹੈ ਕਿ ਮਾਰਕਸਵਾਦ ਦਾ ੳ. ਅ. ੲ. ਵੀ ਭੁਲ ਗਏ ਲਗਦੇ ਹਨ ! ਮਾਰਕਸਵਾਦ ਵਿਚ ਲਫਜ ਨੇਸ਼ਨ ਦੀ ਇਕ ਵਿਗਿਆਨਕ ਪ੍ਰੀਭਾਸ਼ਾ ਹੈ ਜਿਸ ਅਨੁਸਾਰ ਪੰਜਾਬੀ ਇਕ ਨੇਸ਼ਨ ਜਾਂ ਕੌਮ ਹਨ। ਸਿੱਖ ਪੰਜਾਬੀ ਕੌਮ ਦਾ ਇਕ ਧਾਰਮਕ ਫਿਰਕਾ ਹਨ, ਉਵੇਂ ਹੀ ਜਿਵੇਂ ਕਿ ਨਿਰੰਕਾਰੀ, ਹਿੰਦੂ, ਰਾਧਾ ਸਆਮੀ, ਰਵੀ ਦਾਸੀ, ਬਾਲਮੀਕੀ, ਮੁਸਲਮਾਨ ਆਦਿ ਸਾਰੇ ਹੀ ਪੰਜਾਬੀ ਕੌਮ ਦੇ ਧਾਰਮਕ ਫਿਰਕੇ ਹਨ।

1947 ਦੇ ਹਿੰਦੂ-ਮੁਸਲਿਮ ਫਸਾਦਾਂ ਤੋਂ ਪਹਿਲਾਂ ਵੀ ਦੋ ਕੌਮਾਂ ਦੀ ਥਿਊਰੀ ਦਿਤੀ ਗਈ ਸੀ। ਉਸ ਵਕਤ ਦੇਣ ਵਾਲੇ ਬਰਤਾਨਵੀ ਸਾਮਰਾਜੀ ਤੇ ਹਿੰਦੂ-ਮੁਸਲਿਮ ਫਿਰਕਾ-ਪ੍ਰਸਤ ਸਨ ਤੇ ਅਜ ਅਕਾਲੀ ਇਹ ਥਿਊਰੀ ਦੇ ਰਹੇ ਹਨ ਤੇ ਅਮਰੀਕੀ ਸਾਮਰਾਜੀ ਤੇ ਸਿੱਖ ਫਿਰਕਾਪ੍ਰਸਤ ਇਸ ਨੂੰ ਚੁਕ ਰਹੇ ਹਨ।

ਅਜ ਤੱਕ ਅਕਾਲੀਆਂ ਦੇ ਜਿੰਨੇ ਵੀ ਮੋਰਚੇ ਲਗੇ ਹਨ ਉਨ੍ਹਾਂ ਵਿਚ ਗੈਰ ਸਿੱਖ ਪੰਜਾਬੀਆਂ ਦੀ ਸ਼ਮੂਲੀਅਤ ਵੀ ਰਹੀ ਹੈ, ਕਿਉਂਕਿ ਉਹ ਮੋਰਚੇ ਐਨੇ ਫਿਰਕਾਪ੍ਰਸਤ ਲੀਹਾਂ ਤੇ ਨਹੀਂ ਸਨ, ਜਿਨ੍ਹਾਂ ਕਿ ਮੌਜੂਦਾ ਮੋਰਚਾ ਹੈ। ਏਥੇ ਇਹ ਗਲ ਨੋਟ ਕਰਨ ਵਾਲੀ ਹੈ ਕਿ ਅੰਗਰੇਜ਼ੀ ਰਾਜ ਵਿਚ ਅਕਾਲੀ ਮੋਰਚਿਆਂ ਦੌਰਾਨ, ਕਾਂਗਰਸ ਪਾਰਟੀ ਵਲੋਂ ਬਹੁਤ ਵਾਰ ਵਕੀਲਾਂ ਦੀਆਂ ਰਖਿਆ ਕਮੇਟੀਆਂ ਬਣਾਈਆਂ ਗਈਆਂ, ਜਿਨ੍ਹਾਂ ਵਿਚ ਗੈਰ-ਸਿਖ ਵਕੀਲ ਹੀ ਮੁਖ ਤੌਰ ਤੇ ਹੋਇਆ ਕਰਦੇ ਸਨ। ਪਰ ਅੱਜ ਹਿੰਦੂ ਜਨ-ਸਮੂਹ ਜਿਨ੍ਹਾਂ ਦੀ ਵਸੋਂ ਅਧੀ ਦੇ ਲਗਭਗ ਹੈ, ਅਕਾਲੀਆਂ ਤੋਂ ਬਿਲਕੁਲ ਟੁਟ ਗਿਆ ਹੈ। ਜਿਸ ਦੀ ਜ਼ੁੰਮੇਵਾਰੀ ਅਕਾਲੀਆਂ ਉਪਰ ਤੇ ਖਾਸ ਕਰਕੇ ਅਕਾਲੀਆਂ ਦੇ ਉਸ ਹਿਸੇ ਉਪਰ ਆਉਂਦੀ ਹੈ ਜੋ ਫਿਰਕੂ ਭਾਸ਼ਾ ਬੋਲਣ ਤੋਂ ਬਾਜ ਨਹੀਂ ਆਉਂਦਾ। ਇਸ ਦੀਆਂ ਵਿਚਾਰਧਾਰਕ ਜੜ੍ਹਾਂ ਅਨੰਦਪੁਰ ਦੇ ਮਤੇ ਦੇ ਅੰਦਰ ਹਨ। ਇਸ ਤੋਂ ਇਲਾਵਾ ਅਕਾਲੀ ਜਦ ਵੀ ਸਟੇਜਾਂ ਤੇ ਬੋਲਦੇ ਹਨ, ਪੰਜਾਬੀਆਂ ਦੀ ਗਲ ਘਟ ਤੇ ਸਿਖਾਂ ਦੀ ਵਧ ਕਰਦੇ

ਹਨ। ਉਹ ਬਾਰ 2 ਬਿਆਨ ਦਿੰਦੇ ਹਨ ਕਿ ਸਿੱਖ ਇਕ ਵਖਰੀ ਕੌਮ ਹੈ ਤੇ ਹਿੰਦੂ ਇਕ ਵਖਰੀ ਕੌਮ ਹੈ ! ਅਜੇ ਕਲ ਹੀ (30 ਮਾਰਚ ਨੂੰ) ਭਿੰਡਰਾਂਵਾਲੇ ਨੇ ਫਿਰ ਖਾਲਸਤਾਨ ਦੀ ਰੱਟ ਦਹੁਰਾਈ ਹੈ। ਕਿਸੇ ਵੀ ਅਕਾਲੀ ਲੀਡਰ ਨੇ ਇਸ ਬਿਆਨ ਦਾ ਵਿਰੋਧ ਨਹੀਂ ਕੀਤਾ।

ਜਿਸ ਸਟੇਜ ਤੋਂ ਪ੍ਰੋਫੈਸਰ ਭਾਰਦਵਾਜ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੋਂ ਸਿਰੋਪਾ ਲਿਆ ਸੀ ਉਥੇ ਵੀ ਭਾਸ਼ਨ ਕੋਈ ਵਖਰੇ ਨਹੀਂ ਸਨ। ਸੰਤ ਲੌਂਗੋਵਾਲ ਨੇ ਤਾਂ ਪ੍ਰੋਫੈਸਰ ਸਾਹਿਬ ਦੇ ਕਿਤਾਬਚੇ ਦਾ ਮੁਖ-ਬੰਦ ਲਿਖਣ ਲਗਿਆਂ ਵੀ ਅਨੰਦਪੁਰ ਦੇ ਮਤੇ ਨੂੰ "ਸਿਖ ਜਗਤ ਦੀ ਅਜ਼ੀਮ ਤੇ ਇਤਿਹਾਸਕ ਦਸਤਾਵੇਜ਼" ਦਸਿਆ ਹੈ। ਪਤਾ ਨਹੀਂ ਪ੍ਰੋਫੈਸਰ ਸਾਹਿਬ ਨੇ ਕਿਹੋ ਜਿਹੀਆਂ ਐਨਕਾਂ ਲਾਈਆਂ ਸਨ ਪੜ੍ਹਣ ਲਗਿਆਂ ਕਿ ਉਨ੍ਹਾਂ ਨੂੰ ਇਹ 'ਸਿਖ ਜਗਤ' ਦੇ ਥਾਂ 'ਪੰਜਾਬੀ ਜਗਤ' ਦਿਸਿਆ।

ਖਾਲਸਤਾਨ ਦੀ ਥਿਊਰੀ ਨੂੰ ਵੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਹ ਕੋਈ ਸ਼ੋਸ਼ਾ ਨਹੀਂ—ਠੋਸ ਹਕੀਕਤ ਹੈ। 1947 ਵਿਚ ਅੰਗਰੇਜ਼ ਇਹ ਸ਼ਰਾਰਤ ਖੇਡਣੀ ਚਾਹੁੰਦੇ ਸਨ—ਪਰ ਉਸ ਵੇਲੇ ਸਿਖ ਲੀਡਰਾਂ ਦੀ ਸਿਆਣਪ ਸਦਕਾ ਬਚਾਅ ਹੋ ਗਿਆ। ਅਜ ਵੀ ਖਾਲਸ-ਤਾਨ, ਅਮਰੀਕੀ ਰਖਿਆ ਵਿਭਾਗ ਅਤੇ ਖੁਫੀਆ ਏਜੰਸੀਆਂ ਦੇ ਏਜੰਡੇ ਤੇ ਹੈ। ਅਜ ਵੀ ਉਹ ਘਟੀਆ ਹਥਕੰਡੇ ਵਰਤ ਕੇ ਇਸ ਦਿਸ਼ਾ ਵਲ ਮੋੜ ਦੇਣਾ ਚਾਹੁੰਦੇ ਹਨ ਅਤੇ ਅਕਾਲੀਆਂ ਦੇ ਵਿਚੋਂ ਹੀ ਇਕ ਹਿੱਸਾ ਉਨ੍ਹਾਂ ਦਾ ਹੱਥਕੰਡਾ ਬਲਣ ਲਈ ਤਿਆਰ ਬੈਠਾ ਹੈ। ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿਲੋਂ ਅਤੇ ਉਨ੍ਹਾਂ ਦੇ ਚੇਲਿਆਂ ਨੂੰ ਰਾਜਸੀ ਪਨਾਹ ਦੇਣਾ ਅਤੇ ਹਰ ਕਿਸਮ ਦੀਆਂ ਸਹੂਲਤਾਂ ਅਤੇ ਅਜ਼ਾਦੀਆਂ ਦੇਣਾ ਕੀਸ਼ਕ ਪਾਉਂਦਾ ਹੈ ? ਭਾਰਤ ਸ਼ਰਕਾਰ ਦੇ ਐਨੇ ਗੰਭੀਰ ਇਤਰਾਜ਼ ਦੇ ਬਾਵਜੂਦ ਜਗਜੀਤ ਸਿੰਘ ਨੂੰ ਵੀਜ਼ਾ ਦੇਣਾ ਕੀ ਸੋਚਣ ਲਈ ਮਜਬੂਰ ਕਰਦਾ ਹੈ ?

ਪ੍ਰੋਫੈਸਰ ਸਾਹਿਬ ਨੂੰ ਤਾਂ ਹੱਦ ਦਰਜੇ ਦੇ ਧਾਰਮਿਕ ਜਨੂੰਨੀ ਤੇ ਖਾਲਸਤਾਨ ਦੇ ਖੁਲੇ ਸਮਰਥਕ ਸੰਤ ਭਿੰਡਰਾਂ ਵਾਲੇ ਅਤੇ ਉਸ ਦੇ ਚੇਲਿਆਂ ਦੀਆਂ ਹਰਕਤਾਂ ਤੇ ਵੀ ਕੋਈ ਇਤਰਾਜ਼ ਨਹੀਂ। ਉਹ ਮਾਫੀਆ ਗੈਂਗ ਦੀ ਤਰ੍ਹਾਂ ਹਿੱਸਾ ਫੈਲਾਉਂਦੇ ਤੇ ਕਤਲ ਕਰਦੇ ਹਨ। ਪਰ ਅਕਾਲੀ ਲੀਡਰ ਹਨ ਕਿ ਆਪਣੇ ਆਪ ਨੂੰ ਉਸ ਤੋਂ ਨਿਖੇੜਣ ਲਈ ਤਿਆਰ ਨਹੀਂ। ਸਗੋਂ ਉਸ ਦੀ ਮਹੱਤਤਾ ਦਿਨ ਬਦਿਨ ਵਧਦੀ ਜਾ ਰਹੀ ਹੈ।

**ਕਾਂਗਰਸ ਪਾਰਟੀ ਤੇ ਉਸ ਦੀਆਂ ਸਰਕਾਰਾਂ :**

ਕਾਂਗਰਸੀ ਆਗੂ ਆਪਣੇ ਆਪ ਨੂੰ ਧਰਮ ਨਿਰਪਖ ਪਾਰਟੀ ਹੋਣ ਦਾ ਦਾਅਵਾ ਕਰਦੇ ਹਨ। ਪਰ ਪਿਛਲਾ ਇਤਿਹਾਸ ਗਵਾਹ ਹੈ ਕਿ ਆਪਣੀ ਪਾਰਟੀ ਦੀ ਸਾਖ ਮਜ਼ਬੂਤ ਕਰਨ ਲਈ ਤੇ ਉਨ੍ਹਾਂ ਜਮਾਤਾਂ ਦੀ ਸੇਵਾ ਹਿਤ—ਜਿਨ੍ਹਾਂ ਦੀ ਨੁਮਾਇੰਦਾ ਇਹ ਪਾਰਟੀ ਹੈ—ਕਾਂਗਰਸ ਲੁਕਵੇਂ ਛੁਪਣੇ ਢੰਗ ਨਾਲ ਫਿਰਕਾਪ੍ਰਸਤੀ ਨੂੰ ਉਭਾਰਦੀ ਰਹੀ ਹੈ। ਪੰਜਾਬ ਦੀ ਮੌਜੂਦਾ ਸਥਿਤੀ ਵਿਚ ਵੀ ਕਾਂਗਰਸ ਪਾਰਟੀ, ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਨੇ ਅਜਿਹਾ ਹੀ ਰੋਲ ਅਦਾ ਕੀਤਾ ਹੈ। ਪੰਜਾਬੀਆਂ ਦੀਆਂ ਨਿਹਾਇਤ ਹੀ ਜਾਇਜ਼ ਮੰਗਾਂ—ਜਿਨ੍ਹਾਂ ਲਈ ਅਕਾਲੀ ਦਲ ਨੇ ਮੋਰਚਾ ਲਾਇਆ ਹੈ—ਨੂੰ ਮੰਨਣ ਵਿਚ ਦੇਰੀ ਸਿਰਫ ਇਸ ਕਰਕੇ ਕੀਤੀ ਜਾ ਰਹੀ ਹੈ ਕਿ ਇਸ ਨਾਲ ਕਾਂਗਰਸ ਪਾਰਟੀ ਦੀ ਚੋਣ ਨੀਤੀ ਨੂੰ ਨੁਕਸਾਨ ਪਹੁੰਚਦਾ ਹੈ। ਕੇਂਦਰ ਸਰਕਾਰ ਅਸੂਲਾਂ ਦੇ ਅਧਾਰ ਤੇ ਇਨ੍ਹਾਂ ਮੰਗਾਂ ਨੂੰ ਮੰਨਣ ਦੀ ਬਜਾਏ ਸਿਰਫ ਇਹ ਦੇਖ ਰਹੀ ਹੈ ਕਿ ਕਾਂਗਰਸ ਪਾਰਟੀ ਨੂੰ ਆਉਣ ਵਾਲੀਆਂ ਚੋਣਾਂ ਵਿਚ ਪੰਜਾਬ ਅਤੇ ਗੁਆਂਢੀ ਰਾਜਾਂ ਵਿਚ ਇਸ ਨਾਲ ਕਿਸ ਤਰ੍ਹਾਂ ਨੁਕਸਾਨ ਜਾਂ ਫਾਇਦਾ ਹੁੰਦਾ ਹੈ। ਕੌਮੀ ਹਿੱਤਾਂ ਨੂੰ ਛਿਕੇ ਤੇ ਟੰਗ ਕੇ ਕਾਂਗਰਸੀ ਆਪਣੇ ਸੌੜੇ ਪਾਰਟੀ ਹਿਤਾਂ ਨੂੰ ਮੁਖ ਰਖ ਰਹੇ ਹਨ।

ਮੌਜੂਦਾ ਸੈਸ਼ਨ ਵਿਚ ਕਾਂਗਰਸ ਦੇ ਹੀ ਇਕ ਐਮ. ਪੀ. ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੇ ਕਾਂਗਰਸੀ ਲੀਡਰਾਂ ਤੇ ਸ਼ਰੇਆਮ ਇਹ ਦੋਸ਼ ਲਾਇਆ ਕਿ ਭਿੰਡਰਾਂ ਵਾਲੇ ਨੂੰ ਨੇਤਾ ਬਨਾਉਣ ਵਾਲੇ ਖੁਦ ਕਾਂਗਰਸੀ ਲੀਡਰ ਹਨ। ਹੋਮ ਮਿਨਿਸਰ ਪੀ. ਸੀ. ਸੇਠੀ ਨੇ ਮੰਨਿਆਂ ਕਿ ਉਨ੍ਹਾਂ ਤੋਂ ਗ਼ਲਤੀ ਹੋਈ ਹੈ।

ਅੱਜ ਦੇ ਰਾਸ਼ਟਰਪਤੀ—ਜਦ ਉਹ ਹੋਮ ਮਨਿਸਟਰ ਸਨ—ਤਾਂ ਕੇ ਦਿੱਲੀ ਵਿਖੇ ਖੁਲ੍ਹੇਆਮ ਭਿੰਡਰਾਂ ਦੇ ਪੈਰੀਂ ਹੱਥ ਲਾਏ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੀਆਂ ਚੋਣਾਂ ਵਿਚ ਕਾਗਰਸੀਆ ਨੇ ਭਿੰਡਰਾ ਵਾਲੇ ਦੇ ਸਾਥੀ ਭਾਈ ਅਮਰੀਕ ਸਿੰਘ ਜੋ ਕਿ ਅਕਾਲੀ ਦਲ ਦੇ ਨੁਮਾਇੰਦੇ ਜੀਵਨ ਸਿੰਘ ਉਮਰਾ ਨੰਗਲ ਦੇ ਵਿਰੁਧ ਖੜਾ ਸੀ-ਦੀ ਖੁਲ੍ਹੇਆਮ ਹਮਾਇਤ ਕੀਤੀ ਸੀ।

ਪੰਜਾਬ ਵਿਚ ਫਿਰਕਾ-ਪ੍ਰਸਤੀ ਨੂੰ ਉਭਾਰਨ ਵਾਲੀਆਂ ਤੇ ਹਿੰਸਾ ਦੀਆਂ ਜਿੰਨੀਆਂ ਵਾਰਦਾਤਾਂ ਹੋਈਆਂ ਹਨ—ਉਸ ਵਿਚ ਕਿਨ੍ਹਾਂ ਖ਼ਾਲਸਤਾਨੀਆਂ ਦਾ, ਕਿੰਨਾਂ ਕਾਂਗਰਸ ਦਾ ਤੇ ਕਿਨਾ ਸਰਕਾਰ ਦਾ ਰੋਲ ਹੈ ਇਹ ਤਾਂ ਹੌਲੀ ਹੌਲੀ ਹੀ ਪਤਾ ਲਗੇਗਾ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਕਾਂਗਰਸ ਦੀ ਚੋਣ ਨੀਤੀ ਨੂੰ ਕਾਫੀ ਫਾਇਦੇਮੰਦ ਸਿਧ ਹੋ ਰਹੀਆਂ ਹਨ। ਕਿਉਂਕਿ ਹਿੰਦੂ ਵੋਟਰ ਨੂੰ ਸਿੱਖ ਅੱਤਵਾਦੀਆਂ ਤੋਂ ਬਚਣ ਲਈ ਇਕੋ ਹੀ ਢੰਗ ਦਿਸ ਰਿਹਾ ਹੈ ਤੇ ਉਹ ਹੈ ਕਾਂਗਰਮ ਦੇ ਪਿਛਲਗਾ ਬਨਣਾ। ਫਿਰਕਾ ਪ੍ਰਸਤੀ ਫੈਲੇ ਪਰ ਉਨੀ ਜਿਨੀ ਉਨ੍ਹਾਂ ਦੇ ਕਾਬੂ ਤੋਂ ਬਾਹਰ ਨਾਂ ਹੋ ਜਾਵੇ—ਇਹ ਹੈ ਕਾਂਗਰਸੀ ਰਾਜਨੀਤੀ

Post Office No. P/AR—133
Registered with the Registrar, News Papers. Vide No. MA/12397-D dated 14.8.80

ਦਾ ਤੱਤ। ਬਿਲਕੁਲ ਇਹੀ ਰਾਜਨੀਤੀ ਕਾਂਗਰਸ ਨੇ ਨੇ ਅਸਾਮ ਵਿਚ ਵੀ ਖੇਡੀ—ਪਰ ਜਦ ਹਾਲਤ ਕਾਬੂ ਤੋਂ ਬਾਹਰ ਹੁੰਦੇ ਦਿਸੇ ਤਾਂ ਫਿਰ ਇਹ ਅੰਦੋਲਨ ਦਾ ਵਿਰੋਧ ਕਰਨ ਲੱਗੇ।

## (3) ਜਨਸੰਘ (ਭਾਰਤੀ ਜੰਤਾ ਪਾਰਟੀ), ਆਰ.ਐਸ. ਐਸ. ਤੇ ਹੋਰ ਭਾਂਤਾਂ ਦੇ ਹਿੰਦੂ ਫਿਰਕਾ ਪ੍ਰਸਤ

ਇਹ ਉਹ ਲੋਕ ਹਨ ਜਿਨ੍ਹਾਂ ਦਾ ਦਾਰੋਮਦਾਰ ਹੀ ਫਿਰਕਾਪ੍ਰਸਤੀ ਦੀ ਵਿਚਾਰਧਾਰਾ ਹੈ। ਪੰਜਾਬ ਵਿਚ ਇਨ੍ਹਾਂ ਦੇ ਲੀਡਰ ਤੇ ਅਖ਼ਬਾਰ ਅਕਾਲੀਆਂ ਵਲੋਂ ਕੀਤੀ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਬੇਹੱਦ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ। ਹਿੰਦੂ ਫਿਰਕਾਪ੍ਰਸਤ ਪ੍ਰੈੱਸ ਨੇ ਖ਼ਾਲਸਤਾਨ ਨੂੰ ਅਤੇ ਹਿੰਦੂਆਂ ਨੂੰ ਹਊਆ ਇਸ ਹੱਦ ਤੱਕ ਵਧਾ ਚੜ੍ਹਾ ਕੇ ਪੇਸ਼ ਕੀਤਾ ਹੋਇਆ ਹੈ ਕਿ ਆਮ ਹਿੰਦੂਆਂ ਨੂੰ ਅਕਾਲੀਆਂ ਦੀ ਕਿਸੇ ਮੰਗ ਨਾਲ ਵੀ ਕੋਈ ਹਮਦਰਦੀ ਨਹੀਂ—ਹਾਲਾਂ ਕਿ ਅਕਾਲੀਆਂ ਦੀਆਂ ਗ਼ੈਰ-ਧਾਰਮਿਕ ਮੰਗਾਂ ਸਾਰੇ ਪੰਜਾਬੀਆਂ ਦੀ ਮੰਗਾਂ ਹਨ।

ਇਹ ਹਿੰਦੂ ਫਿਰਕਾਪ੍ਰਸਤ ਲੀਡਰ ਹੀ ਸਨ, ਜਿਨ੍ਹਾਂ ਨੇ ਪੰਜਾਬੀ ਸੂਬੇ ਦੇ ਮਸਲੇ ਨੂੰ ਵੀ ਗਲਤ ਢੰਗ ਨਾਲ ਉਛਾਲਿਆ। ਉਨ੍ਹਾਂ ਵਿਚੋਂ ਕਈਆਂ ਨੇ ਖੁਲ੍ਹੇਆਮ ਹਿੰਦੂਆਂ ਨੂੰ ਸੱਦਾ ਦਿਤਾ ਕਿ ਉਹ ਆਪਣੀ ਮਾਤਰੀ ਭਾਸ਼ਾ ਹਿੰਦੀ ਲਿਖਵਾਉਣ। ਇਨ੍ਹਾਂ ਅਪੀਲਾਂ ਦੇ ਪ੍ਰਭਾਵ ਹੇਠ ਪੰਜਾਬੀ ਬੋਲਦੀ 'ਚ ਹਿੰਦੂਆਂ ਦੀ ਇਕ ਵਡੀ ਗਿਣਤੀ ਨੇ ਆਪਣੀ ਭਾਸ਼ਾ ਹਿੰਦੀ ਲਿਖਵਾਈ—ਜਿਸ ਦਾ ਸਿਟਾ ਇਹ ਹੋਇਆ ਕਿ ਬਹੁਤ ਸਾਰੇ ਪੰਜਾਬੀ ਬੋਲਦੇ ਹਿੰਦੂ ਅਬਾਦੀ ਵਾਲੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ। ਏਸੇ ਦਾ ਨਤੀਜਾ ਹੋਇਆ ਕਿ ਅਕਾਲੀਆਂ ਦੇ ਇਕ ਹਿਸੇ ਨੂੰ ਖਾਲਸਤਾਨ ਦਾ ਨਾਹਰਾ ਦੇਣ ਲਈ ਅਧਾਰ ਮਿਲ ਗਿਆ।

ਇਨ੍ਹਾਂ ਫਿਰਕੂ ਲੀਡਰਾਂ ਤੇ ਅਖਬਾਰਾਂ ਨੇ ਆਪਣੀ ਫਿਰਕੂ ਪਹੁੰਚ ਕਰਕੇ ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ ਅਤੇ ਪੰਜਾਬੀ ਇਤਿਹਾਸ ਨੂੰ ਤਹਿ ਦਿਲੋਂ ਅਪਣਾਇਆ ਨਾਂ। ਜਿਸ ਦਾ ਸਿਟਾ ਇਹ ਹੋਇਆ ਕਿ ਇਕਲੇ ਅਕਾਲੀ ਹੀ ਪੰਜਾਬੀ ਭਾਸ਼ਾ, ਸਭਿਆਚਾਰ ਤੇ ਇਤਿਹਾਸ ਦੇ ਵਾਰਸ ਬਣ ਬੈਠੇ—ਜਿਸ ਨੂੰ ਸਿੱਖ ਫਿਰਕਾਪ੍ਰਸਤਾਂ ਨੇ ਤੋੜ-ਮਰੋੜ ਕੇ ਖਾਲਸਤਾਨ ਦੇ ਪ੍ਰਚਾਰ ਲਈ ਵਰਤਿਆ।

## (4) ਸਾਮਰਾਜੀ ਸ਼ਕਤੀਆਂ :

ਸਮਾਜਵਾਦੀ ਸ਼ਕਤੀਆਂ ਨੂੰ ਕਮਜ਼ੋਰ ਕਰਨ ਲਈ ਤੇ ਜਮਾਤੀ ਸੰਘਰਸ਼ ਨੂੰ ਖੁੰਢਾ ਕਰਨ ਲਈ ਸਾਮਰਾਜੀ ਤਾਕਤਾਂ ਫਿਰਕਾਪ੍ਰਸਤੀ ਤੇ ਇਲਾਕਾਪ੍ਰਸਤੀ ਨੂੰ ਵਰਤਦੀਆਂ ਆ ਰਹੀਆਂ ਹਨ। ਅਜ ਕਲ ਤਾਂ ਇਨ੍ਹਾਂ ਦਾ ਦਾਰੋਮਦਾਰ ਇਲਾਕਾਪ੍ਰਸਤੀ ਤੇ ਫਿਰਕਾਪ੍ਰਸਤੀ ਤੇ ਬੇਹਦ ਵਧ ਗਿਆ ਹੈ। ਸਾਡੇ ਦੇਸ਼ ਵਿਚ ਹੀ ਨਹੀਂ ਸਗੋਂ ਸਾਡੇ ਗੁਆਂਢੀ ਦੇਸ਼ਾਂ ਵਿਚ ਵੀ ਇਹ ਹਥਿਆਰ ਕਾਫੀ ਸਫਲਤਾ ਨਾਲ ਵਰਤਿਆ ਜਾ ਰਿਹਾ ਹੈ। ਲੋਕਾਂ ਦੀ ਹੀ ਲੁਟ-ਖਸੁਟ ਤੋਂ ਕਮਾਏ ਪੈਸੇ ਦੇ ਜ਼ੋਰ ਨਾਲ ਇਹ ਸਾਮਰਾਜੀ ਲੋਟੂ ਸਮਾਜ ਨੂੰ ਜਿਉਂਦਾ ਰਖਣ ਲਈ ਹਰ ਤਰ੍ਹਾਂ ਦੇ ਘਟੀਆ ਹਥਕੰਡੇ ਵਰਤਦੇ ਹਨ!

ਖਾਲਸਤਾਨ ਬਨਾਉਣ ਦੀ ਚਾਲ ਵੀ ਇਨ੍ਹਾਂ ਹਥਕੰਡਿਆਂ ਵਿਚੋਂ ਇਕ ਹੈ। ਪਰ ਸਾਮਰਾਜੀਆਂ ਦੀ ਚਾਲ ਦੀ ਕਾਮਯਾਬੀ ਲਈ ਏਥੇ ਕੋਈ ਨਾਂ ਕੋਈ ਅਧਾਰ ਹੋਣਾ ਜ਼ਰੂਰੀ ਹੈ। ਅਨੰਦਪੁਰ ਦਾ ਮਤਾ ਹੀ ਏਸੇ ਤਾਂ ਅਧਾਰ ਬਣਾਇਆ ਜਾ ਰਿਹਾ ਹੈ ਤੇ ਸਿਖ ਧਾਰਮਕ ਜੰਨੂੰਨੀ ਇਸ ਨੂੰ ਅਧਾਰ ਬਨਾਉਣ ਵਿਚ ਪੂਰੀ ਟਿਲ ਲਾ ਰਹੇ ਹਨ! ਇਸ ਤਰ੍ਹਾਂ ਅਕਾਲੀ ਦਲ ਅਚੇਤ ਤੌਰ ਤੇ ਉਨ੍ਹਾਂ ਵਿਚੋਂ ਕੁਝ ਲੋਕ ਤੌਰ ਤੇ ਸਾਮਰਾਜੀਆਂ ਨੂੰ ਖਾਲਸਤਾਨ ਦੀ ਚਾਲ ਚਲਣ ਦਾ ਅਧਾਰ ਮੁਹਈਆ ਕਰ ਰਹੇ ਹਨ।

ਸਾਡੇ ਵਿਚਾਰ ਵਿਚ ਇਹ ਚਾਰੇ ਸ਼ਕਤੀਆਂ ਪੰਜਾਬ ਦਾ ਮਾਹੌਲ ਫਿਰਕੂ ਲੀਹਾਂ ਤੇ ਵਿਗਾੜਣ ਵਿਚ ਆਪਣਾ 2 ਹਿਸਾ ਪਾ ਰਹੀਆਂ ਹਨ। ਇਸ ਤੋਂ ਇਲਾਵਾ ਖਬੀਆਂ ਸ਼ਕਤੀਆਂ ਦਾ ਪੰਜਾਬ ਵਿਚ ਕਮਜ਼ੋਰ ਹੋਣਾ ਵੀ ਅਜੇਹੇ ਮਹੌਲ ਦੇ ਉਭਰਣ ਵਿਚ ਸਹਾਈ ਹੋ ਰਿਹਾ ਹੈ। ਮਾਰਕਸਵਾਦ—ਵਿਚਾਰਧਾਰਾ ਦੇ ਤੌਰ ਤੇ ਮਾਰਕਸਵਾਦ ਤੇ ਅਧਾਰਤ ਜਥੇਬੰਦੀਆਂ ਦੀ ਤਾਕਤ ਹੀ ਪੰਜਾਬ ਦੇ ਮਾਹੌਲ ਨੂੰ ਜਮਹੂਰੀ ਲੀਹਾਂ ਤੇ ਤੋਰ ਸਕਦੀ ਹੈ ਤੇ ਫਿਰਕਾਪ੍ਰਸਤੀ ਤੇ ਇਲਾਕਾ ਪ੍ਰਸਤੀ ਵਰਗੀਆਂ ਲਾਹਨਤਾਂ ਨੂੰ ਨੱਥ ਪਾ ਸਕਦੀ ਹੈ।

ਜਿਸ ਢੰਗ ਨਾਲ ਪ੍ਰੋ: ਭਾਰਦਵਾਜ ਨੇ ਆਪਣੇ ਮਾਰਕਸੀ ਵਕਾਰ ਦੀ ਦੁਰਵਰਤੋਂ ਕਰਦੇ ਹੋਏ, ਅਨੰਦਪੁਰ ਦੇ ਮਤੇ ਤੇ ਅਕਾਲੀਆਂ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਹੈਨ—ਉਸ ਨਾਲ ਯਕੀਨਨ ਉਨ੍ਹਾਂ ਨੇ ਮਾਰਕਸਵਾਦ ਨੂੰ ਠੇਸ ਮਾਰੀ ਹੈ!

ਇਸ ਤਰ੍ਹਾਂ ਆਪਣੀ ਵਿਚਾਰ-ਧਾਰਾ ਨੂੰ ਵੇਚ ਕੇ ਪ੍ਰੋਫੈਸਰ ਸਾਹਿਬ ਅਕਾਲੀਆਂ ਦੇ ਐਮ.ਐਲ. ਏ. ਤਾਂ ਬਣ ਸਕਦੇ ਹਨ, ਲੁਟੇ-ਪੁਟੇ ਜਾਂਦੇ ਲੋਕਾਂ ਦੇ ਨੁਮਾਇੰਦੇ ਨਹੀਂ।

**ਡਾ: ਸੁਚਾ ਸਿੰਘ 'ਗਿੱਲ'**

**ਡਾ: ਮਨਜੀਤ ਸਿੰਘ**